Punjabi Parwaz

# ਪੰਜਾਬੀ ਪਰਵਾਜ਼

ਅੰਕ 51ਵਾਂ (ਸ਼ਿਕਾਗੋ): 26 ਅਪਰੈਲ ਤੋਂ 9 ਮਈ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਨਿਓਟਿਆਂ-ਨਿਆਸਰਿਆਂ ਦਾ ਪੱਖ ਪੂਰਦੇ ਰਹੇ ਪੋਪ ਫਰਾਂਸਿਸ

**ਦਿਮਾਗ ਅਤੇ ਦਿਲ ਦਾ ਦੌਰਾ ਪੈਣ ਕਾਰਨ ਹੋਈ ਮੌਤ*

---

**ਗਾਜ਼ਾ ਜੰਗ ਨੂੰ ਨਸਲਕੁਸ਼ੀ ਕਿਹਾ ਸੀ ਪੋਪ ਫਰਾਂਸਿਸ ਨੇ*



**ਪੰਜਾਬੀ ਪਰਵਾਜ਼ ਬਿਊਰੋ**

ਕੈਥੋਲਿਕ ਇਸਾਈ ਭਾਈਚਾਰੇ ਦੇ ਧਾਰਮਿਕ ਮੁਖੀ ਪੋਪ ਫਰਾਂਸਿਸ ਚੱਲ ਵੱਸੇ ਹਨ। ਵੈਟੀਕਨ ਦੇ ਕਾਰਡੀਨਲ ਕੇਵਿਨ ਵੱਲੋਂ ਬੀਤੇ ਸੋਮਵਾਰ ਨੂੰ ਟੈਲੀਵਿਜ਼ਨ ਉੱਪਰ ਜਾਰੀ ਕੀਤੀ ਗਏ ਆਪਣੇ ਇੱਕ ਵੀਡੀਓ ਸੁਨੇਹੇ ਵਿੱਚ ਕਿਹਾ, "ਪਿਆਰੇ ਭੈਣੋ ਅਤੇ ਭਰਾਵੋ, ਮੈਂ ਬੇਹੱਦ ਦੁਖੀ ਹਿਰਦੇ ਨਾਲ ਸੂਚਿਤ ਕਰ ਰਿਹਾ ਹਾਂ ਕਿ ਪਵਿੱਤਰ ਪੋਪ ਫਰਾਂਸਿਸ ਸਾਡੇ ਵਿਚਕਾਰ ਨਹੀਂ ਰਹੇ ਹਨ।" ਉਹ 88 ਵਰ੍ਹਿਆਂ ਦੇ ਸਨ ਅਤੇ ਨਮੂਨੀਏ ਕਾਰਨ ਹੋਈਆਂ ਸਾਹ ਨਾਲ ਸੰਬੰਧਤ ਤਕਲੀਫਾਂ ਤੋਂ ਪੀੜਤ ਸਨ। ਉਨ੍ਹਾਂ ਬੀਤੀ 21 ਅਪਰੈਲ ਨੂੰ ਸਵੇਰੇ 7.35 'ਤੇ ਅੰਤਿਮ ਸਾਹ ਲਏ। ਦਿਮਾਗੀ ਦੌਰਾ (ਸਟਰੋਕ) ਅਤੇ ਇਸ ਕਾਰਨ ਦਿਲ ਫੇਲ੍ਹ ਹੋਣਾ ਉਨ੍ਹਾਂ ਦੀ ਮੌਤ ਦਾ ਕਾਰਨ ਬਣਿਆ। ਆਪਣੇ ਚਲਾਣੇ ਤੋਂ ਇੱਕ ਦਿਨ ਪਹਿਲਾਂ ਹੀ ਅਮਰੀਕਾ ਦੇ ਉੱਪ ਰਾਸ਼ਟਰਪਤੀ ਜੇ.ਡੀ. ਵੈਂਸ ਉਨ੍ਹਾਂ ਨੂੰ ਮਿਲ ਕੇ ਗਏ ਸਨ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇਟਲੀ ਦੀ ਪ੍ਰਧਾਨ ਮੰਤਰੀ ਮਿਲਾਨੀ ਜੋਲੀ ਸਮੇਤ ਦੁਨੀਆਂ ਭਰ ਦੇ ਆਗੂਆਂ ਨੇ ਉਨ੍ਹਾਂ ਦੇ ਚਲਾਣੇ 'ਤੇ ਅਫਸੋਸ ਪ੍ਰਗਟ ਕੀਤਾ ਹੈ।

ਪੋਪ ਫਰਾਂਸਿਸ ਦਾ ਪਿਛੋਕੜ ਇਟਾਲੀ ਮੂਲ ਦਾ ਸੀ, ਪਰ ਜਨਮ 1936 'ਚ ਅਰਜਨਟੀਨਾ ਵਿੱਚ ਹੋਇਆ ਸੀ। ਉਨ੍ਹਾਂ ਨੇ ਆਪਣੇ ਮੁਢਲੇ ਦੌਰ ਵਿੱਚ ਇੱਕ ਬਾਊਂਸਰ ਵਜੋਂ ਵੀ ਸੇਵਾਵਾਂ ਨਿਭਾਈਆਂ ਅਤੇ ਬਾਅਦ ਵਿੱਚ ਕੈਥੋਲਿਕ ਚਰਚ ਦੀਆਂ ਸੇਵਾਵਾਂ ਵੱਲ ਆ ਗਏ। ਉਨ੍ਹਾਂ ਪੋਪ ਬੈਨੇਡਿਕਟ 16ਵੇਂ ਦੇ ਅਚਾਨਕ ਅਸਤੀਫਾ ਦੇਣ ਤੋਂ ਬਾਅਦ ਸਾਲ 2013 ਵਿੱਚ ਪੋਪ ਵੈਟੀਕਨ ਦਾ ਅਹੁਦਾ ਸੰਭਾਲਿਆ ਸੀ। ਆਪਣੇ ਕਾਰਜਕਾਲ ਵਿੱਚ ਉਨ੍ਹਾਂ ਕੈਥੋਲਿਕ ਇਸਾਈ ਧਰਮ ਦਾ ਕਰਮ ਖੇਤਰ ਏਸ਼ੀਆ, ਦੱਖਣੀ ਅਮਰੀਕਾ ਅਤੇ ਅਫਰੀਕਾ ਸਮੇਤ ਦੁਨੀਆਂ ਭਰ ਦੇ ਘੱਟ ਵਿਕਾਸਸ਼ੀਲ ਦੇਸ਼ਾਂ ਤੱਕ ਪਸਾਰ ਦਿੱਤਾ ਸੀ। ਪੋਪ ਫਰਾਂਸਿਸ ਨੇ ਹਮੇਸ਼ਾ ਗਰੀਬ ਅਤੇ ਬੇਸਹਾਰਾ ਲੋਕਾਂ, ਸ਼ਰਨਾਰਥੀਆਂ, ਪਰਵਾਸੀਆਂ- ਇੱਥੋਂ ਤੱਕ ਕਿ ਗੈਰ-ਕਾਨੂੰਨੀ ਪਰਵਾਸੀਆਂ ਦੇ ਹਿੱਤ ਵਿੱਚ ਵੀ ਆਵਾਜ਼ ਉਠਾਈ। ਉਹ ਗੈਰ-ਕਾਨੂੰਨੀ ਪਰਵਾਸੀਆਂ ਦੇ ਸਮੁੰਦਰ ਅਤੇ ਜੰਗਲੀ ਰਸਤਿਆਂ ਵਿੱਚ ਮਾਰੇ ਜਾਣ 'ਤੇ ਦੁਖ ਪ੍ਰਗਟ ਕਰਦੇ ਰਹੇ। ਪੋਪ ਫਰਾਂਸਿਸ ਕੈਥੋਲਿਕ ਇਸਾਈ ਧਰਮ ਦੇ ਆਦਰਸ਼ਾਂ ਨੂੰ ਅਸਲ ਅਰਥਾਂ ਵਿੱਚ ਜੀਣ ਵਾਲੇ ਮਹਾਂਪੁਰਖ ਸਨ। ਉਨ੍ਹਾਂ ਕੈਨੇਡਾ ਦੇ

⇒ ਬਾਕੀ ਸਫਾ 16 ਉਤੇ ਪੜ੍ਹੋ

## ਪੰਜਾਬ ਦੀ ਅਕਾਲੀ ਸਿਆਸਤ ਇਤਿਹਾਸਕ ਚੌਰਸਤੇ ਉਤੇ

**ਜਸਵੀਰ ਸਿੰਘ ਸ਼ੀਰੀ**

ਅਕਾਲੀ ਸਿਆਸਤ ਹਾਲ ਦੀ ਘੜੀ ਜਿਸ ਤਰ੍ਹਾਂ ਬਿਖਰੀ ਹੋਈ ਹੈ, ਉਸ ਵਿੱਚੋਂ ਕਿਸ ਧਿਰ ਦਾ ਭਵਿੱਖ ਵਿੱਚ ਉਭਾਰ ਹੋਵੇਗਾ, ਉਸ ਬਾਰੇ ਹਾਲ ਦੀ ਘੜੀ ਕਿਆਸ ਅਰਾਈਆਂ ਹੀ ਹੋ ਸਕਦੀਆਂ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਅਕਾਲੀ ਦਲ (ਬਾਦਲ) ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਆਮ ਆਦਮੀ ਪਾਰਟੀ 94 ਸੀਟਾਂ ਨਾਲ ਪੰਜਾਬ ਵਿੱਚ ਤਕਰੀਬਨ ਹੂੰਝਾ ਫੇਰ ਗਈ ਸੀ। ਇਸ ਹਾਰ ਤੋਂ ਬਾਅਦ ਅਕਾਲੀ ਦਲ (ਬਾਦਲ) ਵਿੱਚ ਜਿਹੜੀ ਨਿਰਾਸ਼ਾ ਫੈਲੀ, ਉਸ ਕਾਰਨ ਪਾਰਟੀ ਵਿੱਚ ਇੱਕ ਵੱਡੀ ਦੁਫੇੜ ਉਭਰ ਆਈ। ਇਸ ਦੁਫੇੜ ਨੇ ਸਿੱਖ ਸਿਆਸੀ ਸਪੇਸ ਵਿੱਚ ਕੁਝ ਦਿਲਚਸਪ ਵਰਤਾਰੇ ਸਾਹਮਣੇ ਲਿਆਂਦੇ ਹਨ। ਪਾਰਟੀ ਦਾ ਇੱਕ ਧੜਾ ਆਪਣੇ ਸਿਆਸੀ ਗੁਨਾਹਾਂ ਦੀਆਂ ਭੁੱਲਾਂ ਬਖਸ਼ਾਉਣ ਲਈ ਅਕਾਲ ਤਖਤ ਸਾਹਿਬ 'ਤੇ ਚਲਾ ਗਿਆ, ਜਿਸ ਕਾਰਨ ਤਕਰੀਬਨ ਪੂਰੀ ਅਕਾਲੀ ਲੀਡਰਸ਼ਿੱਪ ਨੂੰ 2 ਦਸੰਬਰ ਨੂੰ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਣਾ ਪਿਆ। ਅਕਾਲ ਤਖਤ ਸਾਹਿਬ ਵੱਲੋਂ ਲਗਾਈ ਗਈ ਧਾਰਮਿਕ ਸਜ਼ਾ ਤਾਂ ਭਾਵੇਂ ਲੀਡਰਸ਼ਿੱਪ ਨੇ ਪੂਰੀ ਕਰ ਲਈ, ਪਰ ਉਸ ਦੇ ਸਿਆਸੀ ਹਿੱਸੇ ਨੂੰ ਅਕਾਲੀ ਦਲ ਦੀ ਲੀਡਰਸ਼ਿੱਪ ਨੇ ਨਕਾਰ ਦਿੱਤਾ।

ਯਾਦ ਰਹੇ, ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਕਾਲੀ ਦਲ ਬਾਦਲ ਦੀ ਲੀਡਰਸ਼ਿੱਪ ਨੂੰ 'ਸਿੱਖ ਕੌਮ ਦੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗੁਆ ਚੁੱਕੀ' ਕਰਾਰ ਦਿੱਤਾ ਸੀ ਅਤੇ ਅਗਲੇ ਛੇ ਮਹੀਨੇ ਵਿੱਚ ਨਵੇਂ ਅਕਾਲੀ ਦਲ ਦੀ ਭਰਤੀ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਇੱਕ 7 ਮੈਂਬਰੀ ਭਰਤੀ ਕਮੇਟੀ ਦਾ ਗਠਨ ਕਰ ਦਿੱਤਾ ਸੀ। ਅਕਾਲੀ ਦਲ ਦੇ ਬਾਦਲ ਧੜੇ ਵੱਲੋਂ ਆਨੀ ਬਹਾਨੀਂ ਇਸ ਕਮੇਟੀ ਰਾਹੀਂ ਨਵੀਂ ਭਰਤੀ ਦੇ ਆਦੇਸ਼ ਨੂੰ ਨਾਕਾਰ ਦਿੱਤਾ ਗਿਆ ਅਤੇ ਆਪਣੇ ਵੱਲੋਂ ਹੀ ਨਵੀਂ ਭਰਤੀ ਦੀ ਇੱਕ ਸਿਆਸੀ ਸਰਕਸ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੂੰ ਮੁੜ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ। ਇਸ ਪਿਛੋਂ ਇੱਕ ਪਾਸੇ ਤਾਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਅਤੇ ਉਨ੍ਹਾਂ ਦੀ ਥਾਂ ਉੱਘੇ ਕਥਾਵਾਚਕ ਕੁਲਦੀਪ ਸਿੰਘ ਗੜਗੱਜ ਨੂੰ ਅਕਾਲ ਤਖਤ ਸਾਹਿਬ ਦਾ ਨਵਾਂ ਕਾਰਜਕਾਰੀ ਜਥੇਦਾਰ ਨਿਯੁਕਤ ਕਰ ਦਿੱਤਾ ਗਿਆ। ਦੂਜੇ ਪਾਸੇ, ਆਪਣੇ ਧੜੇ ਵਿੱਚ ਸੁਖਬੀਰ ਸਿੰਘ ਬਾਦਲ ਨੇ ਆਪਣੀ ਲੀਡਰਸ਼ਿੱਪ ਨੂੰ ਪੱਕੇ ਪੈਰੀਂ ਕਰਨਾ ਸ਼ੁਰੂ ਕਰ ਦਿੱਤਾ। ਜਥੇਦਾਰ ਕੁਲਦੀਪ ਸਿੰਘ ਗੜਗੱਜ ਦੇ ਭਾਰੀ ਸਿੱਖ ਵਿਰੋਧ ਦੇ ਮੱਦੇਨਜ਼ਰ ਜਿਸ ਤਰ੍ਹਾਂ ਲੁਕ ਛਿਪ ਕੇ ਤਾਜ਼ਪੋਸ਼ੀ ਕੀਤੀ ਗਈ, ਇਸ 'ਤੇ ਵੀ ਸੁਆਲ ਉਠ ਰਹੇ ਹਨ। ਇਸ ਕਾਰਨ ਹਰਨਾਮ ਸਿੰਘ ਧੁੰਮਾਂ ਦੀ ਅਗਵਾਈ ਵਿੱਚ ਦਮਦਮੀ ਟਕਸਾਲ ਅਤੇ ਕਈ ਹੋਰ ਸਿੱਖ ਸੰਸਥਾਵਾਂ ਇਸ ਨਿਯੁਕਤੀ ਨੂੰ ਮਾਨਤਾ ਦੇਣ ਤੋਂ ਆਕੀ ਹਨ।

ਇਸ ਸਮੁੱਚੇ ਹਾਲਾਤ ਵਿੱਚ ਦੋਹਾਂ ਪ੍ਰਮੁੱਖ ਅਕਾਲੀ ਦਲਾਂ ਵਿਚਕਾਰ ਦੁਫੇੜ ਹੋਰ ਵਧ ਗਈ ਹੈ। ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਕਾਲ ਤਖਤ ਸਾਹਿਬ ਵੱਲੋਂ ਕਾਇਮ ਕੀਤੀ ਗਈ ਭਰਤੀ ਕਮੇਟੀ ਤੋਂ ਪਹਿਲਾਂ ਹੀ ਅਸਤੀਫਾ ਦੇ ਚੁੱਕੇ ਹਨ ਅਤੇ ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਬਾਕੀ ਪੰਜ ਮੈਂਬਰਾਂ ਨੂੰ ਨਵੇਂ ਅਕਾਲੀ ਦਲ ਦੀ ਭਰਤੀ ਲਈ ਅੱਗੇ ਵਧਣ ਦਾ ਆਦੇਸ਼ ਦਿੱਤਾ ਹੋਇਆ ਹੈ। ਇਸ ਆਦੇਸ਼ ਤਹਿਤ ਪੰਜ ਮੈਂਬਰੀ ਭਰਤੀ ਕਮੇਟੀ ਜਿਸ ਵਿੱਚ ਮਨਪ੍ਰੀਤ ਸਿੰਘ ਇਆਲੀ, ਗੁਰਪ੍ਰਤਾਪ ਸਿੰਘ ਵਡਾਲਾ, ਸੰਤਾ ਸਿੰਘ ਉਮੈਦਪੁਰੀ ਅਤੇ ਸ਼ਹੀਦ ਭਾਈ ਅਮਰੀਕ ਸਿੰਘ ਦੀ ਧੀਅ ਬੀਬੀ ਸਤਵੰਤ ਕੌਰ ਸ਼ਾਮਲ ਹਨ, ਵੱਲੋਂ ਨਵੀਂ

⇒ ਬਾਕੀ ਸਫਾ 16 ਉਤੇ ਪੜ੍ਹੋ









# ਅਮਰੀਕਾ ਦੇ ਉੱਪ ਰਾਸ਼ਟਰਪਤੀ ਜੇ.ਡੀ. ਵੈਂਸ ਦਾ ਭਾਰਤ ਦੌਰਾ

## *ਦੁਵੱਲੇ ਰਣਨੀਤਿਕ, ਫੌਜੀ ਅਤੇ ਵਪਾਰਕ ਸਹਿਯੋਗ ਅੱਗੇ ਵਧਣ ਦੀ ਪੇਸ਼ਨਗੋਈ

ਪੰਜਾਬੀ ਪਰਵਾਜ਼ ਬਿਊਰੋ

ਅਮਰੀਕਾ ਦੇ ਉੱਪ ਰਾਸ਼ਟਰਪਤੀ ਜੇ.ਡੀ. ਵੈਂਸ ਇਨ੍ਹੀਂ ਦਿਨੀਂ ਭਾਰਤ ਦੇ ਦੌਰੇ 'ਤੇ ਹਨ। ਉਹ ਆਪਣੀ ਪਤਨੀ ਅਤੇ ਦੋ ਬੱਚਿਆਂ ਨਾਲ ਭਾਰਤ ਪੁਜੇ ਹਨ। ਉਨ੍ਹਾਂ ਦੀ ਪਤਨੀ ਭਾਰਤੀ ਮੂਲ ਦੀ ਹੈ। ਉਨ੍ਹਾਂ ਬੀਤੇ ਦਿਨ ਅਕਸ਼ਰਧਾਮ ਮੰਦਰ ਦੇ ਦਰਸ਼ਨਾਂ ਤੋਂ ਇਲਾਵਾ ਪ੍ਰਧਾਨ ਮੰਤਰੀ ਨਾਲ ਡਿਨਰ 'ਤੇ ਇੱਕ ਗੈਰ-ਰਸਮੀ ਮੁਲਾਕਾਤ ਕੀਤੀ। ਇਸ ਮੌਕੇ ਕਈ ਹੋਰ ਕੇਂਦਰੀ ਮੰਤਰੀ ਵੀ ਮੌਜੂਦ ਸਨ।

ਅਮਰੀਕੀ ਉੱਪ ਰਾਸ਼ਟਰਪਤੀ ਦੇ ਨਿੱਘੇ ਸਵਾਗਤ ਤੋਂ ਬਾਅਦ ਦੋਹਾਂ ਆਗੂਆਂ ਵਿੱਚ ਦੁਵੱਲੇ ਵਪਾਰ ਨੂੰ ਵਧਾਉਣ ਸੰਬੰਧੀ ਅਹਿਮ ਗੱਲਬਾਤ ਹੋਈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਤੋਂ ਬਾਅਦ ਆਪਸੀ ਵਪਾਰ ਦੇ ਖੇਤਰ ਵਿੱਚ ਹੋਈ ਗੱਲਬਾਤ ਉੱਤੇ ਤਸੱਲੀ ਜਾਹਰ ਕੀਤੀ। ਅਮਰੀਕੀ ਅਧਿਕਾਰੀਆਂ ਦਾ ਇੱਕ ਵਫਦ ਵੀ ਉੱਪ ਰਾਸ਼ਟਰਪਤੀ ਦੇ ਨਾਲ ਭਾਰਤ ਪੁੱਜਾ ਹੈ। ਜੇ.ਡੀ. ਵੈਂਸ ਨਾਲ ਗੱਲਬਾਤ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਆਪਣੀ ਇੱਕ ਸੋਸ਼ਲ ਪੋਸਟ ਵਿੱਚ ਕਿਹਾ ਕਿ ਮੇਰੀ ਅਮਰੀਕਾ ਫੇਰੀ ਤੋਂ ਬਾਅਦ ਦੋਵੇਂ ਮੁਲਕ ਵੱਖ-ਵੱਖ ਖੇਤਰਾਂ ਵਿੱਚ ਆਪਸੀ ਸਹਿਯੋਗ ਲਈ ਤੇਜ਼ੀ ਨਾਲ ਅੱਗੇ ਵਧ ਰਹੇ ਹਨ। ਦੋਹਾਂ ਆਗੂਆਂ ਦੀ ਇਸ ਮੀਟਿੰਗ ਵਿੱਚ ਵਿਦੇਸ਼ੀ ਮਾਮਲਿਆਂ ਬਾਰੇ ਮੰਤਰੀ ਐਸ. ਜੈਸ਼ੰਕਰ ਅਤੇ ਪ੍ਰਧਾਨ ਮੰਤਰੀ ਦੇ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਵੀ ਸ਼ਮੂਲੀਅਤ ਕੀਤੀ। ਪ੍ਰਧਾਨ ਮੰਤਰੀ ਨੇ ਆਪਣੀ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਦੋਨਾਂ ਮੁਲਕਾਂ ਨੇ ਆਪਸੀ ਰਣਨੀਤਿਕ ਸਹਿਯੋਗ ਦੇ ਮਾਮਲੇ ਵਿੱਚ ਗਿਣਨਯੋਗ ਤਰੱਕੀ ਕੀਤੀ ਹੈ। ਯਾਦ ਰਹੇ, ਦੋਵੇਂ ਆਗੂ ਇਸੇ ਸਾਲ ਫਰਵਰੀ ਮਹੀਨੇ ਵਿੱਚ ਪੈਰਿਸ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਬਾਰੇ ਹੋਈ ਇੱਕ ਕਾਨਫਰੰਸ ਦੌਰਾਨ ਮਿਲੇ ਸਨ। ਇਸ ਕਾਨਫਰੰਸ ਤੋਂ ਤੁਰੰਤ ਬਾਅਦ ਪ੍ਰਧਾਨ ਮੰਤਰੀ ਸਿੱਧੇ ਅਮਰੀਕਾ ਚਲੇ ਗਏ ਸਨ।

ਦੋਹਾਂ ਆਗੂਆਂ ਨੇ ਸੰਸਾਰ ਵਿੱਚ ਖੜ੍ਹੇ ਹੋ ਰਹੇ ਕਈ ਹੋਰ ਮੁੱਦਿਆਂ 'ਤੇ ਵੀ ਗੱਲਬਾਤ ਕੀਤੀ ਅਤੇ ਇਨ੍ਹਾਂ ਨੂੰ ਨਜਿੱਠਣ ਲਈ ਜੰਗ ਦੀ ਥਾਂ ਗੱਲਬਾਤ ਤੇ ਕੂਟਨੀਤੀ ਨੂੰ ਪਹਿਲ ਦੇਣ 'ਤੇ ਸਹਿਮਤੀ ਪ੍ਰਗਟ ਕੀਤੀ। ਦੋਹਾਂ ਆਗੂਆਂ ਦੀ ਮੀਟਿੰਗ ਤੋਂ ਬਾਅਦ ਭਾਰਤ ਅਤੇ ਅਮਰੀਕਾ ਵੱਲੋਂ ਵੱਖੋ ਵੱਖਰੇ ਬਿਆਨ ਜਾਰੀ ਕੀਤੇ ਗਏ। ਭਾਰਤ ਨੇ 2047 ਤੱਕ ਦੇਸ਼ ਨੂੰ ਇੱਕ ਵਿਕਸਤ ਮੁਲਕ ਬਣਾਉਣ ਦਾ ਜ਼ਿਕਰ ਕੀਤਾ,



ਅਮਰੀਕੀ ਉੱਪ ਰਾਸ਼ਟਰਪਤੀ ਜੇ.ਡੀ. ਵੈਂਸ ਤੇ ਪਰਿਵਾਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ

ਜਦਕਿ ਅਮਰੀਕੀ ਬਿਆਨ ਵਿੱਚ ਕਿਹਾ ਗਿਆ ਕਿ ਦੋਹਾਂ ਮੁਲਕਾਂ ਵਿੱਚ ਆਪਸੀ ਸਹਿਯੋਗ ਅਮਰੀਕਾ ਨੂੰ ਮੁੜ ਮਹਾਨ ਮੁਲਕ ਬਣਾਉਣ ਵਿੱਚ ਮਦਦ ਕਰੇਗਾ। ਇਸ ਨਾਲ ਨੌਕਰੀਆਂ ਵੀ ਪੈਦਾ ਹੋਣਗੀਆਂ।

ਇੱਥੇ ਜ਼ਿਕਰਯੋਗ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਵੇਲੇ ਦੋਹਾਂ ਮੁਲਕਾਂ ਦੇ ਆਗੂਆਂ ਨੇ ਸਹਿਮਤੀ ਬਣਾਈ ਸੀ ਕਿ 2030 ਤੱਕ ਆਪਸੀ ਵਪਾਰ 500 ਬਿਲੀਅਨ ਡਾਲਰ ਤੱਕ ਪਹੁੰਚਾਇਆ ਜਾਵੇਗਾ। ਇਸ ਫੇਰੀ ਦੌਰਾਨ 'ਕੰਪੈਕਟ' (ਕੈਟਾਲਾਈਜ਼ਿੰਗ ਆਪਰਚਿਉਨਿਟੀ ਫਾਰ ਮਿਲਟਰੀ ਪਾਰਟਨਰਸ਼ਿੱਪ, ਐਗਜ਼ਲਰੇਟਿੰਗ ਕਾਮਰਸ ਐਂਡ ਟੈਕਨਾਲੋਜੀ) ਦੇ ਸੰਕਲਪ 'ਤੇ ਆਪਸੀ ਸਹਿਮਤੀ ਬਣ ਗਈ ਸੀ। ਇਸ ਨੂੰ ਅਮਲ ਵਿੱਚ ਲਿਆਉਣ ਲਈ ਦੋਵੇਂ ਧਿਰਾਂ ਇਸ ਮਿਲਣੀ ਵਿੱਚ ਹਿੱਸਾ ਲੈ ਰਹੀਆਂ ਹਨ। ਆਪਸੀ ਗੱਲਬਾਤ ਅੱਗੇ ਤੁਰਦੀ ਹੈ ਤਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਭਾਰਤ ਦਾ ਦੌਰਾ ਕਰਨਗੇ।

ਅਸਲ ਵਿੱਚ ਦੁਨੀਆਂ ਭਰ ਦੇ ਮੁਲਕਾਂ 'ਤੇ ਅਮਰੀਕਾ ਵੱਲੋਂ 26% ਟੈਰਿਫ ਲਗਾਉਣ ਦੇ 2 ਅਪ੍ਰੈਲ ਦੇ ਐਲਾਨ ਤੋਂ ਬਾਅਦ ਨਵੇਂ ਸਿਰੇ ਤੋਂ ਆਪਸੀ ਜੋੜ-ਤੋੜ ਸ਼ੁਰੂ ਹੋ ਗਏ ਹਨ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਇਸ ਦਿਨ ਨੂੰ 'ਲਿਬਰੇਸ਼ਨ ਡੇਅ' ਦਾ ਨਾਂ ਦਿੱਤਾ ਸੀ। ਅਸਲ ਵਿੱਚ ਟੈਰਿਫ ਦਾ ਡਰਾਵਾ ਦੇ ਕੇ ਅਮਰੀਕਾ ਸਾਰੀ ਦੁਨੀਆਂ ਨਾਲ ਹੋ ਰਹੇ ਆਪਣੇ ਵਪਾਰ ਘਾਟੇ ਨੂੰ ਘਟਾਉਣਾ ਚਾਹੁੰਦਾ ਹੈ। ਚੀਨ ਨੂੰ ਛੱਡ ਕੇ ਬਾਅਦ ਵਿੱਚ ਅਮਰੀਕਾ ਨੇ ਨਵੇਂ ਟੈਰਿਫ ਲਗਾਉਣ ਦਾ ਮਾਮਲਾ 90 ਦਿਨਾਂ ਲਈ ਅੱਗੇ ਪਾ ਦਿੱਤਾ ਹੈ। ਚੀਨ ਅਤੇ ਅਮਰੀਕਾ ਵਿਚਕਾਰ ਇੱਕ ਦੂਜੇ ਨਾਲੋਂ ਵਧ ਕੇ ਟੈਰਿਫ ਲਗਾਉਣ ਦੀ ਮੁਕਾਬਲੇਬਾਜ਼ੀ ਹਾਲੇ ਵੀ ਜਾਰੀ ਹੈ। ਲੰਘੀ 22 ਅਪਰੈਲ ਨੂੰ ਅਮਰੀਕਾ ਦੇ ਉੱਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ ਜੈਪੁਰ ਦੀਆਂ ਵਿਰਾਸਤੀ ਇਮਾਰਤਾਂ ਅਤੇ ਅਜਮੇਰ ਸ਼ਰੀਫ ਦੇ ਦਰਸ਼ਨ ਕੀਤੇ।

ਯਾਦ ਰਹੇ, ਵੈਂਸ ਦੀ ਭਾਰਤ ਫੇਰੀ ਤੋਂ ਐਨ ਪਹਿਲਾਂ ਅਤੇ ਨਵੀਂ ਗੱਲਬਾਤ ਦਾ ਆਗਾਜ਼ ਕਰਨ ਤੋਂ ਐਨ ਅੱਗੋਂ ਅਮਰੀਕਾ ਨੇ ਭਾਰਤ ਵਿੱਚ ਲੋੜੀਂਦੇ ਇੱਕ ਗੈਂਗਸਟਰ ਹੈਪੀ ਪਾਸ਼ੀਆ ਨੂੰ ਗ੍ਰਿਫਤਾਰ ਕਰਕੇ ਆਪਣੇ ਵੱਲੋਂ ਸਕਾਰਾਤਮਕ ਸੰਕੇਤ ਦੇਣ ਦਾ ਯਤਨ ਕੀਤਾ ਹੈ। ਯਾਦ ਰਹੇ, ਬਾਇਡਨ ਸਰਕਾਰ ਵੇਲੇ ਚਰਚਿਤ ਗਰਮਖਿਆਲੀ ਨੇਤਾ ਗੁਰਪਤਵੰਤ ਸਿੰਘ ਪੰਨੂੰ 'ਤੇ ਹਮਲੇ ਦੀ ਕਥਿਤ ਸਾਜ਼ਿਸ਼ ਬੇਪਰਦ ਹੋਣ ਤੋਂ ਬਾਅਦ ਦੋਹਾਂ ਮੁਲਕਾਂ ਵਿਚਕਾਰ ਆਪਸੀ ਸੰਬੰਧ ਕਾਫੀ ਤਣਾਅਪੂਰਨ ਹੋ ਗਏ ਸਨ। ਕੁਝ ਦਿਨ ਪਹਿਲਾਂ ਗੁਰਪਤਵੰਤ ਸਿੰਘ ਪੰਨੂੰ ਵੱਲੋਂ ਪੰਜਾਬ ਵਿੱਚ ਦਲਿਤ ਵਰਗ ਦੇ ਮਸੀਹਾ ਡਾ. ਭੀਮ ਰਾਉ ਅੰਬੇਦਕਰ ਦੇ ਬੁੱਤਾਂ ਨੂੰ ਨੁਕਸਾਨ ਪਹੁੰਚਾਉਣ ਦੀ ਜ਼ਿੰਮੇਵਾਰੀ ਲਈ ਗਈ ਸੀ। ਅੰਮ੍ਰਿਤਸਰ ਵਿੱਚ ਇਹ ਭੰਨ-ਤੋੜ ਇੱਕ ਸਿੱਖ ਚਿਹਰੇ ਵਾਲੇ ਨੌਜੁਆਨ ਵੱਲੋਂ ਕੀਤੀ ਗਈ।

ਇਹ ਘਟਨਾ ਅਸਲ ਵਿੱਚ ਪੰਜਾਬ ਦੇ ਸਿੱਖਾਂ ਅਤੇ ਦਲਿਤ ਤਬਕਿਆਂ ਵਿੱਚ ਦੁਫੇੜ ਖੜੀ ਕਰਨ ਦੇ ਮਕਸਦ ਨਾਲ ਕੀਤੀ ਗਈ ਜਾਪਦੀ ਸੀ। ਅਜਿਹੀਆਂ ਘਟਨਾਵਾਂ ਭਾਜਪਾ ਦੀ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਲਈ ਤਿਆਰ ਕੀਤੀ ਜਾ ਰਹੀ ਰਣਨੀਤੀ ਦੇ ਅਸਲ ਵਿੱਚ ਰਾਸ ਆਉਂਦੀਆਂ ਹਨ। ਕੀ ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਮੌਜੂਦਾ ਵਾਰਤਾਵਾਂ ਦੇ ਸੰਦਰਭ ਵਿੱਚ ਵੇਖਿਆ ਜਾ ਸਕਦਾ ਹੈ? ਕੀ ਅਮਰੀਕਾ ਇਨ੍ਹਾਂ ਮਾਮਲਿਆਂ ਨੂੰ ਤੂਲ ਦੇ ਕੇ ਭਾਰਤ ਨੂੰ ਬਲੈਕਮੇਲ ਕਰਨ ਦਾ ਯਤਨ ਕਰ ਰਿਹਾ ਹੈ? ਇਨ੍ਹਾਂ ਸਵਾਲ ਦਾ ਜੁਆਬ ਪਾਠਕਾਂ ਦੀ ਸੂਝ 'ਤੇ ਛੱਡਦੇ ਹਾਂ! ਇਨ੍ਹਾਂ ਸਮਝੌਤਿਆਂ ਦਾ ਇੱਕ ਹੋਰ ਪੱਖ ਅਮਰੀਕੀ ਖੇਤੀ ਪੈਦਾਵਾਰ ਨੂੰ ਭਾਰਤ ਵਿੱਚ ਐਕਸਪੋਰਟ ਕਰਨ ਦਾ ਹੈ। ਅਮਰੀਕਾ ਵੱਲੋਂ ਆਪਣੇ ਕਿਸਾਨਾਂ ਨੂੰ ਅਸਿੱਧੇ ਤੌਰ 'ਤੇ 100 ਫੀਸਦੀ ਸਬਸਿਡੀ ਦਿੱਤੀ ਜਾਂਦੀ ਹੈ, ਇਸ ਕਾਰਨ ਇਹ ਦੇਸੀ ਖੇਤੀ ਪੈਦਾਵਾਰ ਨਾਲੋਂ ਸਸਤੇ ਪੈਂਦੇ ਹਨ। ਜੇ ਇਸ ਸੰਬੰਧ ਵਿੱਚ ਸਮਝੌਤਾ ਹੋ ਜਾਂਦਾ ਹੈ ਤਾਂ ਪੰਜਾਬ ਸਮੇਤ ਸਾਰੇ ਮੁਲਕ ਦੇ ਛੋਟੇ ਮਧਲੇ ਕਿਸਾਨਾਂ ਦੀ ਬਰਬਾਦੀ ਦਾ ਮੁਢ ਬੱਝ ਜਾਵੇਗਾ। ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਦੇ ਆਗੂ ਪਹਿਲਾਂ ਹੀ ਇਸ ਮਸਲੇ 'ਤੇ ਚਿੰਤਾ ਜਾਹਰ ਕਰ ਰਹੇ ਹਨ ਅਤੇ ਆਖ ਰਹੇ ਹਨ ਕਿ ਉਪਰੋਕਤ ਸਥਿਤੀ ਦਾ ਸਾਹਮਣਾ ਕਰਨ ਲਈ ਉਨ੍ਹਾਂ ਨੂੰ ਕੋਈ ਵੱਡਾ ਅੰਦੋਲਨ ਖੜ੍ਹਾ ਕਰਨ ਦੀ ਲੋੜ ਪਏਗੀ।




17115 W. Bluemound Rd, Suite D1, Brookfield, WI 53005

We Do Catering
ਅਸੀਂ ਕੇਟਰਿੰਗ ਵੀ ਕਰਦੇ ਹਾਂ

ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



BOLLYWOOD Grill
Restaurant - Bar - Banquet
1038 N. Jackson St,
Milwaukee, WI 53202

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

We Also Provide
Onsite Tandoor Service For
Fresh Naan & KABABS and
Onsite Fresh DOSA Service.

ਫੋਨ: 262-894-0913
ਜਾਂ 414-588-3325



SAKHI ATTIRE
Rupi Sidhu
• Bridal Lehenga
• Party Lehenga
• Punjabi Suit
• Co Ord Sets
• Kallire
• Punjabi Jutti
• Jewellery
• Chuda
May 3rd, 4th and 10th
At National India hub
930 National Pkwy
Schaumburg, IL 60173
May 18th
At Bollywood Grill
1038 N Jackson St
Milwaukee, WI 53202
Rupi Sidhu
630-415-7389
sakhi. attire
rupisidhu30@gmail.com

# ਪੰਜਾਬ ਦੀ ਕਿਸਾਨ ਆਰਥਿਕਤਾ ਹੁਣ ਆਫਤਾਂ ਦੇ ਹਵਾਲੇ

**ਜਸਵੀਰ ਸਿੰਘ ਮਾਂਗਟ**

***ਅੱਗ ਬੁਝਾਊ ਮਹਿਕਮੇ ਦੀ ਮਾੜੀ ਕਾਰਗੁਜ਼ਾਰੀ *ਪੰਜਾਬ ਦੇ ਲੋਕਾਂ ਨੂੰ ਆਪਣੇ ਖਿੱਤੇ ਦੇ ਵਿਕਾਸ ਪ੍ਰਤੀ ਸੁਚੇਤ ਹਣ ਦੀ ਲੋੜ***

ਪੰਜਾਬ ਵਿੱਚ ਸਿਆਲ ਦਾ ਮੌਸਮ ਇਸ ਵਾਰ ਕਣਕ ਦੀ ਫਸਲ ਦੇ ਕਾਫੀ ਅਨੁਕੂਲ ਰਿਹਾ ਹੈ। ਤਕਰੀਬਨ ਅਪਰੈਲ ਦੇ ਪਹਿਲੇ ਹਫਤੇ ਤੱਕ ਨਾ ਤੇ ਬਹੁਤੀ ਗਰਮੀ ਨੇ ਕਣਕਾਂ ਨੂੰ ਪ੍ਰਭਾਵਿਤ ਕੀਤਾ ਅਤੇ ਨਾਲ ਹੀ ਬਾਰਸ਼ ਅਤੇ ਝੱਖੜ-ਝਾਂਜੇ ਤੋਂ ਵੀ ਬਚਾਅ ਰਿਹਾ। ਸਗੋਂ ਰਾਤਾਂ ਨੂੰ ਹੋਣ ਵਾਲੀ ਠੰਡ ਕਾਰਨ ਕਣਕ ਨੂੰ ਦਾਣਾ ਭਰਵਾਂ ਪਿਆ। ਬਸ ਇੱਕ ਅੰਮ੍ਰਿਤਸਰ, ਤਰਨਤਾਰਨ ਅਤੇ ਗੁਰਦਾਸਪੁਰ ਦਾ ਛੋਟਾ ਜਿਹਾ ਇਲਾਕਾ ਸੀ, ਜਿਸ ਵਿੱਚ ਮਾਰਚ ਮਹੀਨੇ ਵਿੱਚ ਬਾਰਸ਼, ਤੇਜ਼ ਹਵਾ ਤੋਂ ਇਲਾਵਾ ਗੜਿਆਂ ਨੇ ਫਸਲਾਂ 'ਤੇ ਮਾਰ ਕੀਤੀ। ਪੰਜਾਬ ਖੇਤੀਬਾੜੀ ਵਿਭਾਗ ਅਤੇ ਖੇਤੀਬਾੜੀ ਯੂਨੀਵਰਸਿਟੀ ਦੋਹਾਂ ਨੇ ਇਸ ਵਾਰ ਬੰਪਰ ਫਸਲ ਦੀ ਉਮੀਦ ਕੀਤੀ ਹੋਈ ਹੈ।

ਪਰ ਅਪਰੈਲ ਦਾ ਦੂਜਾ ਹਫਤਾ ਖਤਮ ਹੋਣ ਤੋਂ ਬਾਅਦ ਮੌਸਮੀ ਕਰੋਪੀ ਨੇ ਪੰਜਾਬ ਦੇ ਕਈ ਖੇਤਰਾਂ ਵਿੱਚ ਆਪਣੇ ਰੰਗ ਵਿਖਾਉਣੇ ਸ਼ੁਰੂ ਕੀਤੇ। 17-18 ਅਤੇ 19 ਅਪਰੈਲ ਨੂੰ ਪੰਜਾਬ ਦੇ ਪਟਿਆਲਾ, ਭਵਾਨੀਗੜ੍ਹ, ਸੰਗਰੂਰ, ਮਾਨਸਾ, ਫਿਰੋਜ਼ਪੁਰ, ਲੁਧਿਆਣਾ, ਮੋਗਾ, ਮੁਕਤਸਰ ਸਾਹਿਬ, ਫਤਿਹਗੜ੍ਹ ਸਾਹਿਬ, ਮੁਹਾਲੀ, ਗੁਰਦਾਸਪੁਰ, ਰੋਪੜ, ਪਠਾਨਕੋਟ, ਹੁਸ਼ਿਆਰਪੁਰ ਤੇ ਜਲੰਧਰ ਆਦਿ ਜ਼ਿਲ੍ਹਿਆਂ ਵਿੱਚ ਭਰਵਾਂ ਮੀਹ ਪਿਆ ਅਤੇ ਤੇਜ਼ ਹਵਾਵਾਂ ਚੱਲੀਆਂ। ਇਸ ਨਾਲ ਖੇਤਾਂ ਵਿੱਚ ਵਾਢੀ ਲਈ ਤਿਆਰ ਖੜ੍ਹੀ ਫਸਲ ਢਹਿ ਗਈ ਅਤੇ ਮੰਡੀਆਂ ਵਿੱਚ ਪਈ ਕਣਕ ਭਿੱਜ ਗਈ। ਇਸ ਕਿਸਮ ਦੀ ਕੁਦਰਤੀ ਮਾਰ ਨੂੰ ਤੇ ਕਿਸਾਨ ਰੱਬ ਦਾ ਭਾਣਾ ਜਾਣ ਕੇ ਵੀ ਜਰ ਸਕਦੇ ਹਨ, ਪਰ ਦੁਖਦਾਈ ਗੱਲ ਇਹ ਹੈ ਕਿ ਇਸ ਕੁਦਰਤੀ ਕਰੋਪੀ ਤੋਂ ਬਾਅਦ ਖੇਤਾਂ ਵਿੱਚ ਖੜ੍ਹੀ ਫਸਲ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਉਣ ਲੱਗੀਆਂ। ਪੰਜਾਬ ਦੇ ਵੱਖ-ਵੱਖ ਖੇਤਰਾਂ ਦੇ ਪਿੰਡਾਂ ਵਿੱਚ ਤਕਰੀਬਨ 1000 ਏਕੜ ਫਸਲ ਦੇ ਸੜ ਜਾਣ ਦੀਆਂ ਖ਼ਬਰਾਂ ਹਨ। ਕਣਕਾਂ ਦੇ ਹੋਏ ਕੁਦਰਤੀ ਖ਼ਰਾਬੇ ਲਈ ਭਾਵੇਂ ਪੰਜਾਬ ਸਰਕਾਰ ਨੇ ਸੰਬੰਧਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਤੇਜ਼ੀ ਨਾਲ ਗਿਰਦਾਵਰੀਆਂ ਕਰਵਾਉਣ ਦੇ ਹੁਕਮ ਦਿੱਤੇ ਹਨ, ਪਰ ਇਸ ਸੰਦਰਭ ਵਿੱਚ ਇਹ ਸ਼ਿਕਾਇਤਾਂ ਵੀ ਸਾਹਮਣੇ ਆਈਆਂ ਹਨ ਕਿ 'ਆਪ' ਸਰਕਾਰ ਅਧੀਨ ਪਿਛਲੇ ਸਾਲਾਂ ਵਿੱਚ ਕਿਸਾਨਾਂ ਦੀਆਂ ਫਸਲਾਂ ਨੂੰ ਪਈ ਕੁਦਰਤੀ ਮਾਰ ਜਾਂ ਮਨੁੱਖੀ ਅਣਗਹਿਲੀ ਕਾਰਨ ਜੋ ਨੁਕਸਾਨ ਹੋਏ, ਉਨ੍ਹਾਂ ਦੇ ਮੁਆਵਜ਼ੇ ਵੀ ਸਰਕਾਰ ਵੱਲ ਬਕਾਇਆ ਖੜ੍ਹੇ ਹਨ।

ਅਜਿਹੀਆਂ ਦੁਖਦਾਈ ਘਟਨਾਵਾਂ ਉਦੋਂ ਸਾਹਮਣੇ ਆ ਰਹੀਆਂ ਹਨ, ਜਦੋਂ ਹਾਲਾਂ ਕੁਝ ਸਮਾਂ ਪਹਿਲਾਂ ਹੀ ਪੰਜਾਬ ਸਰਕਾਰ ਖਨੌਰੀ ਅਤੇ ਸ਼ੰਭੂ ਬਾਰਡਰਾਂ 'ਤੇ ਕਿਸਾਨਾਂ ਦੇ ਲੱਗੇ ਧਰਨੇ ਚਲਾਕੀ ਅਤੇ ਧੱਕੇਸ਼ਾਹੀ ਨਾਲ ਚੁਕਵਾ ਕੇ ਹਟੀ ਹੈ। ਇਸੇ ਕਾਰਨ ਕਿਸਾਨਾਂ ਵਿੱਚ ਪੰਜਾਬ ਸਰਕਾਰ ਖਿਲਾਫ ਇੱਕ ਵਿਆਪਕ ਰੋਸ ਦੀ ਲਹਿਰ ਹੈ। ਕਿਸਾਨ ਆਵਾਮ ਵਿੱਚ ਇਹ ਵੀ ਸਮਝਿਆ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਨਾਲ ਮਿਲ ਕੇ ਕਿਸਾਨ ਹਿੱਤਾਂ ਦੇ ਖਿਲਾਫ ਕੰਮ ਕਰ ਰਹੀ ਹੈ। ਇਸ ਦੇ ਕਾਰਨ 'ਆਪ' ਦੇ ਅਸੈਂਬਲੀ ਮੈਂਬਰਾਂ ਅਤੇ ਕਿਸਾਨ ਜਥੇਬੰਦੀਆਂ ਵਿਚਕਾਰ ਅੜ-ਫਸ ਹੋ ਰਹੀ ਹੈ। ਕਿਸਾਨ ਪਿੰਡਾਂ ਵਿੱਚ ਜਾਣ ਵਾਲੇ ਸਰਕਾਰੀ ਪ੍ਰਤੀਨਿਧਾਂ ਨੂੰ ਕਸੂਤੇ ਸਵਾਲ ਕਰਨ ਲੱਗੇ ਹਨ। ਅੱਗੇ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਆ ਰਹੀ ਹੈ। ਇਸ ਚੋਣ ਵਿੱਚ 'ਆਪ', ਅਕਾਲੀ ਦਲ ਅਤੇ ਕਾਂਗਰਸ ਨੇ ਆਪੋ-ਆਪਣੇ ਉਮੀਦਵਾਰ ਐਲਾਨੇ ਹੋਏ ਹਨ। ਇਸ ਚੋਣ ਵਿੱਚ ਸਰਕਾਰ ਦਾ ਵੱਕਾਰ ਪੂਰੀ ਤਰ੍ਹਾਂ ਦਾਅ 'ਤੇ ਲੱਗਾ ਹੋਇਆ ਹੈ। ਜ਼ਿਮਨੀ ਚੋਣਾਂ ਦੇ ਨਤੀਜੇ ਆਮ ਤੌਰ 'ਤੇ ਸਰਕਾਰੀ ਹੱਕ ਵਿੱਚ ਹੀ ਭੁਗਤਦੇ ਹਨ। ਫਿਰ ਵੀ ਇਸ ਚੋਣ ਦੇ ਨਤੀਜੇ ਦੇ ਦੂਰ-ਰਸ ਪ੍ਰਭਾਵ ਪੈਣ ਦੀ ਸੰਭਾਵਨਾ ਹੈ। ਖਾਸ ਕਰਕੇ ਉਸ ਵਕਤ, ਜਦੋਂ ਪੰਜਾਬ ਦਾ ਕਿਸਾਨ ਤਬਕਾ ਸਮੂਹਿਕ ਤੌਰ 'ਤੇ ਸਰਕਾਰ ਨਾਲ ਨਾਰਾਜ਼ ਹੈ।

ਇਸ ਹਾਲਤ ਵਿੱਚ ਕਿਸਾਨਾਂ ਦੇ ਆਰਥਿਕ ਹਰਜ਼ਾਨੇ ਦੀਆਂ ਘਟਨਾਵਾਂ ਬਲਦੀ 'ਤੇ ਤੇਲ ਪਾਉਣਗੀਆਂ। ਬੀਤੀ 17-18 ਅਪਰੈਲ ਨੂੰ ਪੰਜਾਬ ਦੇ ਫਿਰੋਜ਼ਪੁਰ, ਮਾਨਸਾ, ਬਠਿੰਡਾ, ਮੋਗਾ, ਮੁਕਤਸਰ ਅਤੇ ਮਾਨਸਾ ਆਦਿ ਜ਼ਿਲ੍ਹਿਆਂ



ਵਿੱਚ ਤਕਰੀਬਨ ਇੱਕ ਹਜ਼ਾਰ ਏਕੜ ਫਸਲ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵਾਪਰੀਆਂ। ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਰਿਪੋਰਟਾਂ ਅਨੁਸਾਰ ਬਹੁਤੀਆਂ ਥਾਵਾਂ 'ਤੇ ਸਰਕਾਰ ਦਾ ਕੋਈ ਕਾਰਿੰਦਾ ਵਿਖਾਈ ਨਹੀਂ ਦਿੱਤਾ। ਕਈ ਥਾਵਾਂ 'ਤੇ ਸਰਕਾਰ ਦੀਆਂ ਅੱਗ ਬੁਝਾਊ ਗੱਡੀਆਂ ਖੇਤ ਸੜ ਜਾਣ ਪਿੱਛੋਂ ਸਵਾਹ 'ਤੇ ਪਾਣੀ ਮਾਰ ਕੇ ਤੁਰ ਗਈਆਂ। ਇਕੱਲੇ ਮੋਗਾ ਜ਼ਿਲ੍ਹੇ ਦੇ ਪਿੰਡ ਵੈਰੋਕੇ ਵਿੱਚ 300 ਏਕੜ ਫਸਲ ਦੇ ਸੜ ਜਾਣ ਦੀਆਂ ਖਬਰਾਂ ਹਨ। ਮੁਕਤਸਰ ਜ਼ਿਲ੍ਹੇ ਦੇ ਇੱਕ ਪਿੰਡ ਦੂਹੇਵਾਲ ਵਿੱਚ 80 ਏਕੜ ਫਸਲ ਸੜ ਜਾਣ ਦੀ ਖ਼ਬਰ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਪਿੰਡਾਂ ਵਿੱਚੋਂ ਕਣਕ ਦੀ ਪੱਕੀ ਫਸਲ ਨੂੰ ਅੱਗ ਲੱਗਣ ਦੀਆਂ ਖਬਰਾਂ ਮਿਲ ਰਹੀਆਂ ਹਨ। ਪੰਜਾਬ ਦੇ ਊਰਜਾ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਅੱਗ ਦੀਆਂ ਘਟਨਾਵਾਂ 'ਤੇ ਕਾਬੂ ਪਾਉਣ ਲਈ ਕੰਟਰੋਲ ਰੂਮ ਸਥਾਪਤ ਕਰ ਦਿੱਤਾ ਗਿਆ ਹੈ। ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਬੇਹੱਦ ਸੁਹਿਰਦ ਅਕਾਲੀ ਆਗੂ ਜਗਦੇਵ ਸਿੰਘ ਖੁੱਡੀਆਂ ਦੇ ਸਪੁੱਤਰ ਹਨ। ਕਿਸਾਨਾਂ ਦੇ ਦੁੱਖ ਦਰਦ ਨੇੜੇ ਤੋਂ ਸਮਝਦੇ ਵੀ ਹਨ; ਤਾਂ ਵੀ ਪੰਜਾਬ ਵਿੱਚ ਵਿਆਪਕ ਰੂਪ ਵਿੱਚ ਪੱਕੀ ਖੜ੍ਹੀ ਕਣਕ ਦੀ ਫਸਲ ਦੀ ਸੁਰੱਖਿਆ ਪ੍ਰਤੀ ਅਣਗਹਿਲੀ ਸਮਝੋਂ ਬਾਹਰ ਹੈ।

ਕਣਕ ਦੀ ਫਸਲ ਦੇ ਸੰਬੰਧ ਵਿੱਚ ਇਹ ਪੱਖ ਨੋਟ ਕਰਨ ਵਾਲਾ ਹੈ ਕਿ ਅਪਰੈਲ ਦੇ ਅੱਧ ਤੋਂ ਮਈ ਦੇ ਪਹਿਲੇ ਹਫਤੇ ਤੱਕ ਪੰਜਾਬ ਵਿੱਚ ਕਣਕ ਦੀ ਫਸਲ ਸਮੂਹਿਕ ਰੂਪ ਵਿੱਚ ਪੱਕੀ ਖੜ੍ਹੀ ਹੁੰਦੀ ਹੈ। ਪੰਜਾਬ ਦੇ ਕਿਸੇ ਇੱਕ ਕੋਨੇ ਵਿੱਚ ਲੱਗਣ ਵਾਲੀ ਅੱਗ ਤੇਜ਼ ਹਵਾ ਨਾਲ ਮਿਲ ਕੇ ਵੱਡੀ ਤਬਾਹੀ ਮਚਾ ਸਕਦੀ ਹੈ। ਇਸ ਕਿਸਮ ਦੀਆਂ ਘਟਨਾਵਾਂ ਹਰ ਆਏ ਸਾਲ ਵਾਪਰਦੀਆਂ ਹਨ। ਕੁਝ ਸਾਲ ਪਹਿਲਾਂ ਲੁਧਿਆਣਾ ਜ਼ਿਲ੍ਹੇ ਦੇ ਮਲੌਦ-ਪਾਇਲ ਖੇਤਰ ਵਿੱਚ ਹਜ਼ਾਰਾਂ ਏਕੜ ਖੜ੍ਹੀ ਫਸਲ ਸੜ ਗਈ ਸੀ। ਇਸ ਦੇ ਨਾਲ ਕਈ ਪਿੰਡਾਂ ਦੇ ਕਿਸਾਨਾਂ ਦੇ ਘਰ, ਗੁੱਜਰਾਂ ਦੇ ਡੇਰੇ ਅਤੇ ਡੰਗਰ-ਵੱਛਾ ਵੀ ਸੜ ਮਰਿਆ ਸੀ। ਮੁੱਕਦੀ ਗੱਲ, ਪੰਜਾਬ ਵਿੱਚ ਕੋਈ ਸਾਲ ਅਜਿਹਾ ਨਹੀਂ ਲੰਘਦਾ ਜਦੋਂ ਕਣਕ ਦੀ ਖੜ੍ਹੀ ਫਸਲ ਨੂੰ ਅੱਗ ਨਾ ਲੱਗਦੀ ਹੋਵੇ। ਇਸ ਦੇ ਬਾਵਜੂਦ ਨਾ ਤੇ ਕਿਸੇ ਪਿਛਲੀ ਸਰਕਾਰ ਨੇ ਅਤੇ ਨਾ ਹੀ ਹੁਣ ਵਾਲੀ ਸਰਕਾਰ ਨੇ ਕੋਈ ਸਬਕ ਸਿੱਖੇ ਹਨ। ਸਾਲ ਵਿੱਚ ਦੋ ਫਸਲਾਂ ਪੰਜਾਬ ਵਿੱਚ ਵੱਡੀ ਪੱਧਰ 'ਤੇ ਪੱਕਦੀਆਂ ਹਨ। ਇਨ੍ਹਾਂ ਦੇ ਰੱਖ ਰਖਾਅ ਅਤੇ ਸੁਰੱਖਿਆ ਲਈ ਸਰਕਾਰਾਂ (ਕੇਂਦਰ ਨੂੰ ਵੀ ਤੇ ਪੰਜਾਬ ਸਰਕਾਰ ਨੂੰ ਵੀ) ਬੇਹੱਦ ਗੰਭੀਰ ਯਤਨ ਕਰਨੇ ਚਾਹੀਦੇ ਹਨ। ਮੌਸਮੀ ਤਬਦੀਲੀਆਂ ਕਾਰਨ ਵਾਪਰਨ ਵਾਲੀਆਂ ਕੁਦਰਤੀ ਆਫਤਾਂ ਤਾਂ ਚਲੋ ਸਰਕਾਰ ਦੇ ਵੱਸੋਂ ਵੀ ਬਾਹਰ ਹੋ ਸਕਦੀਆਂ ਹਨ, ਪਰ ਆਮ ਹਾਲਤ ਵਿੱਚ ਮਨੁੱਖੀ ਅਣਗਹਿਲੀ ਕਾਰਨ ਜਾਂ ਕਿਸੇ ਸਰਕਾਰੀ ਮਹਿਕਮੇ ਦੀ ਗਲਤੀ ਕਰਕੇ ਕਿਸਾਨਾਂ ਦੀ ਪੱਕੀ ਫਸਲ ਸੜ ਜਾਵੇ, ਇਸ ਨੂੰ ਤੇ ਪੰਜਾਬ ਸਰਕਾਰ ਦੀ ਨਾਲਾਇਕੀ ਹੀ ਸਮਝਿਆ ਜਾ ਸਕਦਾ ਹੈ।

ਸਮਝਣ ਵਾਲੀ ਗੱਲ ਅਸਲ ਵਿੱਚ ਇਹ ਹੈ ਕਿ ਲੁਧਿਆਣਾ ਅਤੇ ਬਠਿੰਡਾ ਸਮੇਤ ਪੰਜਾਬ ਦੇ ਕੁਝ ਸ਼ਹਿਰਾਂ ਵਿੱਚ ਇੱਕ ਸੀਮਤ ਜਿਹਾ ਸਨਅਤੀਕਰਨ ਹੋਣ ਦੇ ਬਾਵਜੂਦ ਪੰਜਾਬ ਦੀ ਆਰਥਿਕਤਾ ਦੀ ਧੁਰੀ ਅੱਜ ਵੀ ਮੁੱਖ ਤੌਰ 'ਤੇ ਹਾੜ੍ਹੀ (ਕਣਕ) ਤੇ ਸਾਉਣੀ (ਝੋਨਾ) ਦੀਆਂ ਫਸਲਾਂ ਦੇ ਦੁਆਲੇ ਹੀ ਘੁੰਮਦੀ ਹੈ। ਇਨ੍ਹਾਂ ਦੋ ਫਸਲਾਂ ਕਰਕੇ ਪੰਜਾਬ ਦੀ ਮੁਕੰਮਲ ਮਾਰਕਿਟ ਵਿੱਚੋਂ ਹਰ ਸਾਲ ਤਕਰੀਬਨ 80,000 ਹਜ਼ਾਰ ਕਰੋੜ ਰੁਪਿਆ ਘੁੰਮਦਾ ਹੈ। ਪੰਜਾਬ ਵਿੱਚ ਆਉਣ ਵਾਲਾ ਇਹ ਸਰਮਾਇਆ ਪੰਜਾਬ ਦੇ ਗੈਰ-ਜ਼ਮੀਨੇ ਤਬਕਿਆਂ ਤੱਕ ਵੀ ਪਹੁੰਚਦਾ ਹੈ। ਇਸੇ ਲਈ ਇਨ੍ਹਾਂ ਦੋਵੇਂ ਫਸਲਾਂ ਦੇ ਪੱਕਣ ਵੇਲੇ ਇਨ੍ਹਾਂ ਦੀ ਸੁਰੱਖਿਆ ਅਤੇ ਸਾਂਭ-ਸੰਭਾਲ ਯਕੀਨੀ ਬਣਾਉਣ ਲਈ ਵੱਡੇ ਯਤਨ ਕਰਨੇ ਚਾਹੀਦੇ ਹਨ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਵੀ ਇਸ ਮਕਸਦ ਲਈ ਸਰਕਾਰ 'ਤੇ ਦਬਾਅ ਪਾਉਣਾ ਚਾਹੀਦਾ ਹੈ। ਮਿਸਾਲ ਦੇ ਤੌਰ 'ਤੇ ਪੰਜਾਬ ਵਿੱਚ ਹਾੜੀ ਦੀ ਫਸਲ ਪੱਕਣ ਵੇਲੇ ਸਾਰੀਆਂ ਨਹਿਰਾਂ ਕੱਸੀਆਂ, ਸੂਇਆਂ, ਛੱਪੜਾਂ, ਮੋਟਰਾਂ ਦੇ ਚੁਬੱਚਿਆਂ ਵਗੈਰਾ ਵਿੱਚ ਇੰਨਾ ਕੁ ਪਾਣੀ ਜ਼ਰੂਰ ਮੌਜੂਦ ਹੋਣਾ ਚਾਹੀਦਾ ਹੈ ਕਿ ਲੋੜ ਪੈਣ 'ਤੇ ਇਸ ਨੂੰ ਅੱਗ ਬੁਝਾਊ ਕਾਰਜਾਂ ਲਈ ਵਰਤਿਆ ਜਾ ਸਕੇ। ਇਸ ਸੀਜ਼ਨ ਵੇਲੇ ਸਰਕਾਰ ਨੂੰ ਆਪਣਾ ਅੱਗ ਬੁਝਾਊ ਅਮਲਾ ਸਾਜ਼ੋ-ਸਮਾਨ ਸਮੇਤ ਬਲਾਕ ਪੱਧਰ 'ਤੇ ਤਾਇਨਾਤ ਕਰ ਦੇਣਾ ਚਾਹੀਦਾ ਹੈ। ਇਹ ਮੁਲਾਜ਼ਮ ਕਿਸੇ ਵੀ ਸਮੇ ਖੜ੍ਹੀ ਹੋਣ ਵਾਲੀ ਐਮਰਜੈਂਸੀ ਲਈ ਪੱਬਾਂ ਭਾਰ ਹੋਣੇ ਚਾਹੀਦੇ ਹਨ। ਬੀ.ਡੀ.ਓ. ਪੱਧਰ ਦੇ ਅਧਿਕਾਰੀ ਇਸ ਸਮੇਂ ਇਨ੍ਹਾਂ ਦੇ ਨਿਗਰਾਨ ਨਿਯੁਕਤ ਕੀਤੇ ਜਾਣੇ ਚਾਹੀਦੇ ਹਨ। ਇਸ ਤਰ੍ਹਾਂ ਫਸਲ ਨੂੰ ਅੱਗ ਲੱਗਣ ਦੀ ਸੂਰਤ ਵਿੱਚ ਅੱਗ ਬੁਝਾਊ ਅਮਲਾ ਘਟਨਾ ਸਥਾਨ 'ਤੇ ਤੁਰੰਤ ਪਹੁੰਚ ਸਕਦਾ ਹੈ।

ਇੱਥੇ ਇਹ ਤੱਥ ਵੀ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ ਕਿ ਖੇਤੀ ਨੂੰ ਅਣਗੌਲਿਆਂ ਕਰਕੇ ਪੰਜਾਬ ਕੋਈ ਚੱਜ ਦਾ ਆਰਥਿਕ ਢਾਂਚਾ ਨਹੀਂ ਖੜ੍ਹਾ ਕਰ ਸਕਦਾ; ਜਦਕਿ ਖੇਤੀ ਨੂੰ ਆਧਾਰ ਬਣਾ ਕੇ ਅਣਮਿਣੀ ਤਰੱਕੀ ਕਰ ਸਕਦਾ। ਖੇਤੀ ਤੋਂ ਬਿਨਾ ਹੋਣ ਵਾਲੀ ਤਰੱਕੀ ਵਿੱਚ ਪੰਜਾਬੀ/ਸਿੱਖ ਕੌਮੀਅਤ, ਪੰਜਾਬੀ ਭਾਸ਼ਾ ਅਤੇ ਇਸ ਨਾਲ ਜੁੜਿਆ ਸੱਭਿਆਚਾਰ ਗੁਆਚ ਜਾਵੇਗਾ। ਕਥਿਤ ਵਿਕਾਸ ਦੀ ਇਹ ਦੌੜ ਸਾਨੂੰ ਬਹੁਤ ਮਹਿੰਗੀ ਪਏਗੀ। ਇਸੇ ਲਈ ਪੰਜਾਬ ਵਿੱਚੋਂ ਨਿਕਲਣ ਵਾਲੇ ਵੱਡੇ ਹਾਈਵੇਅ ਅਤੇ ਰੇਲਵੇ ਲਾਈਨਾਂ ਨੂੰ ਵੀ ਇਸ ਤਰ੍ਹਾਂ ਬਣਇਆ ਜਾਣਾ ਚਾਹੀਦਾ ਹੈ ਕਿ ਇਹ ਪੰਜਾਬ ਦੀ ਜ਼ਰਖੇਜ ਜ਼ਮੀਨ ਨੂੰ ਹੜੱਪ ਨਾ ਕਰ ਜਾਣ। ਸਾਡੇ ਲਾਗੇ ਚੀਨ ਤੇ ਜਪਾਨ ਨੇ ਇਸ ਕਿਸਮ ਦੇ ਕ੍ਰਿਸ਼ਮੇ ਕੀਤੇ ਹਨ। ਸਾਨੂੰ ਗੁਆਂਢ ਮੱਥਿਉਂ ਹੀ ਮੱਤ ਲੈ ਲੈਣੀ ਚਾਹੀਦੀ ਹੈ। ਪੰਜਾਬ ਦੀਆਂ ਸਾਰੀਆਂ ਸੜਕਾਂ, ਰੇਲਵੇ ਲਾਈਨਾਂ ਅਤੇ ਨਵੇਂ ਬਣਾਏ ਜਾ ਰਹੇ ਹਾਈਵੇ ਪਾਣੀ ਦੇ ਕੁਦਰਤੀ ਵਹਾ ਨੂੰ ਬੰਨ੍ਹ ਮਾਰਦੇ ਹਨ। ਇਨ੍ਹਾਂ ਰੇਲਵੇ ਲਾਈਨਾਂ, ਹਾਈਵੇਜ਼ ਨਾਲ ਪੰਜਾਬ ਨੇ ਸੜਕਾਂ ਦੇ ਜੋੜਿਆਂ ਵਿਚਕਾਰ 'ਵਾਟਰ ਚੈਂਬਰਾਂ' ਵਿੱਚ ਵੰਡੇ ਜਾਣਾ ਹੈ। ਇਸ ਨਾਲ ਆਉਣ ਵਾਲੇ ਸਮੇਂ ਵਿੱਚ ਪੰਜਾਬ, ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਹੜ੍ਹਾਂ ਦੀ ਮਾਰ ਬਹੁਤ ਵਧ ਜਾਵੇਗੀ। ਇਹ ਮਾਮਲੇ ਇਨ੍ਹਾਂ ਹਾਈਵੇਜ਼ ਨੂੰ ਬਣਾਏ ਜਾਣ ਤੋਂ ਪਹਿਲਾਂ ਨਜਿੱਠੇ ਜਾਣੇ ਚਾਹੀਦੇ ਹਨ।







# ਖਾਲਸਾ ਸਾਜਨਾ ਦਿਵਸ ਸਬੰਧੀ ਪੈਲਾਟਾਈਨ ਗੁਰੂਘਰ ‘ਚ ਰੌਣਕਾਂ

**ਕੁਲਜੀਤ ਦਿਆਲਪੁਰੀ**





**ਸ਼ਿਕਾਗੋ:** ਵਿਸਾਖੀ ਦੇ ਜਸ਼ਨ ਮਨਾਉਂਦਿਆਂ ਜੇ ਇਹ ਕਹਿ ਲਿਆ ਜਾਵੇ ਕਿ ਅਮਰੀਕਾ ਵਿੱਚ ਸਿੱਖ ਭਾਈਚਾਰਾ ਧਾਰਮਿਕ ਵਿਰਾਸਤ ਅਤੇ ਸੱਭਿਆਚਾਰ ਦੇ ਨਾਤੂਏ ਨਾਲ ਜੁੜਿਆ ਹੋਇਆ ਭਾਈਚਾਰਾ ਹੈ, ਤਾਂ ਕੋਈ ਅਤਿਕਥਨੀ ਨਹੀਂ। ਮਿਡਵੈਸਟ ਦੇ ਵੱਖ-ਵੱਖ ਗੁਰੂ ਘਰਾਂ ਵਿੱਚ ‘ਖਾਲਸਾ ਸਾਜਨਾ ਦਿਵਸ’ ਅਤੇ ‘ਵਿਸਾਖੀ’ ਦੀਆਂ ਭਰਪੂਰ ਰੌਣਕਾਂ ਸਨ। ਗੁਰਦੁਆਰਾ ਪੈਲਾਟਾਈਨ ਸਮੇਤ ਗੁਰਦੁਆਰਾ ਦੀਵਾਨ ਐਵੇਨਿਊ-ਸ਼ਿਕਾਗੋ, ਗੁਰਦੁਆਰਾ ਬਰੁੱਕਫੀਲਡ, ਸਿੱਖ ਰਿਲੀਜੀਅਸ ਸੁਸਾਇਟੀ-ਕਰਾਊਨ ਪੁਆਇੰਟ, ਗੁਰੂ ਨਾਨਕ ਸੁਸਾਇਟੀ-ਸਿਨਸਿਨੈਟੀ, ਗੁਰਦੁਆਰਾ ਓਕ ਕਰੀਕ ਸਮੇਤ ਹੋਰਨਾਂ ਗੁਰੂਘਰਾਂ ਵਿੱਚ ਵਿਸ਼ੇਸ਼ ਦੀਵਾਨ ਸਜੇ ਅਤੇ ਗੁਰਬਾਣੀ ਕੀਰਤਨ, ਢਾਡੀ ਵਾਰਾਂ ਤੇ ਕਥਾ-ਵਿਆਖਿਆ ਦੇ ਪਰਵਾਹ ਚੱਲੇ।

ਗੁਰਦੁਆਰਾ ਪੈਲਾਟਾਈਨ ਵਿੱਚ ਵਿਸਾਖੀ ਸਬੰਧੀ 14 ਅਪਰੈਲ, ਸੋਮਵਾਰ ਨੂੰ ਸ਼ਾਮ ਦੇ ਦੀਵਾਨ ਖਾਸ ਤੌਰ ‘ਤੇ ਸਜਾਏ ਗਏ। ਕੰਮਕਾਰ ਵਾਲਾ ਦਿਨ ਹੋਣ ਦੇ ਬਾਵਜੂਦ ਲੋਕ ਉਚੇਚਾ ਦੀਵਾਨਾਂ ਵਿੱਚ ਸ਼ਾਮਲ ਹੋਏ। ਇਸ ਤੋਂ ਇਲਾਵਾ ਵਿਸ਼ੇਸ਼ ਸਮਾਗਮਾਂ ਦੀ ਅਰੰਭਤਾ 18 ਅਪਰੈਲ ਨੂੰ ਅਖੰਡ ਪਾਠ ਦੀ ਅਰੰਭਤਾ ਨਾਲ ਹੋਈ ਅਤੇ 20 ਅਪਰੈਲ ਨੂੰ ਭੋਗ ਉਪਰੰਤ ਬਾਅਦ ਦੁਪਹਿਰ ਤੱਕ ਦੀਵਾਨ ਸਜੇ ਰਹੇ। ਐਤਵਾਰ ਨੂੰ ਤਾਂ ਦੀਵਾਨ ਹਾਲ ਅਤੇ ਲੰਗਰ ਹਾਲ ਖਚਾਖਚ ਭਰੇ ਹੋਏ ਸਨ। ਗੁਰਬਾਣੀ ਕੀਰਤਨ ਤੇ ਢਾਡੀ ਵਾਰਾਂ ਦਾ ਰਸ ਲੈਣ ਵਾਲੇ ਦੀਵਾਨ ਹਾਲ ਵਿੱਚ ਸਜੇ ਬੈਠੇ ਸਨ, ਤੇ ਗੱਲਾਂ-ਬਾਤਾਂ ਦਾ ਰਸ ਲੈਣ ਵਾਲੇ ਦਰਬਾਰ ਹਾਲ ਵਿੱਚ ਹਾਜ਼ਰੀ ਲੁਆ ਕੇ ਹੇਠਾਂ ਲਾਬੀ ਏਰੀਏ ਅਤੇ ਲੰਗਰ ਹਾਲ ਵਿੱਚ ਢਾਣੀਆਂ ਜੋੜੀ ਬੈਠੇ ਸਨ। ਸਾਰਾ ਦਿਨ ਸੰਗਤਾਂ ਦਾ ਗੁਰਦੁਆਰਾ ਸਾਹਿਬ ਵਿਖੇ ਆਉਣ-ਜਾਣ ਲੱਗਿਆ ਰਿਹਾ। ਇਸ ਤੋਂ ਪਹਿਲਾਂ 13 ਅਪਰੈਲ ਨੂੰ ਵੀ ਵਧੇਰੇ ਗਿਣਤੀ ਸੰਗਤ ਦੀ ਸ਼ਮੂਲੀਅਤ ਦਰਸਾ ਰਹੀ ਸੀ ਕਿ ਲੋਕ ਉਚੇਚਾ ਵਿਸਾਖੀ ਸਬੰਧੀ ਗੁਰੂਘਰ ਨਤਮਸਤਕ ਹੋਣ ਆਏ ਸਨ।











ਇਸ ਮੌਕੇ ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥਿਆਂ- ਭਾਈ ਅਨਮੋਲ ਸਿੰਘ ਰਤਨ, ਭਾਈ ਬੀਰ ਸਿੰਘ, ਭਾਈ ਮਿਲਾਪ ਸਿੰਘ ਅਤੇ ਭਾਈ ਆਸ਼ਵਿੰਦਰ ਸਿੰਘ, ਭਾਈ ਅਰਸ਼ਦੀਪ ਸਿੰਘ ਤੇ ਭਾਈ ਸਤਬੀਰ ਸਿੰਘ ਦੇ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਸਰਵਣ ਕਰਵਾਇਆ ਗਿਆ। ਭਾਈ ਲਖਵਿੰਦਰ ਸਿੰਘ ਲਖਨਊ ਵਾਲਿਆਂ ਨੇ ਕਥਾ ਰਾਹੀਂ ਖਾਲਸਾ ਸਾਜਨਾ ਦਿਵਸ ਸਬੰਧੀ ਇਤਿਹਾਸ ਸੰਗਤਾਂ ਨਾਲ ਸਾਂਝਾ ਕੀਤਾ। ਭਾਈ ਕੁਲਵੰਤ ਸਿੰਘ, ਭਾਈ ਹੀਰਾ ਸਿੰਘ ਤੇ ਭਾਈ ਜਗਜੀਤ ਸਿੰਘ ਪੰਡੋਰੀ ਵਾਲਿਆਂ ਦਾ ਢਾਡੀ ਜਥਾ ਅਤੇ ਭਾਈ ਕਿਰਤ ਸਿੰਘ ਯੂ.ਕੇ. ਵਾਲਿਆਂ ਦਾ ਕੀਰਤਨੀ ਜਥਾ ਵਿਸ਼ੇਸ਼ ਤੌਰ ‘ਤੇ ਬੁਲਾਇਆ ਗਿਆ ਸੀ, ਜਿਨ੍ਹਾਂ ਨੇ ਗੁਰਬਾਣੀ, ਸਿੱਖ ਇਤਿਹਾਸ ਅਤੇ ਢਾਡੀ ਵਾਰਾਂ ਦਾ ਗਾਇਨ ਕੀਤਾ।

ਤਿੰਨੋ ਦਿਨ ਲੰਗਰ ਦੀ ਸੇਵਾ ਸਥਾਨਕ ਪੰਜਾਬੀਆਂ ਦੀ ਸ਼ਿਕਾਗੋ ਟਰੱਕ ਯੂਨੀਅਨ ਵੱਲੋਂ ਕੀਤੀ ਗਈ ਅਤੇ ਟਰੱਕਰ ਵੀਰਾਂ ਨੇ ਪਰਿਵਾਰਾਂ ਸਮੇਤ ਹੋਰ ਸੰਗਤਾਂ ਦੇ ਸਹਿਯੋਗ ਨਾਲ ਲੰਗਰ ਤਿਆਰ ਕਰਨ ਦੀ ਸੇਵਾ ਵਿੱਚ ਭਰਪੂਰ ਹੱਥ ਵਟਾਇਆ। ਸੰਗਤ ਦੀ ਸੇਵਾ ਵਿੱਚ ਸਮੋਸੇ, ਪਕੌੜੇ, ਗੁਲਾਬ ਜਾਮਣਾਂ, ਦੇਸੀ ਘੀ ਵਿੱਚ ਤਲ਼ੀਆਂ ਜਲੇਬੀਆਂ, ਵੇਸਣ ਬਰਫੀ, ਫਲ, ਮਿੱਠੇ ਚੌਲ, ਸਾਗ, ਦਾਲ-ਫੁਲਕਾ ਸਮੇਤ ਕਈ ਕੁਝ ਹਾਜ਼ਰ ਸੀ। ਸਾਗ ਸਮੇਤ ਹੋਰ ਬੜਾ ਕੁਝ ਅਤੁੱਟ ਸੀ ਤੇ ਸੰਗਤ ਘਰਾਂ ਨੂੰ ਵੀ ਲੈ ਕੇ ਗਈ। ਵਿਸਾਖੀ ਸਬੰਧੀ ਅਖੰਡ ਪਾਠ ਦੀ ਸੇਵਾ ਬਲਵਿੰਦਰ ਸਿੰਘ ਚੱਠਾ ਅਤੇ ਪਰਿਵਾਰ ਵੱਲੋਂ ਨਿਭਾਈ ਗਈ। ਨਿਸ਼ਾਨ ਸਾਹਿਬ ਦੇ ਚੋਲ਼ਾ ਬਦਲਣ ਦੀ ਸੇਵਾ ਗੁਰਮੀਤ ਸਿੰਘ ਢਿੱਲੋਂ ਅਤੇ ਪਰਿਵਾਰ ਵੱਲੋਂ ਕੀਤੀ ਗਈ।

ਐਤਵਾਰ ਵਾਲੇ ਦਿਨ ਵਿਸ਼ੇਸ਼ ਤੌਰ ‘ਤੇ ਖੰਡੇ ਦੀ ਪਹੁਲ ਦਾ ਬਾਟਾ ਤਿਆਰ ਕੀਤਾ ਗਿਆ ਸੀ ਅਤੇ 14 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਅੰਮ੍ਰਿਤ ਦਾ ਬਾਟਾ ਤਿਆਰ ਕਰਨ ਵਾਲੇ ਸਿੰਘ ਵੀ ਵਿਸ਼ੇਸ਼ ਤੌਰ ‘ਤੇ ਕੈਨੇਡਾ ਤੋਂ ਆਏ ਸਨ। ਜਦੋਂ ਪੰਜ ਪਿਆਰੇ ਅਤੇ ਅੰਮ੍ਰਿਤਧਾਰੀ ਸਿੰਘ ਜੈਕਾਰਿਆਂ ਦੀ ਗੂੰਜ ਵਿੱਚ ਦੀਵਾਨ ਹਾਲ ਵਿੱਚ ਪਹੁੰਚ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੋਏ ਤਾਂ ਸੰਗਤ ਵੱਲੋਂ ਜੈਕਾਰੇ ਛੱਡੇ ਗਏ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਭਾਈ ਲਖਵਿੰਦਰ ਸਿੰਘ ਨੇ ਸਿਰੋਪਾਓ ਦੇ ਕੇ ਨਿਵਾਜਿਆ। ਧਾਰਮਿਕ ਸਕੱਤਰ ਤਰਲੋਚਨ ਸਿੰਘ ਮੁਲਤਾਨੀ ਨੇ ਸਟੇਜ ਦੀ ਸੇਵਾ ਨਿਭਾਈ।

ਦਿਲਚਸਪ ਗੱਲ ਹੈ ਕਿ ਐਤਵਾਰ ਨੂੰ ਤਾਜ਼ਾ ਤਾਜ਼ਾ ਪਕੌੜੇ ਛਕਦੀ ਸੰਗਤ ਦੇ ਬਹੁਤੇ ਮੈਂਬਰ ਇਹ ਜ਼ਿਕਰ ਜ਼ਰੂਰ ਕਰ ਰਹੇ ਸਨ ਕਿ 13 ਅਪਰੈਲ ਵਾਲੇ ਦਿਨ ਗੁਰੂ ਘਰ ਵਿੱਚ ਪਕੌੜੇ ਕਿਉਂ ਨਹੀਂ ਕੱਢੇ ਗਏ? ਦੂਜੇ ਪਾਸੇ, ਪਕੌੜੇ ਤਲ਼ ਰਹੇ ਇੱਕ ਸੱਜਣ ਨੇ ਮਜ਼ਾਈਆ ਟਿੱਪਣੀ ਕੀਤੀ, “ਜਿਨ੍ਹਾਂ ਨੂੰ ਪਿਛਲੇ ਹਫਤੇ ਪਕੌੜੇ ਨਹੀਂ ਮਿਲੇ, ਅੱਜ ਡਬਲ ਖਾ ਲੈਣ!” ਪਕੌੜਿਆਂ ਕਰ ਕੇ ਸੰਗਤ ਦੀ ਨਾਰਾਜ਼ਗੀ ਮੁੜ ਨਾ ਸਹੇੜਨੀ ਪੈ ਜਾਵੇ, ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਸੇਵਾਦਾਰਾਂ ਨੇ ਪਹਿਲਾਂ ਦੀ ਪਕੌੜਿਆਂ ਦੀ ਸਮੱਗਰੀ ਵਾਧੂ ਤਿਆਰ ਕੀਤੀ ਹੋਈ ਸੀ। ਪਰਸ਼ਾਦੇ ਬਣਾਏ ਜਾਣ ਸਮੇਂ ਇਹ ਗੱਲ ਨੋਟ ਕੀਤੀ ਗਈ ਕਿ ਕੁਝ ਸੇਵਾਦਾਰ ਅਧ-ਕੱਚੀ ਰੋਟੀ ਨੂੰ ਸਿੱਧਾ ਗੈਸ ਦੀ ਲਾਟ ’ਤੇ ਰੱਖ ਕੇ ਪਕਾਅ/ਫੁਲਾਅ ਰਹੇ ਸਨ। ਕੁਝ ਸਮੇਂ ਲਈ ਇਹ ਚਰਚਾ ਛਿੜ ਪਈ ਸੀ ਕਿ ਅਜਿਹਾ ਕੀਤਿਆਂ ਗੈਸੀ ਰਸਾਇਣ ਰੋਟੀ ਅੰਦਰ ਚਲੇ ਜਾਂਦੇ ਹਨ, ਜੋ ਸਰੀਰ ਲਈ ਨੁਕਸਾਨਦੇਹ ਹਨ। ਇਹ ਅਣਗਹਿਲੀ ਸੀ ਜਾਂ ਫਿਰ ਜਾਣਦਿਆਂ ਵੀ ਮੁੜ-ਮੁੜ ਅਜਿਹਾ ਕੀਤਾ ਜਾਂਦਾ ਹੈ- ਇਹ ਤਾਂ ਵਾਹਿਗੁਰੂ ਹੀ ਜਾਣੇ!

ਇੱਕ ਪਹਿਲੂ ਇਹ ਵੀ ਸੀ ਕਿ ਵਿਸ਼ੇਸ਼ ਸਮਾਗਮ ਵਾਲੇ ਦਿਨ ਸਵੇਰੇ ਸਵੇਰੇ ਪਹਿਲਾਂ ਇਹ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਸੀ ਕਿ ਬਹੁਤੀ ਸੰਗਤ 13 ਅਪਰੈਲ ਵਾਲੇ ਦਿਨ ਆ ਗਈ ਹੋਣ ਕਾਰਨ, ਸ਼ਾਇਦ ਅੱਜ ਘੱਟ ਆਵੇ; ਉਤੋਂ ਮੌਸਮ ਵੀ ਮੀਂਹ-ਕਣੀ ਵਾਲਾ ਸੀ ਤੇ ਮੁੜ ਥੋੜ੍ਹੀ ਠੰਡ ਹੋ ਗਈ ਸੀ। ਪਰ ਸੰਗਤ ਨੇ ਵੱਡੀ ਗਿਣਤੀ ਵਿੱਚ ਵਿਸਾਖੀ ਦੇ ਵਿਸ਼ੇਸ਼ ਸਮਾਗਮਾਂ ਵਿੱਚ ਸ਼ਿਰਕਤ ਕਰ ਕੇ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਖੁਸ਼ੀਆਂ ਮਨਾਈਆਂ, ਜਿਸ ਤੋਂ ਪ੍ਰਬੰਧਕ ਕਮੇਟੀ ਵੀ ਬਾਗੋਬਾਗ ਸੀ ਤੇ ਟਰੱਕ ਯੂਨੀਅਨ ਦੇ ਸੇਵਾਦਾਰ ਵੀ।




Atlantis Banquets


1273 North Rand Road, Arlington Heights, IL 60004


Ph: 847-259-0013

Cell: 773-225-4123 / 847-708-4997

atlantisbanquetsrr@gmil.com atlantisbanquet.com

Under New Management With New Glance of Experience.



ATLANTIS ATLANTIS ATLANTIS BANQUETS

*Features*

Luxurious Decor and Ambience
Customize Catering Menu
Spacious Dance Floor
Bridal Suite

Celebrate Your Dream Wedding With Us Elegance and Sophistication at Atlantis Banquets.

√ Wedding
√ Mehandi
√ Sangeet
√ Anniversary
√ Bitrthdays
√ Sweet 16
√ Graduation
√ Baby Shower
√ Aameen
√ Aqeeqa
√ Corporate

‘ਅਟਲਾਂਟਿਸ ਬੈਂਕੁਇਟਸ’ ਵਿੱਚ ਆਪਣੇ ਸੁਪਨਿਆਂ ਦੇ ਵਿਆਹ ਦੇ ਜਸ਼ਨ ਮਨਾਓ

# ਬੜੀ ਬੇਤਾਬ ਹੈ ਦੁਨੀਆਂ ਤੇਰੀ ਪਰਵਾਜ਼ ਦੇਖਣ ਨੂੰ...

## ਸ਼ਿਕਾਗੋ ਵਿੱਚ ਮਨਮੋਹਨ ਵਾਰਿਸ, ਕਮਲ ਹੀਰ ਤੇ ਸੰਗਤਾਰ ਦਾ 'ਪੰਜਾਬੀ ਵਿਰਸਾ' 10 ਮਈ ਨੂੰ

*'ਪੰਜਾਬੀ ਵਿਰਸੇ' ਦੀ ਗਵਾਹੀ ਭਰਦੇ "ਗਾਇਕੀ ਦੇ ਰਾਂਝੇ, 'ਹੀਰ' ਭਰਾ" – ਮਨਮੋਹਨ ਵਾਰਿਸ, ਕਮਲ ਹੀਰ ਤੇ ਸੰਗਤਾਰ ਦੀ ਗਾਇਕੀ ਦਾ ਆਪਣਾ ਹੀ ਅੰਦਾਜ਼ ਤੇ ਆਪਣਾ ਹੀ ਮੁਕਾਮ ਹੈ। ਇਨ੍ਹਾਂ ਗਾਇਕ ਭਰਾਵਾਂ ਦੇ ਬਹੁਤੇ ਗੀਤ ਤਾਂ ਅਜਿਹੇ ਹਨ, ਜਿਨ੍ਹਾਂ ਨੂੰ ਸੁਣਦਿਆਂ ਪਰਦੇਸ ਬੈਠਿਆਂ ਵੀ ਪੇਂਡੂ ਮਾਹੌਲ ਜਾਂ ਪਿੰਡਾਂ ਦੀਆਂ ਸੱਥਾਂ ਦਾ ਅਹਿਸਾਸ ਹੋ ਜਾਂਦਾ ਹੈ, ਤੇ ਪਿੰਡ ਦੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ। ਜੇ ਇਹ ਕਹਿ ਲਈਏ ਕਿ ਇਨ੍ਹਾਂ ਗਾਇਕ ਭਰਾਵਾਂ ਦੇ ਕੁਝ ਗੀਤ ਲੋਕ ਤੱਥ ਹੀ ਬਣ ਗਏ ਹਨ, ਤਾਂ ਕੋਈ ਅਤਿਕਥਨੀ ਨਹੀਂ ਹੈ। ਇਨ੍ਹਾਂ ਦੇ ਗੀਤ ਲੋਕ ਜ਼ੁਬਾਨ ਦੇ ਮੁਦੱਈ ਹਨ। ਬਾਲੀਵੁੱਡ ਸਟਾਰ ਅਕਸ਼ੇ ਕੁਮਾਰ ਦੀ ਨਵੀਂ ਫਿਲਮ 'ਕੇਸਰੀ–2' ਵਿੱਚ ਆਏ ਗੀਤ 'ਓ ਸ਼ੇਰਾ, ਉਠ ਜ਼ਰਾ' ਗੀਤ ਦਾ ਜਲਵਾ ਬਾਕਮਾਲ ਹੈ ਤੇ ਇਸ ਗੀਤ ਵਿਚਲੇ ਸ਼ਬਦਾਂ ਦੀ ਬਣਤਰ/ਜੜਤ ਲੂੰਅ–ਕੰਡੇ ਖੜ੍ਹੇ ਕਰਨ ਵਾਲੀ ਹੈ; ਜਿਵੇਂ– "ਜੇ ਮੁੱਦਾ ਹੋਂਦ ਦਾ ਹੋਇਆ ਤਾਂ ਤੀਰਾਂ ਵਾਂਗ ਟੱਕਰਾਂਗੇ, ਅਸੀਂ ਬੈਠੇ ਨਹੀਂ ਹਾਂ ਸਿਰ 'ਤੇ ਉੜਦੇ ਬਾਜ਼ ਦੇਖਣ ਨੂੰ... ਓ ਸ਼ੇਰਾ ਉਠ ਜ਼ਰਾ ਤੇ ਓਹੀ ਜਲਵਾ ਦਿਖਾ ਆਪਣਾ, ਬੜੀ ਬੇਤਾਬ ਹੈ ਦੁਨੀਆਂ ਤੇਰੀ ਪਰਵਾਜ਼ ਦੇਖਣ ਨੂੰ...।" ਖੈਰ! ਸ਼ਿਕਾਗੋ ਵਿੱਚ ਮਨਮੋਹਨ ਵਾਰਿਸ, ਕਮਲ ਹੀਰ ਤੇ ਸੰਗਤਾਰ ਦਾ 'ਪੰਜਾਬੀ ਵਿਰਸਾ' ਸਥਾਨਕ ਸੰਸਥਾ '5ਰਿਵਰਜ਼ ਐਂਟਰਟੇਨਮੈਂਟ' ਵੱਲੋਂ ਸਨਿਚਰਵਾਰ, 10 ਮਈ 2025 ਨੂੰ 'ਡੈਸ ਪਲੇਨਜ਼ ਥੀਏਟਰ' ਵਿੱਚ ਸ਼ਾਮ 6:30 ਵਜੇ ਤੋਂ ਕਰਵਾਇਆ ਜਾ ਰਿਹਾ ਹੈ। '5ਰਿਵਰਜ਼ ਐਂਟਰਟੇਨਮੈਂਟ' ਦੇ ਮੋਢੀ– ਅੰਮ੍ਰਿਤਪਾਲ ਮਾਂਗਟ, ਇੰਦਰ ਵਿਰਕ, ਗੁਰਪ੍ਰੀਤ ਸਿੰਘ ਸਿੱਧੂ, ਡਾ. ਵਿਕਰਮ ਗਿੱਲ ਤੇ ਜਿਗਰਦੀਪ ਸਿੰਘ ਢਿੱਲੋਂ ਅਨੁਸਾਰ ਇਹ ਸ਼ੋਅ ਸ਼ਿਕਾਗੋ ਵਿੱਚ ਯਾਦਗਾਰੀ ਸ਼ੋਅ ਹੋ ਨਿਬੜੇਗਾ, ਕਿਉਂਕਿ ਸ਼ੋਅ ਲਈ ਭਾਈਚਾਰੇ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਸ਼ੋਅ ਦੇ ਮੱਦੇਨਜ਼ਰ ਗਾਇਕ ਮਨਮੋਹਨ ਵਾਰਿਸ ਬਾਰੇ ਸੀਨੀਅਰ ਪੱਤਰਕਾਰ ਤੇ ਲੇਖਕ ਐਸ. ਅਸ਼ੋਕ ਭੌਰਾ ਦਾ ਹਥਲਾ ਸ਼ਬਦ ਚਿੱਤਰ ਜ਼ਿਕਰਯੋਗ ਹੈ। –ਕੁਲਜੀਤ ਦਿਆਲਪੁਰੀ*

### ਸੁੱਚੇ ਮੋਤੀ

ਐਸ. ਅਸ਼ੋਕ ਭੌਰਾ
ਫੋਨ: 510–415–3315



ਇਹ ਇਤਿਹਾਸਕ ਤੱਥ ਹੈ ਕਿ ਜਿਨ੍ਹਾਂ ਨੇ ਤਾਜ ਮਹਿਲ ਵੇਖਿਆ, ਉਹ ਉਹਦੀਆਂ ਸਿਫਤਾਂ ਕਰਨੋਂ ਨਹੀਂ ਹਟਦੇ ਤੇ ਜਿਨ੍ਹਾਂ ਨੇ ਨਹੀਂ ਵੇਖਿਆ, ਉਨ੍ਹਾਂ ਦੇ ਅੰਦਰ ਦੇਖਣ ਦੀ ਖਿੱਚ ਨਹੀਂ ਮੁੱਕਦੀ। ਬਸ ਇਹੀ ਤਾਜ ਮਹਿਲ ਦੀ ਖਾਸੀਅਤ ਹੈ। ਇਵੇਂ ਹੀ ਬਹੁਤ ਸਾਰੇ ਲੋਕਾਂ ਦੇ ਮਾਮਲੇ 'ਚ ਵੀ ਸਥਿਤੀ ਕਈ ਵਾਰ ਏਦਾਂ ਦੀ ਹੀ ਹੁੰਦੀ ਹੈ; ਕਈ ਵਾਰ ਕਲਾਕਾਰਾਂ ਦੇ ਮਾਮਲੇ 'ਚ ਵੀ ਏਦਾਂ ਲਗਦਾ ਹੁੰਦਾ ਹੈ। ਕਮਾਲ ਦੇਖੋ ਕਿ 'ਗੈਰਾਂ ਨਾਲ ਪੀਂਘਾਂ ਝੂਟਦੀਏ...' ਤੋਂ ਸ਼ੁਰੂ ਹੋਇਆ ਮਨਮੋਹਨ ਵਾਰਿਸ ਦਾ ਸਫਰ 32 ਸਾਲਾਂ ਬਾਅਦ ਵੀ ਉਸੇ ਮੋਹ ਮੁਹੱਬਤ ਨਾਲ ਚੱਲ ਰਿਹਾ ਹੈ, ਉਹਦੇ ਕਾਫਲੇ 'ਚ ਜੋ ਲੋਕ ਉਪਰੋਥਲੀ ਹੋ ਹੋ ਵੜਦੇ ਨੇ। ਕਾਫਲੇ 'ਚ ਸਿਆਣੇ ਤੇ ਜ਼ਿੰਮੇਵਾਰ ਲੋਕ ਵੱਧ ਨੇ, ਜਿਹੜੇ ਅਕਸਰ ਕਹਿਣਗੇ, 'ਭਾਈ ਇਹ ਐ ਮਨਮੋਹਨ ਵਾਰਿਸ, ਚੰਗਾ ਗਾਉਣ ਵਾਲਾ ਮੁੰਡਾ!'

ਅਸਲ 'ਚ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਸ਼ਾਇਦ ਪੰਜਾਬੀ ਗਾਇਕੀ 'ਚ ਬਹੁਤ ਘੱਟ ਇੱਦਾਂ ਦੀਆਂ ਉਦਾਹਰਣਾਂ ਨੇ ਕਿ ਕਿਸੇ ਦਾ ਕੋਈ ਗੀਤ ਵਿਵਾਦਤ ਨਾ ਹੋਇਆ ਹੋਵੇ, ਕਿਸੇ ਦੇ ਗੀਤ 'ਤੇ ਕਿਸੇ ਨੂੰ ਗ਼ਿਲਾ ਨਾ ਹੋਇਆ ਹੋਵੇ ਤੇ ਜੇ ਕਿਤੇ ਅੱਜ ਦੇ ਯੁੱਗ 'ਚ ਕੋਈ ਵਿਵਾਦ ਤੋਂ ਕੋਈ ਗਵੱਈਆ ਬਚਿਆ ਹੈ ਤਾਂ ਸ਼ਾਇਦ ਮਨਮੋਹਨ ਹੀ ਹੈ। ਸੱਚ ਹੈ, ਕਿਉਂਕਿ ਉਹਨੇ ਇੰਨਾ ਲੰਬਾ ਸਫਰ ਤੈਅ ਕਰਕੇ ਵੀ ਕਦੇ ਨਾ ਕਿਸੇ ਦੀ ਨਾਰਾਜ਼ਗੀ ਵੇਖੀ ਹੈ, ਨਾ ਉਹਦੀ ਕਦੇ ਆਲੋਚਨਾ ਹੁੰਦੀ ਦੇਖੀ ਹੈ; ਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਉਸਨੂੰ ਸੁਣਨ ਵਾਲਿਆਂ 'ਚ ਜਵਾਨ ਵੀ ਸ਼ਾਮਿਲ ਨੇ, ਬਜ਼ੁਰਗ ਵੀ, ਮਾਵਾਂ ਵੀ, ਭੈਣਾਂ ਵੀ, ਸਕੂਲਾਂ–ਕਾਲਜਾਂ ਵਾਲੇ ਮੁੰਡੇ–ਕੁੜੀਆਂ ਵੀ; ਦੇਸ਼ਾਂ 'ਚ ਵੀ, ਵਿਦੇਸ਼ਾਂ 'ਚ ਵੀ ਤੇ ਸਾਰੇ ਵਰਗਾਂ 'ਚ ਬਰਾਬਰ ਨਿਭਣਾ ਘੱਟੋ ਘੱਟ ਅੱਜ ਦੇ ਯੁੱਗ 'ਚ ਤਾਂ ਔਖਾ ਬਹੁਤ ਹੈ। ਸ਼ਾਇਦ ਇਹ ਗੁਰ ਮਨਮੋਹਨ ਵਾਰਿਸ ਕਿਸੇ ਨਾਲ ਸਾਂਝਾ ਵੀ ਨਾ ਕਰੇ। ਮੈਂ ਉਨਾਂ ਉਹਦੇ ਨੇੜਲਿਆਂ 'ਚੋਂ ਹਾਂ, ਜਿਨ੍ਹਾਂ ਨੇ ਉਹਦਾ ਸੰਘਰਸ਼ ਉਹਦੇ ਪਹਿਲੇ ਦਿਨ ਵੀ ਵੇਖਿਆ ਹੈ ਤੇ ਅੱਜ ਜਦੋਂ ਉਸ ਦੇ ਸਿਤਾਰੇ ਗਰਦਿਸ਼ 'ਚ ਨੇ, ਉਦੋਂ ਵੀ ਵੇਖ ਰਹੇ ਹਾਂ।

ਅਸਲ 'ਚ ਇੱਕ ਸਬਰ ਦਾ ਨਾਂ ਵੀ ਮਨਮੋਹਨ ਹੈ, ਕਿਉਂਕਿ ਉਹਨੇ ਸਿਰਫ ਆਪਣੀ ਗਾਇਕੀ 'ਤੇ ਹੀ ਧਿਆਨ ਕੇਂਦਰਿਤ ਕਰਕੇ ਰੱਖਿਆ ਹੈ। ਉਹ ਫਿਲਮਾਂ ਵੱਲ ਨਹੀਂ ਦੌੜਿਆ, ਕਦੇ ਰਾਜਨੀਤੀ 'ਚ ਉਹਦੀ ਕਿਸੇ ਨੇ ਗੱਲ ਨਹੀਂ ਸੁਣੀ ਹੋਣੀ। ਤਿੰਨੇ ਭਰਾ– ਸੰਗਤਾਰ, ਮਨਮੋਹਨ ਤੇ ਕਮਲ ਹੀਰ, ਹੀਰੇ ਬੰਦੇ ਨੇ; ਆਪੋ ਆਪਣੀ ਕਲਾ 'ਚ ਨਿਪੁੰਨ ਨੇ ਤੇ ਖਾਸ ਗੱਲ ਇਹ ਹੈ ਕਿ ਭਰਾਵਾਂ 'ਚ ਮੁਹੱਬਤ ਦਾ ਜੋਰ ਜੁਆਨੀ ਵਰਗਾ ਹੈ। ਆਪਸੀ ਇਕਸੁਰਤਾ ਬਣੀ ਹੋਈ ਆ ਕਿ ਕੀ ਗਾਉਣਾ ਚਾਹੀਦਾ? ਕਦੋਂ ਗਾਉਣ ਚਾਹੀਦਾ? ਸ਼ਾਇਦ ਇਹ ਵੀ ਇਨ੍ਹਾਂ ਤਿੰਨਾਂ ਭਰਾਵਾਂ ਦੇ ਇਤਫਾਕ 'ਚੋਂ ਨਿਕਲਿਆ ਹੈ। ਮਨਮੋਹਨ ਵਾਰਿਸ ਵਾਕਿਆ ਹੀ ਮਨਮੋਹਨ ਵਾਰਿਸ ਹੈ। ਮੈਂ ਜੋਤਿਸ਼ੀ ਨ੍ਹੀਂ, ਪਰ ਗੱਲ ਸਾਧਾਰਣ ਹੈ ਕਿ ਅੱਜ ਤੋਂ 31 ਸਾਲ ਪਹਿਲਾਂ ਮੈਂ ਇਹ ਗੱਲ ਕਹੀ ਸੀ ਕਿ ਮਨਮੋਹਨ 'ਪੰਜਾਬੀ ਗਾਇਕੀ ਦਾ ਵਾਰਿਸ ਬਣੇਗਾ' ਤੇ ਉਹਨੂੰ ਵਾਰਿਸ ਬਣਦਿਆਂ ਵੇਖ ਵੀ ਰਹੇ ਹਾਂ। ਗੱਲ ਤਾਂ ਭਾਵੇਂ ਸੁਭਾਵਿਕ ਕਹੀ ਹੋਵੇ, ਪਰ ਇਸ ਨੂੰ ਬੂਰ ਤਾਂ ਪਿਐ! 'ਕਿਤੇ ਰੰਗ ਨਾ ਬਟਾ ਲਈਂ... ਪਿਸਟਲ ਤਾਂ ਵਿਕਣ ਬਾਜ਼ਾਰੀਂ...। ਪਿੰਡ ਦਾ ਬਨੇਰਾ... ਕਿਤੇ 'ਕੱਲੀ ਬਹਿ ਕੇ ਸੋਚੀਂ... ਤੇ 'ਗੱਭਰੂ' ਤੱਕ ਮਨਮੋਹਨ ਸਿਖਰ 'ਤੇ ਹੈ। ਸ਼ਾਇਦ ਮਨਮੋਹਨ ਨੇ ਇਹ ਆਪ ਧਿਆਨ 'ਚ ਕਦੇ ਨਾ ਲਿਆਂਦਾ ਹੋਵੇ। ਕਈ ਗਾਇਕੀ ਦੇ ਖੇਤਰ 'ਚ ਜਾਂ ਹੋਰ ਕਲਾਵਾਂ 'ਚ ਉਹਦੇ ਸਮਕਾਲੀ ਸਮੇਂ 'ਚ ਉਹਦੇ ਤੋਂ ਅੱਗੇ ਨਿਕਲੇ ਹੋਣਗੇ, ਤੇਜ਼ ਤੁਰੇ ਹੋਣਗੇ, ਗਰਾਫ ਵੱਡਾ ਹੋਇਆ ਹੋਏਗਾ, ਪਰ ਉਹ ਸਫਰ ਤੈਅ ਕਰਕੇ ਕਈ ਵਿਹਲੇ ਵੀ ਹੋ ਗਏ ਨੇ, ਪਰ ਮਨਮੋਹਨ ਹਫਦਾ ਕਿੱਥੇ ਆ!



### 5ਰਿਵਰਜ਼ ਐਂਟਰਟੇਨਮੈਂਟ ਦੇ ਮੋਢੀ



ਅੰਮ੍ਰਿਤਪਾਲ ਮਾਂਗਟ ਇੰਦਰ ਵਿਰਕ ਗੁਰਪ੍ਰੀਤ ਸਿੱਧੂ ਡਾ. ਵਿਕਰਮ ਗਿੱਲ ਜਿਗਰਦੀਪ ਢਿੱਲੋਂ

ਸਿਆਣੇ ਕਹਿੰਦੇ ਨੇ ਕਿ ਗਰਾਫ ਦੀ ਜਾਂ ਸਫਰ ਦੀ ਮਹੱਤਤਾ ਇਸ ਗੱਲ 'ਚ ਹੁੰਦੀ ਹੈ ਕਿ ਤੁਸੀਂ ਉਸਨੂੰ ਟਿਕਾ ਕੇ ਕਿੰਨਾ ਕੁ ਰੱਖਦੇ ਹੋ? ਮਨਮੋਹਨ ਵਾਰਿਸ ਨੇ ਆਪਣੇ ਗਾਇਕੀ ਜੀਵਨ ਨੂੰ ਬਹੁਤ ਟਿਕਾ ਕੇ ਰੱਖਿਆ ਹੈ, ਬਹੁਤ ਸਬਰ ਨਾਲ ਰੱਖਿਆ ਹੈ, ਕਦੇ ਵੀ ਉਹਨੂੰ ਕਿਸੇ ਨੇ ਹਾਫ਼ਲਿਆ ਨਹੀਂ ਵੇਖਿਆ ਹੋਣਾ, ਨਾ ਕਦੇ ਉਹਨੂੰ ਕਿਸੇ ਨੇ ਬਹੁਤੀ ਭੱਜ–ਦੌੜ ਕਰਦਾ ਵੇਖਿਆ ਹੋਣਾ! ਕਦੀ ਮੀਡੀਆ 'ਚ, ਕਦੀ ਪ੍ਰੈੱਸ ਕਾਨਫਰੰਸਾਂ 'ਚ ਇੱਦਾਂ ਦਾ ਕੋਈ ਸ਼ਬਦ ਨਹੀਂ ਕਿਹਾ ਹੋਣਾ, ਜਿਹੜਾ ਕਿਸੇ ਨੂੰ ਚੁਭਿਆ ਹੋਵੇ। ਉਹ ਕਈ ਵਾਰੀ ਆਪਣੇ ਗੀਤਾਂ ਨਾਲੋਂ ਬੋਲਦਾ ਉਦਾਂ ਬੜਾ ਪਿਆਰਾ ਲੱਗਦਾ। ਉਸ ਸੁਨੱਖਾ ਹੈ, ਹਾਲੇ ਤੱਕ ਸਿਹਤ ਨੂੰ ਸੰਭਾਲਿਆ ਹੋਇਆ ਤੇ ਸਾਨੂੰ ਇੱਦਾਂ ਲੱਗਦਾ ਕਿ ਚੰਗਾ ਹੋਇਆ ਉਹਨੇ ਕਈ ਹੋਰ ਖੇਤਰਾਂ ਨੂੰ ਨਹੀਂ ਚੁਣਿਆ। ਕਿਉਂਕਿ ਜਦੋਂ ਤੁਹਾਡੀ ਇਕਾਗਰਤਾ ਇੱਕ ਥਾਂ ਟਿਕੀ ਹੁੰਦੀ ਹੈ ਤਾਂ ਤੁਸੀਂ ਆਪਣੀ ਕਲਾ ਨਾਲ, ਆਪਣੇ ਹੁਨਰ ਨਾਲ, ਆਪਣੇ ਸਮੇਂ ਨਾਲ ਇਨਸਾਫ ਕਰ ਰਹੇ ਹੁੰਦੇ ਹੋ। ਜਦੋਂ ਤੁਸੀਂ ਕਲਾਵਾ ਕਿਤੇ ਹੋਰ ਭਰ ਰਹੇ ਹੋ, ਰੁੱਗ ਕਿਤੇ ਹੋਰ ਭਰ ਰਹੇ ਹੋ, ਕਿਤੇ ਖਿੱਚ ਧੂਹ ਕਰ ਰਹੇ ਹੋ; ਰਾਤ ਨੂੰ ਵੀ ਤੁਹਾਡੇ ਖਿਆਲ 'ਚ ਚੱਲੀ ਜਾਂਦਾ ਮੈਂ ਏਧਰ ਵੀ ਕਾਮਯਾਬ ਹੋਣਾ, ਮੈਂ ਓਧਰ ਵੀ ਕਾਮਯਾਬ ਹੋਣਾ– ਸ਼ਾਇਦ ਇਸ ਅਭੀਮੰਨਿਊ ਵਾਲੇ ਚੱਕਰ 'ਚ ਮਨਮੋਹਨ ਵਾਰਿਸ ਕਿਤੇ ਵੀ ਫਸਦਾ ਨਜ਼ਰ ਨਹੀਂ ਆਉਂਦਾ। ਕਹਿ ਸਕਦੇ ਹਾਂ ਕਿ ਅਸੀਂ ਇੱਕ ਅਜਿਹੇ ਗਾਇਕ ਨੂੰ ਜਾਣਦੇ ਆਂ, ਜਿਹੜਾ ਸਾਹਿਤਕ ਖੇਤਰ 'ਚ ਵੀ ਬਹੁਤ ਪਿਆਰਾ ਹੈ, ਜਿਹਨੇ 'ਨਹੀਂ ਭੁੱਲਣਾ ਦੁੱਖ ਸੰਗਤਾਂ ਨੂੰ ਵਿਛੜੇ ਨਨਕਾਣੇ ਦਾ...' ਨਾਲ ਧਾਰਮਿਕ ਖੇਤਰ ਵਿੱਚ ਬਹੁਤ ਵਡਿਆਈ ਦਿੱਤੀ ਹੈ, ਉਹਨੇ ਨੱਚਣ–ਟੱਪਣ ਵਾਲੇ ਗੀਤਾਂ 'ਚ ਪੰਜਾਬੀਆਂ ਨੂੰ ਬੜਾ ਸਿਹਤਮੰਦ ਨਚਾਇਆ ਹੈ।

ਇਸ ਗੱਲ ਨੂੰ ਮੰਨਣਾ ਪਵੇਗਾ ਕਿ ਉਹ ਵਿਦੇਸ਼ਾਂ 'ਚ ਸਾਲ ਬਾਅਦ ਆਵੇ, ਦੋ ਸਾਲ ਬਾਅਦ ਆਵੇ– ਨਾ ਉਹਨੂੰ ਸਰੋਤਿਆਂ ਦੀ ਕਮੀ ਹੈ, ਨਾ ਦਰਸ਼ਕਾਂ ਦੀ ਕਮੀ ਤੇ ਨਾ ਪ੍ਰੋਮੋਟਰਾਂ ਦੀ। ਸ਼ਾਇਦ ਸਦੀਕ ਵਾਂਗ ਮਨਮੋਹਨ ਵੀ ਇੱਦਾਂ ਦਾ ਸਫਰ ਤੈਅ ਕਰ ਰਿਹੈ ਕਿ 31 ਸਾਲ ਪਹਿਲਾਂ ਉਹਨੇ ਜਿਸ ਵਿਅਕਤੀ ਦੇ ਵਿਆਹ 'ਚ ਅਖਾੜਾ ਲਾਇਆ ਹੋਣਾ ਜਾਂ ਪ੍ਰੋਗਰਾਮ ਕੀਤਾ ਹੋਣਾ, ਹੁਣ ਉਨ੍ਹਾਂ ਦੇ ਪੁੱਤਰਾਂ ਦੇ ਵਿਆਹਾਂ–ਸ਼ਾਦੀਆਂ 'ਚ ਵੀ ਮਨਮੋਹਨ ਵਾਰਿਸ ਹੀ ਜਾ ਰਿਹਾ। ਹਾਲੇ ਪਟਕੇ ਦੀ ਝੰਡੀ ਮਨਮੋਹਨ ਕੋਲ ਹੈ ਤੇ ਸ਼ਾਇਦ ਉਹ ਛੇਤੀਂ ਛੱਡੇਗਾ ਵੀ ਨਹੀਂ। ਮੈਂ ਹਮੇਸ਼ਾ ਮਨਮੋਹਨ ਦਾ ਸ਼ੁਭਚਿੰਤਕ ਰਿਹਾ ਹਾਂ, ਕੁਲਦੀਪ ਮਾਣਕ, ਸਰਦੂਲ ਵਾਂਗ ਮਨਮੋਹਨ ਨੂੰ ਵੀ ਬਹੁਤ ਪਿਆਰ ਕਰਦਾ ਹਾਂ। ਇਸੇ ਕਰਕੇ ਇਨ੍ਹਾਂ ਚੰਦ ਸਤਰਾਂ 'ਚ ਮੈਂ ਇਹੀ ਕਹਿਣ ਦਾ ਯਤਨ ਕੀਤਾ ਹੈ ਕਿ ਜਦੋਂ ਪੰਜਾਬੀ ਗਾਇਕੀ 'ਤੇ ਬੜੇ ਉਲਾਂਭੇ ਨੇ, ਬੜੇ ਨਿਹੋਰੇ ਨੇ, ਕਿਤੇ ਜਵਾਨੀ ਨੂੰ ਦਿਸ਼ਾਹੀਣ ਕਰਨ ਦੇ ਤਾਅਨੇ–ਮਿਹਣੇ ਨੇ, ਕਈਆਂ ਦੇ ਗੀਤਾਂ 'ਚੋਂ ਲੱਭਦਾ ਈ ਕੁਝ ਨਹੀਂ, ਕਈ ਗੀਤ ਆਏ ਵੀ ਸੀ ਪਤਾ ਨਹੀਂ ਕਦੋਂ ਚਲੇ ਗਏ, ਪਰ ਮਨਮੋਹਨ ਦੇ ਗੀਤਾਂ ਦਾ 'ਕੱਲਾ 'ਕੱਲਾ ਸ਼ਬਦ ਚੁਣ ਕੇ ਤੇ ਸੁਣ ਕੇ ਵੇਖੋ, ਮਨਮੋਹਨ ਦੀ ਗਾਇਕੀ ਨੂੰ ਅੱਖਾਂ ਬੰਦ ਕਰਕੇ ਸੁਣ ਕੇ ਵੇਖੋ, ਉਹਦੇ ਸੁਭਾਅ ਤੇ ਸ਼ਖਸੀਅਤ ਦੇ ਵਿੱਚ ਦੀ ਹੋ ਕੇ ਲੰਘੋ ਤਾਂ ਤੁਸੀਂ ਵੀ ਕਹੋਗੇ ਕਿ ਅੱਜ ਦੇ ਦੌਰ 'ਚ ਮਨਮੋਹਨ ਵਾਰਿਸ ਪੰਜਾਬੀ ਗਾਇਕੀ ਦਾ ਵਾਰਿਸ ਸੀ, ਵਾਰਿਸ ਹੈ ਤੇ ਉਹਦੀ ਗਾਇਕੀ ਏਸ ਸਮੇਂ 'ਚ ਇੱਕ ਕ੍ਰਿਸ਼ਮਾ ਵੀ ਹੈ। ਇਸੇ ਕਰਕੇ ਕਹਿਣ ਨੂੰ ਜੀਅ ਕਰਦਾ, 'ਮਨਮੋਹਨ ਵਾਰਿਸ ਜ਼ਿੰਦਾਬਾਦ!!'

---

### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ–ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ–ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ–ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224–386–4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

### ਪੰਜਾਬੀ ਪਰਵਾਜ਼ (Punjabi Parwaz) ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੋਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

ਪੰਜਾਬੀ ਪਰਵਾਜ਼ ਬਿਊਰੋ

# ਕੈਨੇਡਾ ਚੋਣਾਂ: ਟੈਰਿਫ ਤੇ ਜਨਤਕ ਸੁਰੱਖਿਆ ਜਿਹੇ ਮਾਮਲਿਆਂ ‘ਤੇ ਕੇਂਦਰਿਤ ਰਹੀ ਆਖਰੀ ਬਹਿਸ

***ਕੈਨੇਡਾ ਦੀਆਂ ਚੋਣਾਂ ਵਿੱਚ ਲਿਬਰਲ ਪਾਰਟੀ ਦਾ ਦਬਦਬਾ ਜਾਰੀ***

---

***ਮਾਰਕ ਕਾਰਨੀ ਦੀ ਆਰਥਿਕ ਮੁਹਾਰਤ ਤੋਂ ਹਨ ਪਬਲਿਕ ਨੂੰ ਆਸਾਂ***

28 ਅਪਰੈਲ ਨੂੰ ਹੋ ਰਹੀਆਂ ਕੈਨੇਡਾ ਦੀਆਂ ਆਮ ਚੋਣਾਂ ਤੋਂ ਪਹਿਲਾਂ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਵਿਚਾਲੇ ਬੀਤੇ ਹਫਤੇ ਆਖਰੀ ਵੱਡੀ ਬਹਿਸ ਹੋਈ। ਇਹ ਬਹਿਸ ਮੁੱਖ ਤੌਰ ‘ਤੇ ਅਮਰੀਕਾ ਵਿੱਚ ਟਰੰਪ ਦੇ ਉਭਾਰ ਅਤੇ ਉਸ ਵੱਲੋਂ ਸ਼ੁਰੂ ਕੀਤੀ ਗਈ ਟੈਰਿਫ ਮੁਹਿੰਮ, ਇਸ ਦੇ ਕੈਨੇਡੀਅਨ ਆਰਥਿਕਤਾ ‘ਤੇ ਪੈਣ ਵਾਲੇ ਪ੍ਰਭਾਵਾਂ ‘ਤੇ ਕੇਂਦਰਿਤ ਰਹੀ।

ਇਸ ਤੋਂ ਇਲਾਵਾ ਕੈਨੇਡੀਅਨ ਲੋਕਾਂ ਦੀ ਸੁਰੱਖਿਆ, ਵਧ ਰਹੀ ਮਹਿੰਗਾਈ ਅਤੇ ਵਧ ਰਹੇ ਰਿਹਾਇਸ਼ੀ ਖਰਚਿਆਂ, ਊਰਜਾ ਸੈਕਟਰ ਨੂੰ ਪੱਕੇ ਪੈਰੀਂ ਕਰਨ ਅਤੇ ਵਾਤਾਵਰਣਿਕ ਵਿਗਾੜਾਂ ਜਿਹੇ ਮੁੱਦਿਆਂ ਨੂੰ ਵੀ ਬਹਿਸ ਵਿੱਚ ਲਿਆਂਦਾ ਗਿਆ। ਇਸ ਬਹਿਸ ਵਿੱਚ ਲਿਬਰਲ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਮਾਰਕ ਕਾਰਨੀ, ਨਿਊ ਡੈਮੋਕਰੇਟਿਕ ਪਾਰਟੀ ਵੱਲੋਂ ਸਿੱਖ ਆਗੂ ਜਗਮੀਤ ਸਿੰਘ, ਕਨਜ਼ਰਵੇਟਿਵ ਪਾਰਟੀ ਵੱਲੋਂ ਪੀਅਰੇ ਪੋਲੀਵਰ, ਬਲੌਕ ਕਿਊਬੈਕ ਵੱਲੋਂ ਫਰੈਨਕੋ ਬਲੈਂਚੈਟ ਨੇ ਹਿੱਸਾ ਲਿਆ। ਇਹ ਕੈਨੇਡਾ ਦੀਆਂ ਆਮ ਚੋਣਾਂ ਤੋਂ ਪਹਿਲਾਂ ਹੋਈ ਦੂਜੀ ਤੇ ਆਖਰੀ ਵੱਡੀ ਬਹਿਸ ਸੀ। ਇਸ ਤੋਂ ਪਹਿਲਾਂ ਇਨ੍ਹਾਂ ਹੀ ਮੁੱਦਿਆਂ ਨੂੰ ਲੈ ਕੇ ਫਰਾਂਸੀਸੀ ਭਾਸ਼ਾ ਵਿੱਚ ਇਕ ਬਹਿਸ ਆਯੋਜਤ ਕੀਤੀ ਜਾ ਚੁੱਕੀ ਹੈ।

ਕੈਨੇਡਾ ਦੀਆਂ ਵੱਖ-ਵੱਖ ਰਾਜਨੀਤਿਕ ਪਾਰਟੀਆਂ ਵੱਲੋਂ ਉਭਾਰੇ ਜਾ ਰਹੇ ਮੁੱਦਿਆਂ ਨੂੰ ਲੈ ਕੇ ਹੋਈ ਇਸ ਦੋ ਘੰਟੇ ਦੀ ਬਹਿਸ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਅਤੇ ਲਿਬਰਲ ਪਾਰਟੀ ਦੇ ਆਗੂ ਮਾਰਕ ਕਾਰਨੀ ਜਸਟਿਨ ਟਰੂਡੋ ਦੀ ਵਿਰਾਸਤ ਦੇ ਮਾਮਲੇ ਵਿੱਚ ਵਾਰ ਵਾਰ ਰੱਖਿਆਤਮਕ ਪੈਂਤੜਾ ਅਖਤਿਆਰ ਕਰਦੇ ਨਜ਼ਰ ਆਏ। ਯਾਦ ਰਹੇ, ਸਾਬਕਾ ਲਿਬਰਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਕਾਰਜਕਾਲ ਵਿੱਚ ਖੁੱਲ੍ਹੇ ਪਰਵਾਸ, ਵਧ ਰਹੀਆਂ ਤੇਲ ਤੇ ਗੈਸ ਦੀਆਂ ਕੀਮਤਾਂ ਅਤੇ ਸਿੱਟੇ ਵਜੋਂ ਮਨੁੱਖੀ ਜੀਵਨ ਜੀਣ ਦੀ ਵਧ ਰਹੀ ਕੀਮਤ ਨੇ ਤਤਕਾਲੀ ਪ੍ਰਧਾਨ ਮੰਤਰੀ ਦੀ ਮਕਬੂਲੀਅਤ ਕਾਫੀ ਘੱਟ ਕਰ ਦਿੱਤੀ ਸੀ। ਇਸ ਸੰਕਟ ਦਰਮਿਆਨ ਉਨ੍ਹਾਂ ਦੇ ਕਈ ਮੰਤਰੀ ਵੀ ਟਰੂਡੋ ਦਾ ਸਾਥ ਛੱਡ ਗਏ ਸਨ। ਟਰੂਡੋ ਵੱਲੋਂ ਅਚਾਨਕ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ, ਕਿੱਤੇ ਵਜੋਂ ਮਸ਼ਹੂਰ ਅਰਥਸ਼ਾਸਤਰੀ ਰਹੇ ਮਾਰਕ ਕਾਰਨੀ ਨੂੰ ਲਿਬਰਲ ਪਾਰਟੀ ਨੇ ਪ੍ਰਧਾਨ ਮੰਤਰੀ ਬਣਾ ਦਿੱਤਾ ਸੀ। ਮਾਰਕ ਕਾਰਨੀ ਕੋਲ ਭਾਵੇਂ ਸਿਆਸੀ ਤਜ਼ਰਬੇ ਦੀ ਤਾਂ ਘਾਟ ਦਿਸਦੀ ਹੈ, ਪਰ ਆਰਥਿਕ ਮਾਮਲਿਆਂ ਉੱਤੇ ਉਨ੍ਹਾਂ ਦੀ ਡੂੰਘੀ ਪਕੜ ਹੈ। ਉਹ ਸੈਂਟਰਲ ਬੈਂਕ ਆਫ ਕੈਨੇਡਾ ਅਤੇ ਬੈਂਕ ਆਫ ਇੰਗਲੈਂਡ ਦੇ ਡਾਇਰੈਕਟਰ ਰਹਿ ਚੁੱਕੇ ਹਨ। ਇਸ ਤੋਂ ਇਲਾਵਾ ਉਹ ਕਈ ਹੋਰ ਆਰਥਕ ਪ੍ਰਸ਼ਾਸਨਿਕ ਉੱਚ ਅਹੁਦਿਆਂ ‘ਤੇ ਵੀ ਰਹੇ ਹਨ। ਇਸੇ ਕਾਰਨ ਉਹ ਟਰੂਡੋ ਦੇ ਗੈਰ-ਪ੍ਰਭਾਵੀ ਦੂਜੇ ਕਾਰਜਕਾਲ ਦੇ ਬਾਵਜੂਦ ਚੋਣ ਪੰਡਿਤਾਂ ਦੀ ਨਜ਼ਰ ਵਿੱਚ ਮੌਜੂਦਾ ਚੋਣ ਮੁਹਿੰਮ ਵਿੱਚ ਬਾਕੀ ਪਾਰਟੀਆਂ ਦੇ ਮੁਕਾਬਲੇ ਲੀਡ ਕਰਦੇ ਵਿਖਾਈ ਦੇ ਰਹੇ ਹਨ। ਲੋਕਾਂ ਨੂੰ ਆਸ ਹੈ ਕਿ



ਲਿਬਰਲ ਪਾਰਟੀ ਦੇ ਆਗੂ ਮਾਰਕ ਕਾਰਨੀ ਅਤੇ ਐਨ.ਡੀ.ਪੀ. ਲੀਡਰ ਜਗਮੀਤ ਸਿੰਘ

ਲਿਬਰਲ ਪਾਰਟੀ ਦਾ ਨਵਾਂ ਆਗੂ ਕਿਉਂਕਿ ਆਰਥਕ ਮਾਮਲਿਆਂ ਦਾ ਮਾਹਿਰ ਹੈ, ਇਸ ਲਈ ਵਿੱਤੀ ਅਤੇ ਕਾਰੋਬਾਰੀ ਖੇਤਰ ਵਿੱਚ ਦੇਸ਼ ਨੂੰ ਮੁੜ ਪੈਰਾਂ ਸਿਰ ਕਰ ਸਕਦਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਜਦੋਂ ਜਸਟਿਨ ਟਰੂਡੋ ਪ੍ਰਧਾਨ ਮੰਤਰੀ ਸਨ ਤਾਂ ਲਿਬਰਲ ਪਾਰਟੀ ਦਾ ਗਰਾਫ ਕਾਫੀ ਨੀਵਾਂ ਚਲਾ ਗਿਆ ਸੀ ਅਤੇ ਕਨਜ਼ਰਵੇਟਿਵ ਪਾਰਟੀ ਨੂੰ ਇਸ ਦਾ ਲਾਭ ਹੁੰਦਾ ਵਿਖਾਈ ਦੇ ਰਿਹਾ ਸੀ। ਪਰ ਚੋਣਾਂ ਦੇ ਐਲਾਨ ਤੋਂ ਬਾਅਦ ਸਰਵੇਖਣਾਂ ਅਨੁਸਾਰ ਕਾਰਨੀ ਦੀ ਅਗਵਾਈ ਵਿੱਚ ਲਿਬਰਲ ਪਾਰਟੀ ਨੇ ਆਪਣੀ ਲੀਡ ਬਣਾ ਕੇ ਰੱਖੀ ਹੋਈ ਹੈ।

ਇਸ ਹਾਲਤ ਦੇ ਦਰਮਿਆਨ ਬੀਤੇ ਹਫਤੇ ਹੋਈ ਬਹਿਸ ਵਿੱਚ ਮਾਰਕ ਕਾਰਨੀ ‘ਟਰੂਡੋ ਵਿਰਾਸਤ’ ਨੂੰ ਲੈ ਕੇ ਤਕਰੀਬਨ ਸਾਰੀਆਂ ਪਾਰਟੀਆਂ ਦੀ ਆਲੋਚਨਾ ਦਾ ਕੇਂਦਰ ਬਣੇ, ਪਰ ਫਿਰ ਵੀ ਉਨ੍ਹਾਂ ਨੇ ਆਪਣਾ ਦਾਮਨ ਕਿਸੇ ਨਾ ਕਿਸੇ ਤਰ੍ਹਾਂ ਬਚਾ ਕੇ ਰੱਖਿਆ। ਵਿਰੋਧੀਆਂ ਦੇ ਲਿਬਰਲ ਰਾਜ ‘ਤੇ ਹਮਲਿਆਂ ਦਰਮਿਆਨ ਉਨ੍ਹਾਂ ਨੇ ਆਪਣੀ ਜਵਾਬਦੇਹੀ ਆਪਣੇ ਹੀ ਪ੍ਰਧਾਨ ਮੰਤਰੀ ਕਾਰਜਕਾਲ ਤੱਕ ਸੀਮਤ ਰੱਖੀ।

ਬਹਿਸ ਦੌਰਾਨ ਕਨਜ਼ਰਵੇਟਿਵ ਪਾਰਟੀ ਦੇ ਆਗੂ ਨੇ ਲਿਬਰਲ ਪਾਰਟੀ ਦੀ ਸਰਕਾਰ ‘ਤੇ ਇਹ ਦੋਸ਼ ਵਾਰ-ਵਾਰ ਲਾਇਆ ਕਿ ਉਨ੍ਹਾਂ ਨੇ ਆਪਣੀ ਸਰਕਾਰ ਦੇ ਕਾਰਜਕਾਲ ਵਿੱਚ ਕੈਨੇਡੀਅਨ ਆਰਥਿਕਤਾ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਹੈ, ਇਸ ਲਈ ਉਨ੍ਹਾਂ ਨੂੰ ਤੀਜੀ ਟਰਮ ਨਹੀਂ ਦਿੱਤੀ ਜਾਣੀ ਚਾਹੀਦੀ। ਇਸ ਤੋਂ ਇਲਾਵਾ ਐਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਨੇ ਊਰਜਾ ਖੇਤਰ ਸਮੇਤ ਵਾਤਾਵਰਣ ਤਬਦੀਲੀ, ਪਬਲਿਕ ਅਤੇ ਕੌਮੀ ਸੁਰੱਖਿਆ ਸਮੇਤ ਕਈ ਮਸਲੇ ਉਠਾਏ। ਉਨ੍ਹਾਂ ਕਿਹਾ ਕਿ ਕਾਰਨੀ ਨੂੰ ਚੋਣਾਂ ਦਾ ਐਲਾਨ ਕਰਨ ਵਿੱਚ ਜਲਦੀ ਨਹੀਂ ਸੀ ਕਰਨੀ ਚਾਹੀਦੀ।

ਉਧਰ ਬਲਾਕ ਕਿਊਬਿਕ ਪਾਰਟੀ ਦੇ ਆਗੂ ਫਰੈਨਕੋ ਬਲੈਂਚੈਟ ਨੇ ਕਿਹਾ ਕਿ ਕਿਊਬਿਕ ਦੀਆਂ ਆਰਥਿਕ ਸਿਆਸੀ ਸਮੱਸਿਆਵਾਂ ਬਾਕੀ ਕੈਨੇਡਾ ਨਾਲੋਂ ਵੱਖਰੀਆਂ ਹਨ। ਇੱਥੋਂ ਦੀਆਂ ਵਿਸ਼ੇਸ਼ ਹਾਲਤਾਂ ਅਤੇ ਸਮੱਸਿਆਵਾਂ ਨੂੰ ਸਮਝ ਕੇ ਹੀ ਹੱਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਛੇੜੀ ਗਈ ਟਰੇਡ ਵਾਰ ਦੇ ਮੱਦੇਨਜ਼ਰ ਫੈਡਰਲ ਸਰਕਾਰ ਨੇ ਕਿਊਬਿਕ ਦੇ ਸਨਅਤੀ ਖੇਤਰ ਨੂੰ ਬਚਾਉਣ ਵਿੱਚ ਮਦਦ ਨਹੀਂ ਦਿੱਤੀ। ਭਾਵੇਂ ਅੰਗਰੇਜ਼ੀ ਭਾਸ਼ਾ ਵਿੱਚ ਦੋ ਘੰਟੇ ਤੱਕ ਚੱਲੀ ਇਸ ਬਹਿਸ ਵਿੱਚ ਬਾਕੀ ਤਿੰਨ ਪਾਰਟੀਆਂ ਦੇ ਆਗੂਆਂ ਨੇ ਮੁੱਖ ਹਮਲੇ ਮਾਰਕ ਕਾਰਨੀ ਵੱਲ ਹੀ ਸੇਧਤ ਰੱਖੇ, ਪਰ ਵਿੱਚ ਵਿਚਾਲੇ ਉਹ ਕੁਝ ਸਵਾਲਾਂ ਨੂੰ ਲੈ ਕੇ ਆਪਸ ਵਿੱਚ ਵੀ ਉਲਝਦੇ ਰਹੇ। ਬਹਿਸ ਦੌਰਾਨ ਐਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਨੇ ਕਨਜ਼ਰਵੇਟਿਵ ਆਗੂ ਪੋਲੀਵਰ ‘ਤੇ ਦੋਸ਼ ਲਾਇਆ ਕਿ ਉਹ ਅਮੀਰ ਕੈਨੇਡੀਅਨਾਂ ਅਤੇ ਵੱਡੇ ਵਪਾਰੀਆਂ ਨੂੰ ਟੈਕਸ ਛੋਟਾਂ ਪ੍ਰਦਾਨ ਕਰਨਾ ਚਾਹੁੰਦੇ ਹਨ। ਮੰਚ ਦਾ ਸੰਚਾਲਨ ਕਰ ਰਹੇ ਸਟੀਵ ਪੇਕਿਨ ਨੇ ਇਸ ਸਵਾਲ ਦਾ ਜਵਾਬ ਦੇਣ ਲਈ ਪੋਲੀਵਰ ਵੱਲ ਇਸ਼ਾਰਾ ਕੀਤਾ, ਪਰ ਉਨ੍ਹਾਂ ਨੇ ਫਿਰ ਵੀ ਆਪਣੀ ਅਲੋਚਨਾਤਮਕ ਸੂਈ ਕਾਰਨੀ ‘ਤੇ ਕੇਂਦਰਤ ਰੱਖੀ।

ਐਨ.ਡੀ.ਪੀ. ਲੀਡਰ ਜਗਮੀਤ ਸਿੰਘ ਨੇ ਕਨਜ਼ਰਵੇਟਿਵ ਆਗੂ ਪੋਲੀਵਰ ‘ਤੇ ਕੀਤੇ ਗਏ ਇਕ ਸਵਾਲ ਵਿੱਚ ਕਿਹਾ ਕਿ ਪੋਲੀਵਰ ਜਦੋਂ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਸਰਕਾਰ ਵਿੱਚ ਵਸੇਬੇ ਦੇ ਮਾਮਲਿਆਂ ਬਾਰੇ ਮੰਤਰੀ ਸਨ ਤਾਂ ਉਨ੍ਹਾਂ ਨੇ ਸਿਰਫ ਛੇ ਮਕਾਨ ਬਣਾਏ। ਇਸ ਦੇ ਜਵਾਬ ਵਿੱਚ ਪੋਲੀਵਰ ਨੇ ਮੋੜਵਾਂ ਹਮਲਾ ਕਰਦਦਿਆਂ ਕਿਹਾ, ‘ਸਿੰਘ ਹਿਸਾਬ ਵਿੱਚ ਢਿੱਲੇ ਜਾਪਦੇ ਹਨ।’ ਪੋਲੀਵਰ ਨੇ ਕਿਹਾ ਕਿ ਜਦੋਂ ਉਹ ਮੰਤਰੀ ਸਨ ਤਾਂ 2 ਲੱਖ ਘਰ ਬਣਾਏ ਗਏ ਸਨ। ਇੱਥੇ ਇਹ ਵੀ ਦੱਸਣਯੋਗ ਹੈ ਕਿ 2015 ਵਿੱਚ ਪੋਲੀਵਰ ਹਾਰਪਰ ਸਰਕਾਰ ਵਿੱਚ ਮੰਤਰੀ ਸਨ ਤਾਂ ਉਨ੍ਹਾਂ ਇਹ ਛੇ ਘਰ ਮੁਨਾਫਾ ਰਹਿਤ ਕਮਿਊਨਿਟੀ ਖੇਤਰ ਵਿੱਚ ਬਣਾਏ ਗਏ ਸਨ। ਇਸ ਤੋਂ ਇਲਾਵਾ ਫੈਡਰਲ ਸਰਕਾਰ ਦੀ ਮੱਦਦ ਨਾਲ 3742 ਘਰ ਹੋਰ ਬਣਾਏ ਗਏ ਸਨ। ਉਂਝ ਬਹਿਸ ਦੌਰਾਨ ਪੋਲੀਵਰ ਨੇ ਆਪਣੇ ਮੁੱਖ ਵਿਰੋਧੀ ਕਾਰਨੀ ਨੂੰ ਵਾਰ-ਵਾਰ ਘੇਰਨ ਦਾ ਯਤਨ ਕੀਤਾ। ਉਨ੍ਹਾਂ ਕਿਹਾ ਕਿ ਟਰੂਡੋ ਸਰਕਾਰ ਕੋਵਿਡ ਬਿਮਾਰੀ ਦੇ ਫੈਲਣ ਵੇਲੇ ਕਾਰਨੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਮੁੱਖ ਸਲਾਹਕਾਰ ਸਨ; ਪਰ ਕਾਰਨੀ ਨੇ ਇਸ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਆਪਣੀਆਂ ਨਵੇਕਲੀਆਂ ਨੀਤੀਆਂ ਕਾਰਨ ਵੱਖਰੇ ਵਿਅਕਤੀ ਹਨ। ਉਨ੍ਹਾਂ ਕਨਜ਼ਰਵੇਟਿਵ ਆਗੂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸਾਲਾਂ ਤੋਂ ਜਿਸ ਕਾਰਬਨ ਟੈਕਸ ਅਤੇ ਟਰੂਡੋ ਦਾ ਉਹ ਵਿਰੋਧ ਕਰਦੇ ਰਹੇ ਹਨ, ਉਹ ਦੋਨੋ ਚਲੇ ਗਏ ਹਨ।

ਉਪਰੋਕਤ ਤੋਂ ਇਲਾਵਾ ਮੁਲਕ ਅਤੇ ਕੈਨੇਡਾ ਦੇ ਸ਼ਹਿਰੀਆਂ ਦੀ ਸੁਰੱਖਿਆ ਦਾ ਮਸਲਾ ਵੀ ਅੰਗਰੇਜ਼ੀ ਬਹਿਸ ਦਾ ਮੁੱਦਾ ਬਣਿਆ। ਇਸ ਮਸਲੇ ਨੂੰ ਲੈ ਕੇ ਪੋਲੀਵਰ ਨੇ ਹੱਦੋਂ ਵਧ ਗਏ ਜੁਰਮਾਂ ਲਈ ਲਿਬਰਲ ਪਾਰਟੀ ਨੂੰ ਜ਼ਿੰਮੇਵਾਰ ਠਹਿਰਾਇਆ। ਇਸ ਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਕਾਰਨੀ ਨੇ ਕਿਹਾ ਕਿ ਸਭ ਤੋਂ ਵੱਡਾ ਖਤਰਾ ਚੀਨ ਤੋਂ ਹੈ। ਉਹ ਸਾਡੇ ਚੋਣ ਅਮਲ ਵਿੱਚ ਦਖਲ ਦੇਣ ਦਾ ਯਤਨ ਕਰ ਸਕਦਾ ਹੈ। ਜਗਮੀਤ ਸਿੰਘ ਨੇ ਸਰਹੱਦ ਪਾਰੋਂ ਸਮਗਲ ਕੀਤੇ ਜਾ ਰਹੇ ਅਸਲੇ ਨੂੰ ਮੁੱਖ ਜ਼ਿੰਮੇਵਾਰ ਠਹਿਰਾਇਆ।

ਉਧਰ ਬਲਾਕ ਕਿਊਬਿਕ ਪਾਰਟੀ ਦੇ ਆਗੂ ਫਰੈਨਕੋ ਬਲੈਂਚੈਟ ਨੇ ਕਿਹਾ ਕਿ ਮੇਰੀ ਸਭ ਤੋਂ ਵੱਡੀ ਚਿੰਤਾ ਸਾਡੀ ਕੌਮੀ ਸੁਰੱਖਿਆ ਦਾ ਅਮਰੀਕਾ ‘ਤੇ ਮੁਨੱਸਰ ਹੋਣਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀਆਂ ਸੁਰੱਖਿਆ ਫੋਰਸਾਂ ਨੂੰ ਮਜਬੂਤ ਕਰਨਾ ਚਾਹੀਦਾ ਹੈ। ਇਸ ਬਹਿਸ ਦੇ ਅੰਤ ਜਿਹੇ ਵਿੱਚ ਹਰ ਇੱਕ ਲੀਡਰ ਨੂੰ ਕਿਸੇ ਦੂਜੇ ਨੂੰ ਸਵਾਲ ਕਰਨ ਲਈ ਕਿਹਾ ਗਿਆ, ਪਰ ਸਾਰਿਆਂ ਨੇ ਆਪਣੇ ਸਵਾਲ ਪ੍ਰਧਾਨ ਮੰਤਰੀ ਕਾਰਨੀ ਨੂੰ ਹੀ ਕੀਤੇ। ਅਖੀਰ ਵਿੱਚ ਮਜ਼ਾਕੀਆ ਲਹਿਜੇ ਵਿੱਚ ਕਾਰਨੀ ਨੇ ਕਿਹਾ ਕਿ, ‘ਮੈਂ ਪੋਲੀਵਰ ਦੀ ਥਾਂ ਆਪਣੇ ਆਪ ਨੂੰ ਸਵਾਲ ਕਰਨ ਜਾ ਰਿਹਾ ਹਾਂ।’

# ਸਵਰਗੀ ਰਾਜਿੰਦਰ ਸਿੰਘ ਬੈਂਸ ਨੂੰ ਸ਼ਰਧਾਂਜਲੀਆਂ

**ਕਰਾਊਨ ਪੁਆਇੰਟ, ਇੰਡੀਆਨਾ:** ਗੁਰਦੁਆਰਾ ਕਰਾਊਨ ਪੁਆਇੰਟ ਵਿਖੇ ਲੰਘੀ 19 ਅਪਰੈਲ ਨੂੰ ਵੱਡੀ ਗਿਣਤੀ ਵਿੱਚ ਆਈਆਂ ਸੰਗਤਾਂ ਨੇ ਸਵਰਗੀ ਰਾਜਿੰਦਰ ਸਿੰਘ ਬੈਂਸ ਦੀ ਮਿੱਠੀ ਯਾਦ ਵਿੱਚ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸ਼ਰਧਾਜਲੀਆਂ ਭੇਟ ਕੀਤੀਆਂ। ਯਾਦ ਰਹੇ, ਸ. ਬੈਂਸ ਗੁਰੂ ਘਰ ਦੀ ਉਸਾਰੀ ਦੇ ਮੋਢੀਆਂ ਵਿੱਚੋਂ ਸਨ। ਅਕਾਲ ਚਲਾਣੇ ਤੋਂ ਪਹਿਲਾਂ ਉਹ ਟਰੱਸਟੀ ਅਤੇ ਖਜ਼ਾਨਚੀ ਦੀ ਸੇਵਾ ਨਿਭਾਅ ਰਹੇ ਸਨ। ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀ ਸਿੰਘ ਸਾਹਿਬਾਨ ਨੇ ਵੈਰਾਗਮਈ ਕੀਰਤਨ ਅਤੇ ਕਥਾ ਵਿਆਖਿਆ ਕਰ ਕੇ ਪਰਿਵਾਰ ਨੂੰ ਗੁਰਬਾਣੀ ਮੁਤਾਬਕ ਜੀਵਨ ਬਤੀਤ ਕਰਨ ਤੇ ਭਾਣਾ ਮੰਨਣ ਦੀ ਬੇਨਤੀ ਕੀਤੀ।

ਗੁਰੂ ਘਰ ਦੇ ਪ੍ਰਧਾਨ ਸ. ਸਰਵਣ ਸਿੰਘ ਟਿਵਾਣਾ ਨੇ ਪਰਿਵਾਰ ਨਾਲ ਹਮਦਰਦੀ ਜਤਾਉਂਦਿਆਂ ਸੰਗਤ ਵਿੱਚੋਂ ਕੁਝ ਬੁਲਾਰਿਆਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਦੀ ਬੇਨਤੀ ਕੀਤੀ। ਸਭ ਤੋਂ ਪਹਿਲਾਂ ਰਵਿੰਦਰ ਸਿੰਘ ਸਹਿਰਾਅ ਨੇ ਅੰਗਰੇਜ਼ੀ ਸਾਹਿਤ ਜਗਤ ਦੇ ਪ੍ਰਸਿੱਧ ਨਾਟਕਕਾਰ ਅਤੇ ਕਵੀ ਸ਼ੇਕਸਪੀਅਰ ਦੇ ਹਵਾਲੇ ਨਾਲ ਦੱਸਿਆ ਕਿ ਇਹ ਦੁਨੀਆਂ ਇੱਕ ਰੰਗ ਮੰਚ ਹੈ, ਜਿਸ ਵਿੱਚ ਰੰਗ-ਬਰੰਗੇ ਕਿਰਦਾਰ ਹਨ; ਜਿਵੇਂ ਉਹ ਪਰਦਾ ਡਿੱਗਣ ‘ਤੇ ਅਲੋਪ ਹੋ ਜਾਂਦੇ ਹਨ, ਇਵੇਂ ਹੀ ਮਨੁੱਖੀ ਜੀਵ ਵੀ ਆਪੋ ਆਪਣਾ ਕਿਰਦਾਰ ਨਿਭਾਅ ਕੇ ਇਸ ਦੁਨੀਆਂ ਤੋਂ ਰੁਖਸਤ ਹੋ ਜਾਂਦੇ ਹਨ।

ਸ਼ਿਕਾਗੋ ਤੋਂ ਡਾ. ਹਰਜਿੰਦਰ ਸਿੰਘ ਖਹਿਰਾ ਅਤੇ ਰੰਗਕਰਮੀ ਗੁਰਮੁਖ ਸਿੰਘ ਭੁੱਲਰ ਨੇ ਵੀ ਸਵਰਗੀ ਰਾਜਿੰਦਰ ਸਿੰਘ ਬੈਂਸ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਮਿਸ਼ੀਗਨ ਤੋਂ ਆਏ ਰਾਜਬੀਰ ਸਿੰਘ ਨੇ ਵੀ ਪਰਿਵਾਰ ਨਾਲ ਹਮਦਰਦੀ ਜਾਹਰ ਕੀਤੀ। ਇਹ ਸ. ਬੈਂਸ ਦੀ ਹਰਮਨਪਿਆਰਤਾ ਹੀ ਸੀ ਕਿ ਇੰਡੀਆਨਾ ਤੋਂ ਇਲਾਵਾ ਵਿਸਕਾਨਸਿਨ, ਮਿਸ਼ੀਗਨ ਤੇ ਇਲੀਨਾਏ ਸਟੇਟਾਂ ਤੋਂ ਵੀ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਭਰਦਿਆਂ ਸਵਰਗੀ ਬੈਂਸ ਨੂੰ ਸ਼ਰਧਾਂਜਲੀ ਭੇਟ ਕੀਤੀ।

ਅਖੀਰ ਵਿੱਚ ਸ. ਸਰਵਣ ਸਿੰਘ ਟਿਵਾਣਾ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਨੇ ਸਵਰਗੀ ਬੈਂਸ ਦੇ ਸਪੁੱਤਰ ਪਰਮਬੀਰ ਸਿੰਘ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਪਰਿਵਾਰ ਵੱਲੋਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



*ਸ. ਸਰਵਣ ਸਿੰਘ ਟਿਵਾਣਾ, ਸ੍ਰੀਮਤੀ ਬਲਜੀਤ ਕੌਰ ਬੈਂਸ ਨਾਲ ਦੁੱਖ ਸਾਂਝਾ ਕਰਨ ਸਮੇਂ*







# ਸ਼ਿਕਾਗੋ ਸਿਟੀ ਕੌਂਸਲ ਵਿੱਚ 'ਅਪਰੈਲ-ਸਿੱਖ ਜਾਗਰੂਕਤਾ ਤੇ ਪ੍ਰਸ਼ੰਸਾ ਮਹੀਨਾ' ਦੀ ਚਰਚਾ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਸਿੱਖ ਭਾਈਚਾਰੇ ਲਈ ਇਹ ਇੱਕ ਹੋਰ ਮਾਣ ਵਾਲੀ ਗੱਲ ਹੈ ਕਿ ਸ਼ਿਕਾਗੋ ਸਿਟੀ ਕੌਂਸਲ ਚੈਂਬਰਜ਼ ਵਿਖੇ ਸ਼ਿਕਾਗੋ ਦੇ ਮੇਅਰ ਬ੍ਰੈਂਡਨ ਜੌਹਨਸਨ ਅਤੇ 11ਵੇਂ ਵਾਰਡ ਦੀ ਐਲਡਰਵੂਮੈਨ ਨਿਕੋਲ ਲੀ ਦੀ ਮੌਜੂਦਗੀ ਵਿੱਚ 'ਅਮਰੀਕੀ ਵਿਰਾਸਤ ਅਤੇ ਦੇਸ਼ ਤੇ ਦੁਨੀਆ ਲਈ ਸਿੱਖਾਂ ਦੇ ਯੋਗਦਾਨ' ਦੇ ਸਨਮਾਨ ਹਿੱਤ 'ਅਪਰੈਲ-ਸਿੱਖ ਜਾਗਰੂਕਤਾ ਅਤੇ ਪ੍ਰਸ਼ੰਸਾ ਮਹੀਨਾ' ਦੀ ਚਰਚਾ ਹੋਈ। ਇਸ ਮੌਕੇ ਸਿਟੀ ਕੌਂਸਲ ਨੂੰ ਅਪਰੈਲ ਮਹੀਨੇ ਸਬੰਧੀ ਪ੍ਰੋਕਲਾਮੇਸ਼ਨ ਮੁਹੱਈਆ ਕੀਤਾ ਗਿਆ। ਚੇਤੇ ਰਹੇ, ਅਪਰੈਲ ਦਾ ਮਹੀਨਾ ਸਿੱਖ ਭਾਈਚਾਰੇ ਲਈ ਇਸਦੀ ਮਹੱਤਤਾ ਕਰਕੇ ਚੁਣਿਆ ਗਿਆ ਸੀ। ਇਸ ਵਿੱਚ 14 ਅਪਰੈਲ 1699 ਨੂੰ 'ਖਾਲਸਾ ਸਾਜਨਾ ਦਿਵਸ' ਅਤੇ 14 ਅਪਰੈਲ 1469 ਨੂੰ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦਾ ਜਨਮ (ਨਾਨਕਸ਼ਾਹੀ ਕੈਲੰਡਰ ਮੁਤਾਬਕ) ਵੀ ਸ਼ਾਮਲ ਹੈ। 'ਵਿਸਾਖੀ' ਦਾ ਪੰਜਾਬੀ ਸੱਭਿਆਚਾਰਕ ਵਾਢੀ ਤਿਉਹਾਰ ਵੀ 14 ਅਪਰੈਲ ਨੂੰ ਆਉਂਦਾ ਹੈ। ਦੂਜੇ ਸਿੱਖ ਗੁਰੂ ਅੰਗਦ ਦੇਵ ਜੀ ਦਾ ਜਨਮ 18 ਅਪਰੈਲ 1504 ਨੂੰ ਹੋਇਆ ਸੀ ਅਤੇ ਨੌਵੇਂ ਗੁਰੂ ਤੇਗ ਬਹਾਦਰ ਜੀ ਦਾ ਜਨਮ 18 ਅਪਰੈਲ 1621 ਨੂੰ ਹੋਇਆ ਸੀ।



ਇਲੀਨਾਏ ਵਿੱਚ ਸਿੱਖਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸਿੱਖ ਭਾਈਚਾਰੇ ਵੱਲੋਂ ਅਪਰੈਲ ਮਹੀਨੇ ਦੌਰਾਨ ਕਈ ਸਮਾਗਮਾਂ ਅਤੇ ਗਤੀਵਿਧੀਆਂ ਦੀ ਯੋਜਨਾ ਬਣਾਈ ਗਈ ਹੈ। ਇਨ੍ਹਾਂ ਵਿੱਚ ਸਿੱਖ ਧਰਮ ਬਾਰੇ ਪੜ੍ਹਾਉਣ ਦੀਆਂ ਕਲਾਸਾਂ, ਸਿੱਖ ਪ੍ਰਦਰਸ਼ਨੀਆਂ, ਸਥਾਨਕ ਲਾਇਬ੍ਰੇਰੀਆਂ ਵਿੱਚ ਸੈਮੀਨਾਰ, ਯੂਨੀਵਰਸਿਟੀਆਂ ਵਿੱਚ ਲੈਕਚਰ, ਸਿੱਖ ਫਿਲਮ ਫੈਸਟੀਵਲ, ਸੱਭਿਆਚਾਰਕ ਪ੍ਰਦਰਸ਼ਨ ਅਤੇ ਪੰਜਾਬੀ ਭਾਸ਼ਾ ਦੇ ਜਸ਼ਨ, ਲੋੜਵੰਦ ਕਮਿਊਨਿਟੀ ਸੈਂਟਰਾਂ ਵਿੱਚ ਭੋਜਨ ਪ੍ਰਦਾਨ ਕਰਨਾ, ਇਲੀਨਾਏ ਸਟੇਟ ਪਿੰਡਾਂ, ਸ਼ਹਿਰਾਂ, ਟਾਊਨਸ਼ਿਪਾਂ ਅਤੇ ਕਾਊਂਟੀ ਪੱਧਰ ਦੀਆਂ ਸਰਕਾਰਾਂ ਵਿੱਚ ਪ੍ਰਾਰਥਨਾਵਾਂ, ਮਤੇ ਅਤੇ ਘੋਸ਼ਣਾਵਾਂ ਸ਼ਾਮਲ ਹਨ। ਸ਼ਿਕਾਗੋ ਸ਼ਹਿਰ ਦੇ ਪਿੰਡਾਂ- ਅਰੋਰਾ, ਐਲਜਿਨ, ਹਾਫਮੈਨ ਅਸਟੇਟ, ਪੈਲਾਟਾਈਨ, ਕੈਰੋਲ ਸਟ੍ਰੀਮ, ਹੈਨੋਵਰ ਪਾਰਕ, ਹੈਨੋਵਰ ਟਾਊਨਸ਼ਿਪ, ਪੈਲਾਟਾਈਨ ਟਾਊਨਸ਼ਿਪ, ਲੇਕ ਕੁੱਕ ਤੇ ਡੂਪੇਜ ਕਾਊਂਟੀਆਂ ਨੇ ਇਸ ਸਿੱਖ ਜਾਗਰੂਕਤਾ ਅਤੇ ਪ੍ਰਸ਼ੰਸਾ ਮਹੀਨੇ ਲਈ ਘੋਸ਼ਣਾਵਾਂ ਕੀਤੀਆਂ ਹੋਈਆਂ ਹਨ।

'ਸਿੱਖ ਜਾਗਰੂਕਤਾ ਅਤੇ ਪ੍ਰਸ਼ੰਸਾ ਮਹੀਨਾ' ਸਬੰਧੀ ਪਿੱਛਲ ਛਾਤ ਮਾਈਏ ਤਾਂ ਇਲੀਨਾਏ ਜਨਰਲ ਅਸੈਂਬਲੀ ਦੁਆਰਾ ਅਪਰੈਲ ਮਹੀਨੇ ਨੂੰ 'ਸਿੱਖ ਜਾਗਰੂਕਤਾ ਅਤੇ ਪ੍ਰਸ਼ੰਸਾ ਮਹੀਨਾ' ਵਜੋਂ ਮਾਨਤਾ ਦਿੱਤੀ ਹੋਈ ਹੈ। ਇਲੀਨਾਏ ਸਟੇਟ ਦੇ ਗਵਰਨਰ ਜੇ.ਬੀ. ਪ੍ਰਿਟਜ਼ਕਰ ਨੇ 3 ਅਗਸਤ 2019 ਨੂੰ ਬਿੱਲ ਐਚ.ਬੀ. 2832 'ਤੇ ਦਸਤਖਤ ਕਰਕੇ ਇਲੀਨਾਏ ਸਟੇਟ ਵਿੱਚ 'ਅਪਰੈਲ ਨੂੰ ਸਿੱਖ ਜਾਗਰੂਕਤਾ ਅਤੇ ਪ੍ਰਸ਼ੰਸਾ ਮਹੀਨਾ' ਵਜੋਂ ਮਨੋਨੀਤ ਕੀਤਾ ਗਿਆ ਹੈ। ਇਹ ਸਮਾਗਮ ਸਿੱਖ ਰਿਲੀਜੀਅਸ ਸੁਸਾਇਟੀ (ਐਸ.ਆਰ.ਐਸ.) ਗੁਰਦੁਆਰਾ ਪੈਲਾਟਾਈਨ ਵਿਖੇ ਹੋਇਆ ਸੀ। ਉਦੋਂ ਗਵਰਨਰ ਨੇ ਸਿੱਖਾਂ ਅਤੇ ਮਹਿਮਾਨਾਂ ਦੀ ਮੌਜੂਦਗੀ ਵਿੱਚ ਬਿੱਲ 'ਤੇ ਦਸਤਖਤ ਕੀਤੇ ਸਨ। ਇਹ ਬਿੱਲ ਦੋਵਾਂ ਸਦਨਾਂ ਵੱਲੋਂ ਪਾਸ ਹੈ ਅਤੇ ਇਸਨੂੰ 1 ਜਨਵਰੀ 2020 ਤੋਂ ਲਾਗੂ ਕਾਨੂੰਨ ਬਣਾ ਦਿੱਤਾ ਹੋਇਆ ਹੈ।

ਇਸ ਸਬੰਧੀ ਰਾਜਿੰਦਰ ਬੀਰ ਸਿੰਘ ਮਾਗੋ ਨੇ ਕਿਹਾ ਕਿ ਮੁੱਖ ਧਾਰਾ ਵਿੱਚ ਸਾਡੇ ਭਾਈਚਾਰੇ ਬਾਰੇ ਜਾਗਰੂਕਤਾ ਪੈਦਾ ਕਰਨ ਨਾਲ ਯਕੀਨੀ ਤੌਰ 'ਤੇ ਵਿਤਕਰਾ, ਨਫ਼ਰਤ ਭਰੇ ਭਾਸ਼ਣ, ਸਕੂਲਾਂ ਵਿੱਚ ਧੱਕੇਸ਼ਾਹੀ ਅਤੇ ਸਾਡੇ ਭਾਈਚਾਰੇ ਤੇ ਧਾਰਮਿਕ ਸਥਾਨਾਂ ਵਿਰੁੱਧ ਨਫ਼ਰਤ ਦੇ ਅਪਰਾਧ ਘਟ ਜਾਂਦੇ ਹਨ, ਜੋ ਕਿ 9/11 ਤੋਂ ਬਾਅਦ ਵਧ ਗਏ ਸਨ। ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਦੇ ਸਾਬਕਾ ਪ੍ਰਧਾਨ ਡਾ. ਪ੍ਰਦੀਪ ਸਿੰਘ ਗਿੱਲ ਅਤੇ ਅਮਰਦੇਵ ਸਿੰਘ ਬੰਦੇਸ਼ਾ ਤੇ ਸਰਵਣ ਸਿੰਘ ਬੋਲੀਨਾ ਨੇ ਕਿਹਾ ਕਿ ਸਿੱਖ ਭਾਈਚਾਰੇ ਲਈ ਅਪਰੈਲ ਮਹੀਨੇ ਦੀ ਧਾਰਮਿਕ ਅਤੇ ਸੱਭਿਆਚਾਰਕ ਮਹੱਤਤਾ ਹੈ। ਸਿੱਖ ਜਾਗਰੂਕਤਾ ਮਹੀਨੇ ਦੇ ਬਹੁਤ ਮਹੱਤਵਪੂਰਨ ਨਾਮਕਰਨ ਨੂੰ ਕਾਨੂੰਨੀ ਰੂਪ ਦੇਣਾ ਗਵਰਨਰ ਪ੍ਰਿਟਜ਼ਕਰ ਦੀ ਇਹ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਕਿ ਇਲੀਨਾਏ ਸਟੇਟ ਵਿੱਚ ਸਿੱਖ ਸਾਡੇ ਵਧ ਰਹੇ ਸਮਾਜ ਦਾ ਇੱਕ ਅਹਿਮ ਅਤੇ ਕੀਮਤੀ ਹਿੱਸਾ ਹਨ।






# ਯੁਨਾਈਟਿਡ ਪੰਜਾਬੀਜ਼ ਆਫ ਅਮੈਰਿਕਾ ਨੇ ਮਨਾਏ ਵਿਸਾਖੀ ਦੇ ਜਸ਼ਨ

**ਸ਼ਿਕਾਗੋ:** ਯੁਨਾਈਟਿਡ ਪੰਜਾਬੀਜ਼ ਆਫ ਅਮੈਰਿਕਾ (ਯੂ.ਪੀ.ਏ.) ਵੱਲੋਂ ਲੰਘੀ 12 ਅਪਰੈਲ ਨੂੰ ਨੇਪਰਵਿਲ ਦੇ ਯੈਲੋ ਬੌਕਸ ਵਿੱਚ ਕਰਵਾਇਆ ਗਿਆ ਵਿਸਾਖੀ ਮੇਲਾ 'ਰੌਸ਼ਨੀਆਂ, ਸੱਭਿਆਚਾਰ ਤੇ ਐਕਸ਼ਨ' ਦਾ ਸੁਮੇਲ ਹੋ ਨਿਬੜਿਆ। ਮੇਲੇ ਵਿੱਚ 100 ਤੋਂ ਵੱਧ ਕਲਾਕਾਰਾਂ ਨੇ ਵਿਸਾਖੀ ਦੇ ਜਸ਼ਨ ਮਨਾਏ। ਇਹ ਸਮਾਗਮ ਵਿਸਾਖੀ ਦੇ ਤਿਓਹਾਰ ਨੂੰ ਸਮਰਪਿਤ ਸੀ- ਜੋ ਵਾਢੀ ਦੇ ਮੌਸਮ ਨੂੰ ਦਰਸਾਉਂਦਾ ਹੈ ਅਤੇ ਖਾਲਸੇ ਦੇ ਜਨਮ ਦੀ ਯਾਦ ਦਿਵਾਉਂਦਾ ਹੈ।






ਯੂ.ਪੀ.ਏ. ਦੇ ਪ੍ਰਧਾਨ ਅਤੁਲ ਵਾਹੀ ਦੀ ਅਗਵਾਈ ਹੇਠ ਇਹ ਸਮਾਗਮ ਸਫਲ ਰਿਹਾ। ਰੂਹਾਨੀ ਸੰਗੀਤ ਤੋਂ ਲੈ ਕੇ ਊਰਜਾਵਾਨ ਭੰਗੜਾ ਅਤੇ ਖੁਸ਼ੀ ਭਰਿਆ ਮਾਹੌਲ ਇਸ ਮੇਲੇ ਦਾ ਹਾਸਲ ਸੀ। ਜਸ਼ਨਾਂ ਦੀ ਸ਼ੁਰੂਆਤ ਅਧਿਕਾਰਤ ਤੌਰ 'ਤੇ ਅਰੋਰਾ ਦੇ ਮੇਅਰ ਜੌਨ ਲੈਸ਼, ਨੈਪਰਵਿਲ ਦੇ ਮੇਅਰ ਸਕਾਟ ਵੇਹਰਲੀ, ਯੂ.ਪੀ.ਏ. ਪ੍ਰਧਾਨ ਅਤੁਲ ਵਾਹੀ, ਚੇਅਰਮੈਨ ਬ੍ਰਿਜ ਸ਼ਰਮਾ ਅਤੇ ਹੋਰ ਬੋਰਡ ਮੈਂਬਰਾਂ ਵੱਲੋਂ ਸ਼ਮ੍ਹਾ ਰੌਸ਼ਨ ਕਰਨ ਨਾਲ ਹੋਈ।

ਮੇਲੇ ਦੌਰਾਨ ਮਿਸਟਰ, ਮਿਸਿਜ਼ ਅਤੇ ਮਿਸ ਪੰਜਾਬੀ ਮੁਕਾਬਲਾ ਵੀ ਕਰਵਾਇਆ ਗਿਆ, ਜਿਸਦੀ ਮੇਜ਼ਬਾਨੀ ਅਸ਼ਵਨੀ ਮਹਾਜਨ ਅਤੇ ਅਤੁਲ ਵਾਹੀ ਨੇ ਕੀਤੀ। ਪ੍ਰਤੀਯੋਗੀਆਂ ਨੇ ਆਪਣੀ ਪ੍ਰਤਿਭਾ ਅਤੇ ਸੱਭਿਆਚਾਰਕ ਮਾਣ ਦਾ ਪ੍ਰਦਰਸ਼ਨ ਕੀਤਾ। ਰਿੰਪਲ ਡੋਗਰਾ, ਕਿਰਨ ਕੌਰ ਅਤੇ ਵਿਪਨ ਵਢੇਰਾ ਜੇਤੂ ਬਣ ਕੇ ਉਭਰੇ ਅਤੇ ਤਾੜੀਆਂ ਦੀ ਗੂੰਜ ਵਿੱਚ ਉਨ੍ਹਾਂ ਨੂੰ ਤਾਜ ਪਹਿਨਾਇਆ ਗਿਆ। ਜੱਜਾਂ ਦੇ ਪੈਨਲ ਵਿੱਚ ਰਘਬੀਰ ਸਿੰਘ, ਗਿੰਨੀ ਜੌਲੀ, ਰਮਾ ਕਾਲੜਾ ਅਤੇ ਗੁਰਲੀਨ ਕੌਰ ਸ਼ਾਮਲ ਸਨ।

ਇਸ ਸਮਾਗਮ ਦਾ ਇੱਕ ਮੁੱਖ ਆਕਰਸ਼ਣ ਯੂ.ਪੀ.ਏ. ਦੀ ਨਵੀਂ ਵੈੱਬਸਾਈਟ: https://upacihcago.org ਦਾ ਰਸਮੀ ਉਦਘਾਟਨ ਸੀ। ਇਹ ਵਿਆਪਕ ਔਨਲਾਈਨ ਪਲੇਟਫਾਰਮ ਯੂ.ਪੀ.ਏ. ਦੀਆਂ ਭਾਈਚਾਰਕ ਪਹਿਲਕਦਮੀਆਂ, ਸਮਾਗਮਾਂ ਤੇ ਪ੍ਰੋਗਰਾਮਾਂ ਵਿੱਚ ਇੱਕ ਵਿੰਡੋ ਪ੍ਰਦਾਨ ਕਰਦਾ ਹੈ ਅਤੇ ਪੰਜਾਬੀ ਅਮਰੀਕੀ ਭਾਈਚਾਰੇ ਨਾਲ ਜੁੜਨ ਦੀ ਇੱਛਾ ਰੱਖਣ ਵਾਲੇ ਕਿਸੇ ਵੀ ਵਿਅਕਤੀ ਲਈ ਇੱਕ-ਸਟਾਪ ਸਰੋਤ ਵਜੋਂ ਕੰਮ ਕਰਦਾ ਹੈ।




ਵੈੱਬਸਾਈਟ ਨੂੰ ਐਲ.ਐਲ.ਟੀ. ਸਮੂਹ ਦੁਆਰਾ ਯੂ.ਪੀ.ਏ. ਨੂੰ ਵਿਕਸਤ ਅਤੇ ਦਾਨ ਕੀਤਾ ਗਿਆ ਸੀ। ਆਸਾਨ ਨੈਵੀਗੇਸ਼ਨ, ਪ੍ਰੋਗਰਾਮ ਹਾਈਲਾਈਟਸ ਅਤੇ ਸੰਗਠਨਾਤਮਕ ਅਪਡੇਟਸ ਦੇ ਨਾਲ ਇਹ ਵੈੱਬਸਾਈਟ ਯੂ.ਪੀ.ਏ. ਦੀ ਡਿਜੀਟਲ ਆਊਟਰੀਚ ਅਤੇ ਸ਼ਮੂਲੀਅਤ ਰਣਨੀਤੀ ਵਿੱਚ ਇੱਕ ਵੱਡੀ ਛਾਲ ਹੈ।

ਇੱਕ ਹੋਰ ਮਾਣ ਵਾਲਾ ਪਲ ਉਹ ਸੀ, ਜਦੋਂ ਐਲਡਰਵੂਮੈਨ ਸ਼ਵੇਤਾ ਬੈਦ ਅਤੇ ਪ੍ਰੋਫੈਸਰ ਡਾ. ਰਾਜਨ ਸਚਦੇਵਾ ਨੂੰ ਉਨ੍ਹਾਂ ਦੀ ਸ਼ਾਨਦਾਰ ਭਾਈਚਾਰਕ ਸੇਵਾ ਅਤੇ ਅਗਵਾਈ ਲਈ ਸਨਮਾਨਿਤ ਕੀਤਾ ਗਿਆ ਸੀ। ਉਹ ਭਾਰਤੀ ਅਮਰੀਕੀਆਂ ਦੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੇ ਰਹਿੰਦੇ ਹਨ।

ਫਾਲਗੁਨੀ ਸੁਖਾਡੀਆ ਵੱਲੋਂ ਪੇਸ਼ ਯੂ.ਪੀ.ਏ. ਐਂਥਮ 'ਪੰਜਾਬੀ ਟਸ਼ਨ' ਦੇ ਲਾਂਚ ਮੌਕੇ ਸ਼ਾਨਦਾਰ ਬੀਟਸ ਅਤੇ ਰੂਹ ਨੂੰ ਛੂਹਣ ਵਾਲਾ ਸੰਗੀਤ ਸ਼ਾਮਲ ਸੀ। ਨੇਹਾ ਸੋਬਤੀ ਅਤੇ ਫਾਲਗੁਨੀ ਸੁਖਾਡੀਆ ਵੱਲੋਂ ਪੇਸ਼ ਸੱਭਿਆਚਾਰਕ ਪ੍ਰੋਗਰਾਮ ਭਾਵਨਾਤਮਕ ਦ੍ਰਿਸ਼ ਪੇਸ਼ ਕਰ ਰਿਹਾ ਸੀ। ਫਾਲ ਰਾਣਾ, ਮਹਾਸਵਤਾ ਗਾਂਗੁਲੀ, ਸੰਨੀ ਅਹੀਰ, ਅਨੁ ਭੱਟਾਚਾਰੀਆ, ਪ੍ਰੇਰਨਾ ਆਰੀਆ, ਪੂਜਾ ਜੋਸ਼ੀ, ਉਪਾਸਨਾ ਮਲਹੋਤਰਾ ਅਤੇ ਕਾਸ਼ਵੀ ਨਾਗਪਾਲ ਦੁਆਰਾ ਕੋਰੀਓਗ੍ਰਾਫ ਕੀਤੇ ਗਏ ਡਾਂਸ ਗਰੁੱਪਾਂ ਨੇ ਕਲਾਸੀਕਲ ਅਤੇ ਲੋਕ ਨਾਚ ਤੋਂ ਲੈ ਕੇ ਉੱਚ-ਊਰਜਾ ਵਾਲੇ ਬਾਲੀਵੁੱਡ ਤੱਕ ਦੇ ਸ਼ਾਨਦਾਰ 18 ਪ੍ਰਦਰਸ਼ਨ ਪੇਸ਼ ਕੀਤੇ। ਢੋਲ ਦੀਆਂ ਬੀਟਾਂ ਗੂੰਜ ਉਠੀਆਂ, ਜਦੋਂ ਹਰ ਕੋਈ ਇੱਕ ਜਸ਼ਨ ਵਿੱਚ ਸ਼ਾਮਲ ਹੋਇਆ।

ਧਰਮ ਪੁਨਵਾਨੀ ਦੀ ਵਿਸ਼ੇਸ਼ ਪ੍ਰਸ਼ੰਸਾ ਕੀਤੀ ਗਈ, ਜਿਨ੍ਹਾਂ ਦੇ ਅਟੁੱਟ ਸਮਰਥਨ ਅਤੇ ਸ਼ਮੂਲੀਅਤ ਨੇ ਸਮਾਗਮ ਦੀ ਸਫਲਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਅਤੁਲ ਵਾਹੀ ਦੁਆਰਾ ਪੇਸ਼ ਕੀਤੇ ਗਏ ਸਨਸਨੀਖੇਜ਼ ਜ਼ੈਨ ਬੇਗ ਦੇ ਲਾਈਵ ਕੰਸਰਟ ਨਾਲ ਮਾਹੌਲ ਬਿਜਲੀ ਵਾਲਾ ਹੋ ਗਿਆ। 'ਲੌਂਗ ਦਾ ਲਸ਼ਕਰਾ' ਅਤੇ 'ਤੁਣਕ ਤੁਣਕ ਤੁਣਕ ਤੁਣ' ਵਰਗੇ ਮੈਗਾ-ਹਿੱਟ ਗਾਣੇ ਪੇਸ਼ ਕੀਤੇ ਗਏ, ਜਿਸ ਨਾਲ ਕੰਸਰਟ ਹਾਲ ਇੱਕ ਪੰਜਾਬੀ ਨਾਚ ਅਖਾੜੇ ਵਿੱਚ ਬਦਲ ਗਿਆ।

ਮੇਲੇ ਨੂੰ ਯਾਦਗਾਰੀ ਬਣਾਉਣ ਲਈ ਯੂ.ਪੀ.ਏ. ਬੋਰਡ ਆਫ਼ ਡਾਇਰੈਕਟਰਜ਼ ਅਤੇ ਕਾਰਜਕਾਰੀ ਕਮੇਟੀ ਨੇ ਅਣਥੱਕ ਯਤਨ ਕੀਤੇ। ਮੁੱਖ ਦੂਰਦਰਸ਼ੀ ਅਤੇ ਇਵੈਂਟ ਆਰਕੀਟੈਕਟ ਯੂ.ਪੀ.ਏ. ਬੋਰਡ ਆਫ਼ ਡਾਇਰੈਕਟਰਜ਼ ਸਨ: ਬ੍ਰਿਜ ਸ਼ਰਮਾ (ਚੇਅਰ), ਗਿਰੀਸ਼ ਕਪੂਰ (ਵਾਈਸ ਚੇਅਰ), ਪ੍ਰਤਿਭਾ ਜੈਰਥ, ਰਮੇਸ਼ ਮਲਹਾਨ, ਰੋਜ਼ੀ ਭਸੀਨ, ਅਨੂ ਮਲਹੋਤਰਾ, ਮਧੂ ਉੱਪਲ। ਗਰਾਊਂਡ ਫੋਰਸ ਅਤੇ ਪ੍ਰੋਗਰਾਮ ਐਗਜ਼ੀਕਿਊਟਰ ਯੂ.ਪੀ.ਏ. ਕਾਰਜਕਾਰੀ ਕਮੇਟੀ ਦੇ ਮੈਂਬਰ ਸਨ: ਅਤੁਲ ਵਾਹੀ (ਪ੍ਰਧਾਨ), ਸਰਿਤਾ ਸੂਦ (ਉਪ ਪ੍ਰਧਾਨ), ਨੇਹਾ ਸੋਬਤੀ (ਉਪ ਪ੍ਰਧਾਨ), ਅਸ਼ਵਨੀ ਮਹਾਜਨ (ਸਕੱਤਰ), ਬੌਬੀ ਆਹਲੂਵਾਲੀਆ (ਸੰਯੁਕਤ ਸਕੱਤਰ), ਪ੍ਰੀਤੀ ਚਾਵਲਾ (ਖਜ਼ਾਨਚੀ), ਪੂਨਮ ਭਾਲਾ, ਗੁਰਪ੍ਰੀਤ ਸਿੰਘ, ਮਨਮੋਹਨ ਸ਼ੁਕਲਾ, ਫਾਲਗੁਨੀ ਸੁਖਾਡੀਆ (ਸੱਭਿਆਚਾਰਕ ਚੇਅਰ) ਅਤੇ ਸ਼ਿਵਮ ਵਿਸ਼ਵਨਾਥਨ (ਟੈਕ ਲੀਡ)। ਹੋਰ ਜਾਣਕਾਰੀ ਰੋਜ਼ੀ ਭਸੀਨ ਤੋਂ rosey.bhasin@gmail.com ਰਾਹੀਂ ਲਈ ਜਾ ਸਕਦਾ ਹੈ।

# Rangla Punjab Fox Valley




## VAISAKHI CELEBRATION

**MAY 10TH, 2025 (SATURDAY)**

**6:00 PM TO 10:00 PM**

## ਵਿਸਾਖੀ ਮੌਕੇ ਸੱਭਿਆਚਾਰਕ ਪ੍ਰੋਗਰਾਮ

**10 ਮਈ 2025 (ਸ਼ਨਿਚਰਵਾਰ)**

**ਸ਼ਾਮ 6 ਤੋਂ ਰਾਤ 10 ਵਜੇ ਤੱਕ**

**Sunnyview Exposition Centre**
625 E. County Rd., #500
Oshkosh, WI 54901

**Free Entry, Free Food**

*For More Information Call*

Sarbjit Singh 920-915-9976
Amritpal Gill 920-460-1001
Davinder Dhami 920-707-4167
Sunny Ahuja 920-475-6033

Members: Swarn Singh, Rikhi Chalana, Raminder Rama, Jaswinder Vicky, Sumarjot Gill, Rajwinder Singh, Paramjit Pamma

## ਜੁਗ ਜੁਗ ਜੀਓ... (28)

ਡਾ. ਹਰਬੰਸ ਕੌਰ ਦਿਓਲ

# ਦਿਮਾਗੀ ਕਮਜ਼ੋਰੀ

## Dementia



***ਜਦੋਂ ਉਮਰ ਦੇ ਤਕਾਜ਼ੇ ਕਾਰਨ ਜਾਂ ਦਿਮਾਗੀ ਕਮਜ਼ੋਰੀ ਕਾਰਨ ਬੰਦਾ ਬੌਂਦਲਿਆ ਬੌਂਦਲਿਆ ਫਿਰੇ ਤਾਂ ਅਸੀਂ ਮਜ਼ਾਹੀਆ ਤੌਰ ‘ਤੇ ਕਹਿ ਦਿੰਦੇ ਹਾਂ ਕਿ ਸੱਤਰਿਆ-ਬਹੱਤਰਿਆ ਗਿਆ; ਪਰ ਇਸ ਬਿਮਾਰੀ ਤੋਂ ਪੀੜਤ ਰੋਗੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਜਿਸ ਦੌਰ ‘ਚੋਂ ਗੁਜ਼ਰਦੇ ਹਨ, ਇਹ ਉਹ ਹੀ ਜਾਣ ਸਕਦੇ ਹਨ। ਇਸ ਰੋਗ ਕਾਰਨ ਬਜ਼ੁਰਗ ਅਵਸਥਾ ਵਿੱਚ ਕੁਝ ਤਬਦੀਲੀਆਂ ਅਤੇ ਇਸ ਦੀਆਂ ਨਿਸ਼ਾਨੀਆਂ ਸਮੇਤ ਦਿਮਾਗ ਦੇ ਕਿਹੜੇ ਹਿੱਸੇ ‘ਤੇ ਬਿਮਾਰੀ ਦਾ ਅਸਰ ਹੁੰਦਾ ਹੈ, ਆਦਿ ਗੱਲਾਂ ਨੂੰ ਇਸ ਲੇਖ ਦਾ ਆਧਾਰ ਬਣਾਇਆ ਗਿਆ ਹੈ। ਹਥਲੇ ਲੇਖ ਵਿੱਚ ਡਾ. ਹਰਬੰਸ ਕੌਰ ਦਿਓਲ ਨੇ ਇਸੇ ਬਿਮਾਰੀ ਯਾਨੀ ਕਿ ਦਿਮਾਗੀ ਕਮਜ਼ੋਰੀ ਬਾਬਤ ਹੀ ਜਾਣਕਾਰੀ ਮੁਹੱਈਆ ਕੀਤੀ ਹੈ। ਇਨ੍ਹਾਂ ਲੇਖਾਂ ਦਾ ਮਕਸਦ ਭਾਈਚਾਰੇ ਨੂੰ ਰੋਗਾਂ ਸਬੰਧੀ ਜਾਣਕਾਰੀ ਦੇਣਾ ਹੈ, ਨਾ ਕਿ ਬਿਮਾਰੀਆਂ ਬਾਰੇ ਦੱਸ ਦੱਸ ਕੇ ਉਨ੍ਹਾਂ ਅੰਦਰ ਡਰ ਪੈਦਾ ਕਰਨਾ...।***

“ਪ੍ਰੀਤ, ਮੇਰੀਆਂ ਚਾਬੀਆਂ ਕਿੱਥੇ ਨੇ? ਮੇਰਾ ਪਰਸ ਵੀ ਨਹੀਂ ਲੱਭ ਰਿਹਾ। ਤੈਨੂੰ ਕਿੰਨੀ ਵਾਰੀ ਕਿਹੈ, ਮੇਰੀਆਂ ਚੀਜ਼ਾਂ ਨੂੰ ਹੱਥ ਨਾ ਲਾਇਆ ਕਰ। ਪਤਾ ਨ੍ਹੀਂ ਕਿੱਥੇ ਲੁਕਾ ਦਿੰਨੀ ਐਂ! ਬੜੀ ਸਫਾਈਆਂ ਕਰਨ ਵਾਲੀ।”

“ਚਾਚੀ ਜੀ, ਮੈਂ ਨਹੀਂ ਜੇ ਹੱਥ ਲਾਇਆ। ਤੁਸੀਂ ਹੀ ਭੁੱਲ ਗਏ ਰੱਖ ਕੇ। ਮੈਂ ਦੇਖ ਕੇ ਆਉਂਦੀ ਆਂ, ਤੁਸੀਂ ਬੈਠੋ ਦੋ ਕੁ ਮਿੰਟ।”

ਕੁਝ ਮਿੰਟਾਂ ਬਾਅਦ ਪ੍ਰੀਤ ਨੇ ਪਰਸ ਲਿਆ ਕੇ ਚਾਚੀ ਨੂੰ ਦੇ ਦਿੱਤਾ ਤੇ ਚਾਬੀਆਂ ਵੀ ਪਰਸ ਵਿੱਚੋਂ ਹੀ ਮਿਲ ਗਈਆਂ।

“ਲਓ ਫੜੋ, ਤੁਹਾਡੀ ਅਲਮਾਰੀ ਵਿੱਚ ਹੀ ਪਿਆ ਸੀ।” ਪ੍ਰੀਤ ਨੇ ਚਾਚੀ ਨੂੰ ਪਰਸ ਫੜਾਉਂਦਿਆਂ ਕਿਹਾ।

“ਹਾਂ ਪ੍ਰੀਤ, ਹੁਣ ਮੈਨੂੰ ਯਾਦ ਆਇਆ, ਕੱਲ ਸ਼ਾਮ ਨੂੰ ਘਰ ਆਉਣ ਤੋਂ ਬਾਅਦ ਉਥੇ ਮੈਂ ਹੀ ਰੱਖਿਆ ਸੀ। ਅੱਛਾ ਮੈਂ ਬਾਜ਼ਾਰ ਹੋ ਕੇ ਆਉਂਦੀ ਆਂ।”

“ਨਹੀਂ, ਤੁਸੀਂ ਘਰ ਹੀ ਰਹੋ, ਚੰਨੀ ਦੀਦੀ ਨੇ ਆਉਣੈ, ਤੁਸੀਂ ਉਨ੍ਹਾਂ ਨੂੰ ਮਿਲ ਲੈਣਾ। ਮੈਂ ਆਪੇ ਲੈ ਆਵਾਂਗੀ ਜੋ ਕੁਝ ਲੈ ਕੇ ਆਉਣੈ, ਅਸਲ ਵਿੱਚ ਦੀਦੀ ਤੁਹਾਨੂੰ ਹੀ ਮਿਲਣ ਆ ਰਹੀ ਐ। ਕਹਿੰਦੀ ਸੀ, ਕਈ ਦਿਨ ਹੋ’ਗੇ ਬੈਠ ਕੇ ਅਰਾਮ ਨਾਲ ਗੱਲਾਂ ਕੀਤਿਆਂ।”

“ਸਤਿ ਸ੍ਰੀ ਅਕਾਲ ਚਾਚੀ ਜੀ।” ਚੰਨੀ ਨੇ ਅੰਦਰ ਲੰਘਦਿਆਂ ਕਿਹਾ, “ਆਹ ਤਾਂ ਵਧੀਆ ਹੋ ਗਿਆ, ਤੁਸੀਂ ਦੋਨੋਂ ਹੀ ਘਰ ਮਿਲ ਗਏ।”

“ਆ ਬੈਠ ਮੇਰੇ ਕੋਲ।” ਚਾਚੀ ਨੇ ਚੰਨੀ ਨੂੰ ਇਸ਼ਾਰਾ ਕੀਤਾ।

“ਪ੍ਰੀਤ ਵਧੀਆ ਜਿਹੀ ਚਾਹ ਬਣਾ ਕੇ ਲਿਆ, ਮੁੜ ਕੇ ਫੇਰ ਠੰਡ ਹੋ ਗਈ ਅੱਜ। ਦੱਸ ਕੀ ਹਾਲ ਏ ਤੇਰਾ ਬੇਟਾ, ਜਲਦੀ ਜਲਦੀ ਚੱਕਰ ਮਾਰ ਜਾਇਆ ਕਰ।”

“ਲਓ ਜੀ ਗਰਮਾ ਗਰਮ ਚਾਹ ਅਤੇ ਘਰ ਬਣੀਆਂ ਹੈਲਥੀ ਤੇ ਬਹੁਤ ਹੀ ਸੁਆਦ ਪਿੰਨੀਆਂ।” ਪ੍ਰੀਤ ਨੇ ਚਾਹ ਮੇਜ ‘ਤੇ ਰੱਖਦਿਆਂ ਕਿਹਾ, “ਮੈਂ ਪਹਿਲਾਂ ਹੀ ਪੂਰੀ ਤਿਆਰੀ ਕਰ ਕੇ ਰੱਖੀ ਹੋਈ ਸੀ।”

“ਚੰਨੀ, ਤੂੰ ਮੇਰਾ ਕੋਈ ਇਲਾਜ ਕਰ ਬੇਟਾ। ਮੈਨੂੰ ਤਾਂ ਬਹੁਤ ਕੁਝ ਭੁੱਲਣ ਲੱਗ ਪਿਐ। ਭੁੱਲ ਮੈਂ ਜਾਂਦੀ ਆਂ, ਗੁੱਸਾ ਬੇਚਾਰੀ ਪ੍ਰੀਤ ‘ਤੇ ਢੇਲਾ ਹੁੰਦੈ।”

“ਚਾਚੀ ਜੀ, ਤੁਹਾਡੀ ਉਮਰ ਕਿੰਨੀ ਏ? ਕਈ ਵਾਰ ਉਮਰ ਨਾਲ ਵੀ ਯਾਦਦਾਸ਼ਤ ਦਾ ਫਰਕ ਪੈ ਜਾਂਦੈ।”

“ਇਹ ਹੋਊ ਕੋਈ 70-75, ਕਹਿੰਦੇ ਹੁੰਦੇ ਨੇ- ਓਹ ਤਾਂ ਸੱਤਰਿਆ-ਬਹੱਤਰਿਆ ਗਿਐ; ਜੇ ਕਿਸੇ ਦਾ ਦਿਮਾਗ ਹਿੱਲ ਜਾਵੇ ਅਤੇ ਕਮਲੀਆਂ ਗੱਲਾਂ ਕਰਨ ਲੱਗ ਜਾਵੇ। ਚੰਨੀਏ, ਕੀ ਮੈਨੂੰ ਵੀ ਇਹ ਬਿਮਾਰੀ ਹੋਣੀ ਸ਼ੁਰੂ ਹੋ ਗਈ ਆ?” ਚਾਚੀ ਨੇ ਫਿਕਰਮੰਦ ਹੋ ਕੇ ਕਿਹਾ।

“ਨਹੀਂ ਚਾਚੀ ਜੀ, ਇਹ ਗੱਲ ਨਹੀਂ। ਮੇਰੇ ਕੋਲ ਕੁਝ ਪ੍ਰਸ਼ਨ ਹਨ ਲਿਖੇ ਹੋਏ, ਬੁਢਾਪੇ ਵਾਰੇ ਕੀ ਤਬਦੀਲੀਆਂ ਹੋ ਸਕਦੀਆਂ ਹਨ ਅਤੇ ਦਿਮਾਗੀ ਕਮਜ਼ੋਰੀ ਅਲਜ਼ਾਈਮਰ (AD, i.e. Alzheimer) ਦੀਆਂ ਕੀ ਨਿਸ਼ਾਨੀਆਂ ਹੁੰਦੀਆਂ ਹਨ। ਤੁਸੀਂ ਉਨ੍ਹਾਂ ਨੂੰ ਪੜ੍ਹ ਕੇ ਦੇਖੋ, ਤੁਹਾਡੇ ‘ਤੇ ਕਿਹੜੇ ਕਿਹੜੇ ਲਾਗੂ ਹੁੰਦੇ ਨੇ, ਆਪਾਂ ਉਨ੍ਹਾਂ ਜਵਾਬਾਂ ਦੇ ਹਿਸਾਬ ਹੀ ਨਿਰਣਾ ਕਰਾਂਗੇ। ਪ੍ਰੀਤ, ਤੂੰ ਵੀ ਨਜ਼ਰਸਾਰ ਕਰ ਲੈ।

(ੳ) ਬਜ਼ੁਰਗ ਅਵਸਥਾ ਵਿੱਚ ਕੁਝ ਤਬਦੀਲੀਆਂ ਹੋ ਸਕਦੀਆਂ ਹਨ, ਪਰ ਉਹ ਰੋਜ਼ਾਨਾ ਜ਼ਿੰਦਗੀ ‘ਤੇ ਜ਼ਿਆਦਾ ਅਸਰ ਨਹੀਂ ਕਰਦੀਆਂ। ਇਹ ਹਨ:

1. ਕਦੇ ਕਦਾਈਂ ਨਾਮ ਜਾਂ ਮੁਲਾਕਾਤ ਦਾ ਵਕਤ ਭੁੱਲ ਜਾਣਾ, ਪਰ ਬਾਅਦ ਵਿੱਚ ਯਾਦ ਆ ਜਾਣਾ।
2. ਕੋਈ ਚੀਜ਼ ਰੱਖ ਕੇ ਭੁੱਲ ਜਾਣਾ ਅਤੇ ਕਦਮ ਪਿਛਾਂਹ ਕਰ ਕੇ ਯਾਦ ਆ ਜਾਣਾ।
3. ਕਿਸੇ ਕੰਮ ਕਰਨ ਵਿੱਚ ਮਦਦ ਦੀ ਜ਼ਰੂਰਤ ਜਿਵੇਂ ਨਵਾਂ ਫੋਨ ਸੈਟ ਕਰਨ ਲਈ।
4. ਹਫਤੇ ਦੇ ਦਿਨ ਦੀ ਗੁਲਝਣ (Confusion) ਬਾਅਦ ਵਿੱਚ ਯਾਦ ਆ ਜਾਣਾ।
5. ਗੱਲਾਂ ਕਰਦਿਆਂ ਸਹੀ ਲਫਜ਼ ਯਾਦ ਨਾ ਆਉਣਾ।
6. ਕਦੇ-ਕਦਾਈਂ ਨਿਰਣਾ ਕਰਨ ਵਿੱਚ ਮੁਸ਼ਕਿਲ।
7. ਇਕੱਠ ਵਿੱਚ ਜਾਣ ਵਿੱਚ ਘੱਟ ਦਿਲਚਸਪੀ।
8. ਨਿੱਤਨੇਮ ਬਦਲਣ ਵਿੱਚ ਪ੍ਰੇਸ਼ਾਨੀ।
9. ਬਿਲ ਵਗੈਰਾ ਭਰਨ ’ਚ ਕਦੇ ਕਦੇ ਗਲਤੀ ਕਰਨੀ।
10. ਸਰੀਰਕ ਕਮਜ਼ੋਰੀ, ਜਿਵੇਂ ਕੰਮ ਹੌਲੀ-ਹੌਲੀ ਕਰਨਾ ਅਤੇ ਹੌਲੀ ਹੀ ਜਵਾਬ ਦੇਣਾ, ਆਦਿ।

***ਅਲਜ਼ਾਈਮਰ* (Alzheimer Disease = AD) *ਦੀਆਂ ਨਿਸ਼ਾਨੀਆਂ:***



ਅਲਜ਼ਾਈਮਰ ਦੀਆਂ ਨਿਸ਼ਾਨੀਆਂ ਨੂੰ ਦਰਸਾਉਂਦਾ ਰੁੱਖਾਂ ਦਾ ਇੱਕ ਦ੍ਰਿਸ਼

1. ਇਹ ਬੌਧਿਕ ਪ੍ਰਣਾਲੀ (cognitive functions) ‘ਤੇ ਅਸਰ ਅਤੇ ਰੋਜ਼ਾਨਾ ਜ਼ਿੰਦਗੀ ਨੂੰ ਬੇਤਰਤੀਬੀ ਕਰਦੀ ਹੈ, ਯਾਨੀ ਕਿ ਰੋਜ਼ਾਨਾ ਜ਼ਿੰਦਗੀ ‘ਤੇ ਵਿਘਨਕਾਰੀ ਪ੍ਰਭਾਵ ਪਾਉਂਦੀ ਹੈ।
2. ਨਵੀਂ ਸਿੱਖੀ ਜਾਣਕਾਰੀ, ਤਰੀਕਾਂ ਅਤੇ ਹਾਲੀਆ ਘਟਨਾਵਾਂ (recent events) ਨੂੰ ਭੁੱਲ ਜਾਣਾ।

ਨਵੀਂ ਜਾਣਕਾਰੀ ਭੁੱਲਣ ਕਰਕੇ ਦੁਬਾਰਾ ਦੁਬਾਰਾ ਪੁੱਛੀ ਜਾਣਾ, ਉਸ ਬਾਰੇ ਜਾਂ ਯਾਦ ਰੱਖਣ ਲਈ ਯਾਦ ਦਹਾਨੀ ਨੋਟ ਲਿਖਣ ਦੀ ਜ਼ਰੂਰਤ ਪੈਣ ਲੱਗ ਜਾਵੇ।

3. ਚੀਜ਼ਾਂ ਅਸਾਧਾਰਣ ਥਾਂ ‘ਤੇ ਰੱਖ ਦੇਣੀਆਂ ਅਤੇ ਲੱਭ ਨਾ ਸਕਣਾ।
4. ਰੋਜ਼ਮੱਰ੍ਹਾ ਦੇ ਕੰਮ ਕਰਨ ਤੋਂ ਅਸਮਰਥ ਹੋ ਜਾਣਾ ਜਾਂ ਜਾਣੀ-ਪਛਾਣੀ ਥਾਂ ‘ਤੇ ਜਾਣ ਵੇਲੇ ਰਸਤਾ ਭੁੱਲ ਜਾਣਾ।
5. ਮਿਜ਼ਾਜ (mood) ਅਤੇ ਸ਼ਖਸੀਅਤ (personality) ਵਿੱਚ ਤਬਦੀਲੀ, ਉਦਾਸੀ, ਚਿੰਤਾਜਨਕ, ਉਲਝਣ ਅਤੇ ਡਰ ਵਿੱਚ ਰਹਿਣ ਲੱਗ ਜਾਣਾ।
6. ਗੱਲ ਕਰਦੇ ਕਰਦੇ ਲਫਜ਼ ਭੁੱਲ ਜਾਣੇ, ਫੈਸਲੇ ਕਰਨ ਦੀ ਤਾਕਤ ਘਟ ਜਾਣੀ।
7. ਪੈਸੇ ਸੰਭਾਲਣ ਅਤੇ ਬਿਲ ਜਮ੍ਹਾਂ ਕਰਾਉਣ ਵਿੱਚ ਦਿੱਕਤ।
8. ਲੋਕਾਂ ਨਾਲ ਮੇਲ-ਜੋਲ ਜਾਂ ਸਮਾਜਿਕ ਗਤੀਵਿਧੀਆਂ ਵਿੱਚ ਜਾਣਾ ਘਟਾ ਦੇਣਾ ਅਤੇ ਜ਼ਿਆਦਾ ਘਬਰਾਹਟ ਮਹਿਸੂਸ ਕਰਨਾ।
9. ਇਕਾਗਰਤਾ, ਪੜ੍ਹਨ, ਸੰਤੁਲਨ, ਡਰਾਈਵਿੰਗ (ਦੂਰੀ ਦਾ ਅਨੁਮਾਨ ਨਾ ਲਾ ਸਕਣਾ) ਅਤੇ ਯੋਜਨਾਵਾਂ ਦੇ ਬਣਾਉਣ ਵਿੱਚ ਮੁਸ਼ਕਿਲ।
10. ਕੋਈ ਸਰੀਰੀ ਕਮਜ਼ੋਰੀ ਨਹੀਂ ਹੁੰਦੀ।”

ਚਾਚੀ ਜੀ ਅਤੇ ਪ੍ਰੀਤ ਨੇ ਦੋਹਾਂ ਚਾਰਟਾਂ ਨੂੰ ਨਜ਼ਰਸਾਰ ਕਰ ਕੇ ਇੱਕੋ ਨਤੀਜਾ ਕੱਢਿਆ ਕਿ ਚਾਚੀ ਜੀ ਨੂੰ AD ਯਾਨੀ ਅਲਜ਼ਾਈਮਰ ਨਹੀਂ, ਪਰ ਉਮਰ ਦੇ ਪ੍ਰਭਾਵ ਕਰਕੇ ਤਬਦੀਲੀਆਂ ਆ ਰਹੀਆਂ ਹਨ।

ਸਾਰਿਆਂ ਨੇ ਰਾਹਤ ਦਾ ਲੰਮਾ ਸਾਹ ਲਿਆ, “ਸ਼ੁਕਰ ਏ ਰੱਬ ਦਾ!”

“ਦੀਦੀ, ਚਾਚੀ ਜੀ ਨੂੰ ਦਿਮਾਗ ਦੀ ਬਿਮਾਰੀ ਨਹੀਂ ਅਤੇ ਆਪਾਂ ਇਸ ਉਮਰੀ ਕਮਜ਼ੋਰੀ ਵੱਲ ਤਵੱਜੋ ਦੇ ਕੇ ਸੰਭਾਲ ਕਰ ਲਵਾਂਗੇ, ਕਿਉਂ ਨਾ ਅੱਜ ਦਿਮਾਗੀ ਕਮਜ਼ੋਰੀ Dementia ਬਾਰੇ ਕੁਝ ਗੱਲਾਂ ਕਰ ਲਈਏ, ਬਹੁਤ ਹੀ ਖਤਰਨਾਕ ਬਿਮਾਰੀ ਏ।”

“ਪ੍ਰੀਤ, ਇਹ ਲੰਮਾ ਸਿਲਸਲਾ ਹੈ, ਕਈ ਮੁਲਾਕਾਤਾਂ ਦਾ ਵਕਤ ਲੱਗ ਜਾਵੇਗਾ। ਆਪਾਂ ਦਿਮਾਗ ਬਾਰੇ ਜਾਣਕਾਰੀ ਤੋਂ ਸ਼ੁਰੂ ਕਰਦੇ ਹਾਂ।

ਦਿਮਾਗ ਸਰੀਰ ਦਾ ਅਹਿਮ ਅਤੇ ਬਹੁਤ ਗੁੰਝਲਦਾਰ ਅੰਗ ਹੈ। ਇਹ ਸਰੀਰ ਦਾ ਸੰਚਾਲਕ (CEO) ਹੋਣ ਦੇ ਨਾਤੇ ਸਾਰੇ ਸਰੀਰਕ ਕੰਮ, ਭਾਵ (emotions), ਹਿੱਲਜੁਲ, ਸੋਚਾਂ, ਯਾਦਦਾਸ਼ਤ, ਦਿਲ ਦੀ ਧੜਕਣ, ਸਾਹਾਂ ਦੀ ਜ਼ਿੰਮੇਵਾਰੀ ਆਦਿ ਨਿਪੁੰਨ ਯੋਗਤਾ ਨਾਲ ਨਿਭਾਉਂਦਾ ਹੈ। ਇਸੇ ਕਰਕੇ ਕੁਦਰਤ ਨੇ ਵੀ ਕਿਵੇਂ ਸੰਭਾਲ ਕੇ ਸੁਰੱਖਿਅਤ ਇੱਕ ਕੋਠੜੀ ਖੋਪੜੀ (skull) ਵਿੱਚ ਰੱਖਿਆ ਹੋਇਐ।

ਇੱਕ ਨਵੇਂ ਜੰਮੇ ਬੱਚੇ ਵਿੱਚ ਇਸ ਦਾ ਭਾਰ 3/4 ਪਾਉਂਡ ਹੁੰਦਾ ਏ ਅਤੇ ਪਹਿਲੇ ਇੱਕ ਸਾਲ ਵਿੱਚ 3 ਗੁਣਾ ਵਧ ਜਾਂਦੈ, ਪਰ ਇਸ ਦਾ ਪੂਰਾ ਵਿਕਾਸ 25 ਸਾਲ ਦੀ ਉਮਰ ਤੱਕ ਹੁੰਦਾ ਹੈ। ਕਈ ਸਾਇੰਸਦਾਨਾਂ ਦਾ ਕਹਿਣਾ ਏ ਕਿ 30 ਸਾਲ ਦੀ ਉਮਰ ਤੱਕ ਇਸ ਦਾ ਵਿਕਾਸ ਹੁੰਦਾ ਰਹਿੰਦਾ ਹੈ। ਆਪਣਾ ਦਿਮਾਗ ਪਿੱਛੋਂ ਤੋਂ ਅੱਗੇ ਨੂੰ (ਮੱਥੇ ਵੱਲ ਨੂੰ) ਵਿਕਾਸ ਕਰਦੈ, ਮਤਲਬ ਮੂਹਰਲਾ ਹਿੱਸਾ, ਜਿਸ ਨੂੰ Prefontal Cortex ਕਹਿੰਦੇ ਹਾਂ, ਇਹ ਸਭ ਤੋਂ ਬਾਅਦ ਵਿੱਚ mature ਹੁੰਦੈ, ਲਗਪਗ 25 ਸਾਲ ਦੀ ਉਮਰ ਤੱਕ। ਇਹ ਦਿਮਾਗ ਦਾ ਹਿੱਸਾ ਦਿਮਾਗ ਦਾ ਮੁਖੀ ਮੰਨਿਆ ਜਾਂਦੈ।

ਇਹ ਕਾਰਜਕਾਰੀ ਕੰਮ ਅਤੇ ਫੈਸਲੇ ਵਗੈਰਾ ਕਰਨ ਦਾ ਜ਼ਿੰਮੇਵਾਰ ਹੈ।”

“ਦੀਦੀ, ਹੁਣ ਆਈ ਸਮਝ, ਇਹ ਨਿਆਣੇ (teenager) ਨੂੰ ਦਿੱਤੀ ਅਕਲ ਵੀ ਪੱਲੇ ਨ੍ਹੀਂ ਪੈਂਦੀ, ਉਨ੍ਹਾਂ ਦਾ ਇਹ ਹਿੱਸਾ ਦਿਮਾਗ ਦਾ ਤਾਂ ਬਣਿਆ ਹੀ ਨਹੀਂ ਹੁੰਦਾ।”

“ਪ੍ਰੀਤ, ਬਾਲਗ (adult) ਦਿਮਾਗ ਦਾ ਵਜ਼ਨ ਹੁੰਦੈ 3 lbs, ਤਕਰੀਬਨ 2% ਸਰੀਰ ਦੇ ਵਜ਼ਨ ਦਾ ਹਿੱਸਾ, ਪਰ ਇਹ ਸਰੀਰ ਦੀ 20% ਤਾਕਤ ਦਾ ਇਸਤੇਮਾਲ ਕਰਦੈ।

-ਸਾਰਿਆਂ ਤੋਂ ਵੱਡਾ ਦਿਮਾਗ ਹੈ 20 ਪਾਉਂਡ, ਸਪਰਮ ਵ੍ਹੇਲ (sperm whale) ਦਾ।

-ਇੱਕ ਹੋਰ ਹੈਰਾਨੀ ਵਾਲੀ ਗੱਲ ਏ, ਕਿਹਾ ਜਾਂਦੈ Albert Einstein ਦਾ ਦਿਮਾਗ 2.71 ਪਾਉਂਡ ਹੀ ਸੀ, ਆਮ ਦਿਮਾਗ (average) ਤੋਂ ਹਲਕਾ।

-ਮਨੁੱਖੀ ਦਿਮਾਗ ਵਿੱਚ 87 ਬਿਲੀਅਨ ਸੈੱਲ (neurons) ਹਨ ਅਤੇ ਅੱਗੋਂ ਹਰ ਇੱਕ ਸੈੱਲ ਦੇ 5000 ਦੇ ਕਰੀਬ ਸਬੰਧ (connections) ਹੁੰਦੇ ਹਨ, ਜਿਨ੍ਹਾਂ ਰਾਹੀਂ ਉਹ ਇੱਕ ਦੂਜੇ ਨਾਲ ਗੱਲ ਕਰਦੇ ਨੇ।

-ਦਿਮਾਗ ਵਿੱਚ 60% ਚਰਬੀ ਹੁੰਦੀ ਹੈ, ਮਤਲਬ ਸਰੀਰ ਦੇ ਸਾਰੇ ਅੰਗਾਂ ਵਿੱਚੋਂ ਦਿਮਾਗ ਵਿੱਚ ਜ਼ਿਆਦਾ ਚਰਬੀ ਹੈ (fattest organ of body).

-25% ਸਰੀਰ ਦੀ ਕੋਲੈਸਟਰੋਲ ਦਿਮਾਗ ਵਿੱਚ ਹੁੰਦੀ ਏ; ਪਰ ਇਹ ਸਾਰੀ ਦੀ ਸਾਰੀ ਦਿਮਾਗ ’ਚ ਹੀ ਬਣਦੀ ਐ।

-ਸਪਾਈਨਲ ਕੋਰਡ (spinal cord) ਦਾ ਪੂਰਾ ਵਿਕਾਸ ਬੱਚੇ ਦੀ 4 ਸਾਲ ਦੀ ਉਮਰ ਤੱਕ ਹੀ ਹੋ ਜਾਂਦੈ। ਇਹ ਰੀੜ੍ਹ ਦੀ ਹੱਡੀ ਵਿੱਚ ਹੁੰਦੀ ਏ ਅਤੇ ਇਹ ਸਰੀਰ ਤੋਂ ਦਿਮਾਗ ਤੱਕ ਅਤੇ ਦਿਮਾਗ ਤੋਂ ਸਰੀਰ ਤੱਕ ਸੁਨੇਹੇ ਪਹੁੰਚਾਉਣ ਦਾ ਕੰਮ ਕਰਦੀ ਏ।

-ਦਿਮਾਗ ਵਿੱਚ ਸੁਨੇਹਾ ਯਾਨੀ ਕਿ ਜਾਣਕਾਰੀ 350 ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਜਾ ਸਕਦੀ ਏ।

-ਦਿਮਾਗ ਦਿਨ ਵਿੱਚ 24 ਘੰਟੇ ਹੀ ਅਣਥੱਕ ਕੰਮ ਵਿੱਚ ਰੁੱਝਿਆ ਰਹਿੰਦੈ, ਮਤਲਬ ਆਪਣੀ ਨੀਂਦਰ ਵੇਲੇ ਵੀ।

ਦਿਮਾਗੀ ਕਮਜ਼ੋਰੀ ਜਾਂ Dementia ਵਿੱਚ ਦਿਮਾਗ, ਕਿਸੇ ਕਾਰਨ ਕਰਕੇ ਆਪਣਾ ਕੰਮ ਨਿਭਾਉਣ ਵਿੱਚ ਅਸਮਰੱਥ ਹੋਣਾ ਸ਼ੁਰੂ ਹੋ ਜਾਂਦੈ ਅਤੇ ਰੋਜ਼ਾਨਾ ਜ਼ਿੰਦਗੀ ਵਿਹਾਰ ਵਿੱਚ ਰੁਕਾਵਟ ਪੈਣੀ ਸ਼ੁਰੂ ਹੋ ਜਾਂਦੀ ਹੈ- ਸੋਚਣ ਸ਼ਕਤੀ, ਯਾਦਦਾਸ਼ਤ, ਸਿੱਖਣ ਅਤੇ ਫੈਸਲੇ ਕਰਨ ਵਾਲੀ ਦਿਮਾਗੀ ਸ਼ਕਤੀ ‘ਤੇ ਅਸਰ ਹੋਣ ਕਾਰਨ।

ਦਿਮਾਗੀ ਕਮਜ਼ੋਰੀ ਯਾਨੀ ਕਿ ਡਮੈਨਸ਼ਿਆ (dementia) ਦੇ ਸਿਰਲੇਖ ਥੱਲੇ ਕਈ ਤਰ੍ਹਾਂ ਦੀਆਂ ਸੰਵੇਦਨਤੰਤਰ ਵਿਨਾਸ਼ਕ (neurodegenerative) ਬਿਮਾਰੀਆਂ ਆ ਜਾਂਦੀਆਂ ਨੇ, ਜਿਵੇਂ ਅਲਜ਼ਾਈਮਰ (Alzheimer ਜਾਂ AD), ਪਾਰਕਿਨਸਨ (Parkinsonis‘s), ਹਨਟਿੰਗਟਨ (Huntington‘s), ਏ.ਐਲ.ਐਸ. (ALS) ਅਤੇ ਮਲਟੀਪਲ ਸਕਲੀਰੋਸਿਸ (Multiple Sclerosis or MS)- ਇਨ੍ਹਾਂ ਸਾਰਿਆਂ ਦੇ ਕਾਰਨ ਇੱਕੋ ਜਿਹੇ ਹਨ, ਪਰ ਇਨ੍ਹਾਂ ਦੇ ਲੱਛਣ ਵੱਖ ਵੱਖ ਹਨ, ਨਿਰਭਰ ਹੈ ਦਿਮਾਗ ਦੇ ਕਿਹੜੇ ਹਿੱਸੇ ‘ਤੇ ਬਿਮਾਰੀ ਨੇ ਅਸਰ ਕੀਤੈ। ਇਨ੍ਹਾਂ ਸਾਰਿਆਂ ਵਿੱਚੋਂ AD ਯਾਨੀ ਅਲਜ਼ਾਈਮਰ ਜ਼ਿਆਦਾ ਪਾਈ ਜਾਂਦੀ ਏ, 60% ਦੇ ਕਰੀਬ।

ਅਲਜ਼ਾਈਮਰ ਅਮਰੀਕਾ ਵਿੱਚ 6 ਦਰਜੇ ‘ਤੇ ਹੈ, ਮੌਤ ਦਾ ਕਾਰਨ। ਇਸ ਵੇਲੇ 6 ਮਿਲੀਅਨ ਲੋਕਾਂ ਨੂੰ ਇਹ ਬਿਮਾਰੀ ਅਮਰੀਕਾ ਵਿੱਚ ਹੈ ਅਤੇ ਸਾਲ 2050 ਤੱਕ ਇਸ ਦੀ ਗਿਣਤੀ 15 ਮਿਲੀਅਨ ਤੱਕ ਹੋਣ ਦਾ ਅੰਦਾਜ਼ਾ ਹੈ। ਸਾਰੀ ਦੁਨੀਆਂ ਵਿੱਚ ਇਸ ਵੇਲੇ 55 ਮਿਲੀਅਨ ਹਨ ਇਸ ਬਿਮਾਰੀ ਦਾ ਸ਼ਿਕਾਰ ਅਤੇ 2050 ਤੱਕ ਇਸ ਦੀ ਗਿਣਤੀ 130 ਮਿਲੀਅਨ ਤੱਕ ਹੋ ਜਾਣੀ ਏ। ਇਹ ਨਤੀਜਾ ਹੈ ਵਧਦੀ ਉਮਰ (longer life expectancy) ਅਤੇ ਮਾੜੀ ਜੀਵਨ ਸ਼ੈਲੀ (bad life style) ਦਾ।

ਇਹ ਬਿਮਾਰੀ 20, 30 ਦੀ ਉਮਰ ਵਿੱਚ ਹੀ ਸ਼ੁਰੂ ਹੋਣ ਲੱਗ ਜਾਂਦੀ ਏ ਅਤੇ ਵਧਦੀ ਉਮਰ ਨਾਲ ਅੱਗੇ ਤੋਂ ਅੱਗੇ ਵਧੀ ਜਾਂਦੀ ਏ ਅਤੇ ਆਪਾਂ ਨੂੰ ਜ਼ਿਆਦਾ ਪਤਾ ਨਹੀਂ ਲੱਗਦਾ, ਕਿਉਂਕਿ ਨਿਸ਼ਾਨੀਆਂ ਸੂਖਮ ਹੁੰਦੀਆਂ ਹਨ, ਇਸ ਦੇ ਲੱਛਣ ਆਮ ਤੌਰ ‘ਤੇ 65 ਸਾਲ ਦੀ ਉਮਰ ਤੋਂ ਬਾਅਦ ਹੀ ਦਿਖਾਈ ਦੇਣੇ ਸ਼ੁਰੂ ਹੁੰਦੇ ਹਨ। 85 ਸਾਲ ਦੀ ਉਮਰ ਵਾਲਿਆਂ ਵਿੱਚ ਇਸ ਦੀ ਗਿਣਤੀ 40% ਤੱਕ ਹੋ ਸਕਦੀ ਐ। ਇਹ ਔਰਤਾਂ ਵਿੱਚ ਜ਼ਿਆਦਾ ਹੁੰਦੀ ਏ, ਤਕਰੀਬਨ 70% ਇਸ ਬਿਮਾਰੀ ਦੇ ਮਰੀਜ਼ ਔਰਤਾਂ ਹੁੰਦੀਆਂ ਹਨ।


ਦਿਮਾਗ ਦੇ ਸੈੱਲ ਮਰਨੇ ਸ਼ੁਰੂ ਹੋ ਜਾਂਦੇ ਹਨ ਅਤੇ ਦਿਮਾਗ ਛੋਟਾ (atrophy) ਜਾਂ ਸੁਕੜਨਾ ਸ਼ੁਰੂ ਹੋ ਜਾਂਦੈ, ਜੇ ਇਹ ਬਿਮਾਰੀ ਸ਼ੁਰੂ ਵਿੱਚ ਪਕੜੀ ਨਾ ਜਾਵੇ ਤਾਂ ਇਸ ਦਾ ਇਲਾਜ (cure) ਨਹੀਂ ਹੈ, ਪਰ ਜੇ ਇਸ ਵੱਲ ਸ਼ੁਰੂਆਤ ’ਚ ਤਵੱਜੋ ਦਿੱਤੀ ਜਾਵੇ ਤਾਂ 100% ਰੋਕ ਸਕਦੇ ਹਾਂ। ਇਸ ਵੇਲੇ, ਇਸ ਬਿਮਾਰੀ ਤੋਂ ਪੀੜਤ ਰੋਗੀਆਂ ਦੀ ਦੇਖਭਾਲ ‘ਤੇ ਅਮਰੀਕਾ ’ਚ ਹੀ 350 ਮਿਲੀਅਨ ਡਾਲਰ ਦਾ ਖਰਚਾ ਸਾਲਾਨਾ ਹੁੰਦੈ। ਜੋ ਪੀੜ ਰੋਗੀ ਅਤੇ ਸਾਰਾ ਪਰਿਵਾਰ ਉਠਾਉਂਦੈ, ਉਸ ਦਾ ਤਾਂ ਕੋਈ ਅੰਤ ਨਹੀਂ। ਕਿੰਨੀ ਦੁੱਖ ਦੀ ਗੱਲ ਏ!

ਪ੍ਰੀਤ, ਇਸ ਬਿਮਾਰੀ ਬਾਰੇ ਹੋਰ ਗੱਲਾਂ ਅਗਲੀ ਵਾਰ ਕਰਾਂਗੇ।”


Radio Chann Pardesi
ਰੇਡੀਓ ਚੰਨ ਪ੍ਰਦੇਸੀ
BLUWAY Truck Sales Ltd
CHANN ENTERTAINMENT
PROUDLY PRESENTS
THE GRAND TAJ
DESI RUM WITH THE TASTE OF INDIA
HYPE
ENTERTAINMENT @ PUNJABI
PREET THIND
DEBI MAKHSOOSPURIA
R-NAIT
AMAR SEHMBI
DEEPAK DHILLON
JOT RANJIT KAUR (HOST)
PUNJABI Mela 2025
RAV Inder
SATURDAY 10th MAY 2025 @12PM TO 10PM
Marion County Fairgrounds
FREE ENTRY
7300 E TROY AVE, INDIANAPOLIS, IN
FREE ENTRY
FREE JALEBI - FREE WATER - FREE SUGARCANE JUICE
IMPD SECURITY - NO ALCOHOL ALLOWED - FAMILY EVENT - ZERO TOLERANCE POLICY
KAMAL BAINS 317-407-8266
GURBAKSH RANDHAWA 317-800-2976
DARSHAN BASRAON 815-557-4991
BALJINDER SINGH (BEN) 317-702-1300
JASPREET SINGH GOLEWALA 317-410-9173
HARMANDEEP SINGH MALHI 832-833-2292
Raman Moranwalia GRAPHIC DESIGNER
LUCKY SWAITCH 609-676-6961
PRITPAL SINGH MALHI 707-701-1501
KULWINDER SINGH BENIPAL 215-435-4899
RICK SINGH 765-513-5021
KUMAR 260-704-0576
BALRAJ SINGH 916-472-9833

ਨਜ਼ਰੀਆ

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ:+91-8872664000



***ਕਿਸੇ ਕੌਮ ਦੇ ਇਤਿਹਾਸ ਨੇ ਕੌਮ ਦੇ ਸਾਹਮਣੇ ਇੱਕ ਅਜਿਹੀ ਮਿਸਲ ਵਾਂਗੂੰ ਪੇਸ਼ ਹੋਣਾ ਹੁੰਦਾ ਹੈ, ਜਿਸ ਨੂੰ ਵਾਚ ਕੇ ਕੌਮ ਨੇ ਆਪਣੀ ਹੋਣੀ ਦੀ ਵਿਉਂਤਬੰਦੀ ਘੜਨੀ ਹੁੰਦੀ ਹੈ। ਜੇ ਇਤਿਹਾਸਕਾਰੀ ਹੀ ਗਲਤ ਹੋਈ ਹੋਵੇ ਤਾਂ ਇਹ ਕੌਮ ਦੇ ਭਵਿੱਖ 'ਤੇ ਨਾਂਹ-ਪੱਖੀ ਅਸਰ ਪਾਏ ਬਿਨਾ ਨਹੀਂ ਰਹਿ ਸਕਦੀ। ਇੱਕ ਪਾਸੜ ਇਤਿਹਾਸਕਾਰੀ ਦੇ ਦੁਖਾਂਤ ਨੇ ਸਿੱਖ ਕੌਮ ਦੀ ਸੋਚ ਨੂੰ ਸਦੀਆਂ ਤੋਂ ਗ੍ਰਹਿਣ ਲਾਇਆ ਹੋਇਆ ਹੈ। ਇੰਜ ਹੀ 'ਸਾਕਾ ਨਨਕਾਣਾ ਸਾਹਿਬ' ਬਾਬਤ ਬੜਾ ਕੁਝ ਲਿਖਿਆ ਗਿਆ ਹੈ। ਇਹ ਸਾਕਾ ਵਾਪਰੇ ਨੂੰ ਇੱਕ ਸਦੀ ਅਤੇ 4 ਸਾਲ ਹੋ ਚੱਲੇ ਹਨ। ਹਥਲੇ ਲੰਮੇ ਲੇਖ ਵਿੱਚ ਇਸ ਸਾਕੇ ਲਈ ਜ਼ਿੰਮੇਵਾਰ ਧਿਰਾਂ ਜਾਂ ਹਾਲਾਤ ਨੂੰ ਪੜਚੋਲਣ ਜਾਂ ਨਜ਼ਰਸਾਨੀ ਕਰਨ ਦਾ ਯਤਨ ਕੀਤਾ ਗਿਆ ਹੈ। ਹਥਲੀ ਕਿਸ਼ਤ ਵਿੱਚ ਇਸ ਕਤਲੇਆਮ ਲਈ ਸਰਕਾਰ ਜ਼ਿੰਮੇਵਾਰ ਸੀ ਜਾਂ ਨਹੀਂ? ਅਤੇ ਹੋਰ ਕੜੀਆਂ ਦਾ ਵੇਰਵਾ ਪੇਸ਼ ਹੈ... ਪ੍ਰਬੰਧਕੀ ਸੰਪਾਦਕ***

ਸਾਕਾ ਨਨਕਾਣਾ ਸਾਹਿਬ (6)

## ਜ਼ਿੰਮੇਵਾਰ ਧਿਰਾਂ ਅਤੇ ਹਾਲਾਤ ਉੱਤੇ ਨਜ਼ਰਸਾਨੀ

# ਇਸ ਕਤਲੇਆਮ ਲਈ ਸਰਕਾਰ ਜ਼ਿੰਮੇਵਾਰ ਸੀ ਜਾਂ ਨਹੀਂ?

**(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)**


ਇਸ ਕਤਲੇਆਮ ਵਾਲੇ ਸਾਕੇ ਨੂੰ ਜੇ ਪਿਛੋਕੜ ਦੀਆਂ ਸਾਰੀਆਂ ਘਟਨਾਵਾਂ ਤੋਂ ਨਿਖੇੜ ਕੇ ਦੇਖਿਆ ਜਾਵੇ ਤਾਂ ਸਾਧਾਰਨ ਬੰਦਾ ਇਸ ਖਾਤਰ ਸਰਕਾਰ ਨੂੰ ਜ਼ਰੂਰ ਜ਼ਿੰਮੇਵਾਰ ਠਹਿਰਾਵੇਗਾ ਕਿ ਮਹੰਤ ਵੱਲੋਂ ਸਿੱਖਾਂ ਦੇ ਕਤਲੇਆਮ ਕਰਨ ਦੇ ਖਦਸ਼ੇ ਨੂੰ ਉਹ ਕਿਉਂ ਨਹੀਂ ਸਮਝ ਸਕੀ? ਜੇ ਸਮਝ ਸਕੀ ਤਾਂ ਉਸਨੇ ਇਸਦੀ ਰੋਕਥਾਮ ਕਿਉਂ ਨਾ ਕੀਤੀ?

ਪਰ ਜੇ ਅਕਾਲੀਆਂ ਵੱਲੋਂ ਇਸ ਤੋਂ ਪਹਿਲਾਂ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਲਈ ਵਿੱਢੀ ਗਈ ਸਫਲ ਮੁਹਿੰਮ ਨੂੰ ਸਾਹਮਣੇ ਰੱਖ ਕੇ ਵਿਚਾਰਿਆ ਜਾਵੇ ਤਾਂ ਸਾਕੇ ਲਈ ਸਰਕਾਰ ਦੀ ਜ਼ਿੰਮੇਵਾਰੀ ਸਾਹਮਣੇ ਨਹੀਂ ਆਉਂਦੀ। ਤੁਸੀਂ ਪਿਛੇ ਪੜ੍ਹ ਆਏ ਹੋ ਕੇ ਮਹੰਤ ਗੁਰਦੁਆਰਿਆਂ 'ਤੇ ਕਾਨੂੰਨੀ ਤੌਰ 'ਤੇ ਕਾਬਜ਼ ਸਨ। ਉਸ ਵੇਲੇ ਗੁਰਦੁਆਰਿਆਂ ਲਈ ਕੋਈ ਵੱਖਰਾ ਕਾਨੂੰਨ ਨਾ ਹੋਣ ਕਰਕੇ ਗੁਰਦੁਆਰੇ ਹਿੰਦੂ ਡੇਰਿਆਂ ਵਾਲੇ ਉਸੇ ਕਾਨੂੰਨ ਅਧੀਨ ਆਉਂਦੇ ਸਨ ਜਿਵੇਂ ਕਿ ਅੱਜ। ਡੇਰਿਆਂ ਲਈ ਲੱਗੀ ਜਾਇਦਾਦ ਦੇ ਵਾਲੀ ਵਾਰਸ ਵੀ ਹੁੰਦੇ ਸਨ ਤੇ ਅੱਜ ਵੀ ਹਨ। ਡੇਰੇਦਾਰ ਵੱਲੋਂ ਮੁਕੱਰਰ ਕੀਤਾ ਹੋਇਆ ਉਸਦਾ ਕੋਈ ਚੇਲਾ ਹੀ ਡੇਰੇਦਾਰ ਦੀ ਮੌਤ ਤੋਂ ਬਾਅਦ ਡੇਰੇ ਦਾ ਮਾਲਕ ਹੁੰਦਾ ਹੈ।

ਜਿਵੇਂ ਕਰਤਾਰ ਸਿੰਘ ਝੱਬਰ ਦੀ ਅਗਵਾਈ ਵਿੱਚ ਹਜ਼ਾਰਾਂ ਹਥਿਆਰਬੰਦ ਅਕਾਲੀਆਂ ਨੇ ਇੱਕ ਫੌਜੀ ਯੋਜਨਾਬੰਦੀ ਦੇ ਤਹਿਤ ਜਿਸ ਤਰ੍ਹਾਂ ਮਹੰਤ 'ਤੇ ਧਾਵਾ ਬੋਲਣਾ ਸੀ ਤਾਂ ਉਸਦੇ ਸਾਹਮਣੇ ਮਹੰਤ ਦੇ ਸੌ-ਪੰਜਾਹ ਗੁੰਡੇ ਉੱਕਾ ਹੀ ਨਹੀਂ ਸਨ ਖਲੋ ਸਕਦੇ। ਇਹ ਗੱਲ ਵੀ ਬਿਲਕੁਲ ਮੰਨਣਯੋਗ ਹੈ ਕਿ ਸਰਕਾਰ ਨੂੰ ਮਹੰਤ ਦੀਆਂ ਤਿਆਰੀਆਂ ਦਾ ਵੀ ਪਤਾ ਸੀ ਤੇ ਹਜ਼ਾਰਾਂ ਅਕਾਲੀਆਂ ਵੱਲੋਂ ਗੁਰਦੁਆਰੇ 'ਤੇ ਧਾਵਾ ਬੋਲਣ ਦੀ ਵੀ ਰਿਪੋਰਟ ਸੀ। ਸਰਕਾਰ ਨੇ ਨਾ ਹੀ ਮਹੰਤ ਨੂੰ ਬਚਾਓ ਦੀਆਂ ਤਿਆਰੀਆਂ ਕਰਨ ਤੋਂ ਰੋਕਿਆ, ਨਾ ਹੀ ਉਸਦੇ ਹਾੜੇ ਕੱਢਣ ਦੇ ਬਾਵਜੂਦ ਪੁਲਿਸ ਸੁਰੱਖਿਆ ਭੇਜੀ। ਦੂਜੇ ਪਾਸੇ ਅਕਾਲੀਆਂ ਵੱਲੋਂ ਮਹੰਤ 'ਤੇ ਧਾਵਾ ਕਰਨ ਲਈ ਕੀਤੀ ਜਾ ਹੀ ਲਾਮਬੰਦੀ ਨੂੰ ਵੀ ਨਹੀਂ ਰੋਕਿਆ। ਗੁਰਦੁਆਰਿਆਂ 'ਤੇ ਅਕਾਲੀਆਂ ਵੱਲੋਂ ਕੀਤੇ ਗਏ ਪਹਿਲੇ ਕਬਜ਼ਿਆਂ ਅਤੇ ਤਾਜ਼ਾ ਹਾਲਾਤਾਂ ਦੇ ਮੱਦੇਨਜ਼ਰ ਸਰਕਾਰ ਨੂੰ ਇਹ ਇਲਮ ਸੀ ਕਿ ਅਕਾਲੀਆਂ ਵੱਲੋਂ ਕੀਤੀ ਜਾ ਰਹੀ ਤਿਆਰੀ ਸਾਹਮਣੇ ਮਹੰਤ ਦੀ ਤਾਕਤ ਬਹੁਤ ਥੋੜ੍ਹੀ ਹੈ ਤੇ ਅਕਾਲੀ ਗੁਰਦੁਆਰਿਆਂ 'ਤੇ ਕਬਜ਼ਾ ਕਰ ਹੀ ਲੈਣਗੇ। ਇਸ ਦਾ ਸਿੱਧਾ ਮਤਲਬ ਇਹ ਹੈ ਕਿ ਸਰਕਾਰ ਦੀ ਮਨਸ਼ਾ ਸੀ ਕਿ ਅਕਾਲੀ ਗੁਰਦੁਆਰਿਆਂ 'ਤੇ ਕਬਜ਼ਾ ਕਰ ਲੈਣ।

ਸਰਕਾਰ ਦੇ ਆਲੋਚਕਾਂ ਦਾ ਇਹ ਕਹਿਣਾ ਕਿ ਉਹਨੇ ਮਹੰਤ ਨੂੰ ਪਹਿਲਾਂ ਹੀ ਗ੍ਰਿਫਤਾਰ ਕਿਉਂ ਨਾ ਕੀਤਾ, ਬਿਲਕੁਲ ਨਾ-ਵਾਜਬ ਹੈ। ਕੋਈ ਵੀ ਸਰਕਾਰ ਇਹ ਨਹੀਂ ਕਰ ਸਕਦੀ ਕਿ ਉਹ ਧੱਕੇ ਨਾਲ ਕਿਸੇ ਦੇ ਘਰ ਜਾਂ ਅਦਾਰੇ 'ਤੇ ਕਬਜ਼ਾ ਕਰਨ ਜਾ ਰਹੇ ਬੰਦਿਆਂ ਨੂੰ ਤਾਂ ਨਾ ਰੋਕੇ, ਪਰ ਘਰ ਦੇ ਮਾਲਕ ਨੂੰ ਫੜ ਲਵੇ। ਉਸ ਵੇਲੇ ਤੋਂ ਲੈ ਕੇ ਅੱਜ ਤਕ ਵੀ ਅਦਾਲਤੀ ਇਨਸਾਫ ਦਾ ਇਹ ਮੰਨਿਆ ਪ੍ਰਮੰਨਿਆ ਅਸੂਲ ਹੈ ਕਿ ਜਦੋਂ ਕੋਈ ਕਿਸੇ 'ਤੇ ਹਮਲਾ ਕਰਨ ਜਾਂਦਾ ਹੈ ਤਾਂ ਉਸਨੂੰ ਹੱਕ ਹੈ ਕਿ ਉਹ ਹਮਲਾਵਰ 'ਤੇ ਪਹਿਲਾਂ ਹਮਲਾ ਕਰਨ ਦਾ ਹੱਕ ਰੱਖਦਾ ਹੈ। ਜਿਵੇਂ ਪਿਛੇ ਦੱਸਿਆ ਜਾ ਚੁੱਕਾ ਹੈ, ਮਹੰਤ ਨਰੈਣ ਦਾਸ ਨੇ ਪਹਿਲਾਂ ਸਰਕਾਰ ਕੋਲ ਦਾਦ ਫਰਿਆਦ ਕਰਦਿਆਂ ਇਹ ਆਖਿਆ ਸੀ ਕਿ ਜੇ ਕੋਈ ਅਕਾਲੀ ਗੁਰਦੁਆਰੇ ਦਾ ਕਬਜ਼ਾ ਲੈਣ ਆਇਆ ਤਾਂ ਮੈਂ ਮਾਰ ਦੇਣਾ ਹੈ ਤੇ ਫੇਰ ਮੈਨੂੰ ਜ਼ਿੰਮੇਵਾਰ ਨਾ ਠਹਿਰਾਇਓ। ਮਹੰਤ ਵੱਲੋਂ ਆਪਣੀ ਫਾਂਸੀ ਦੀ ਸਜ਼ਾ ਦੇ ਖ਼ਿਲਾਫ਼ ਜੋ ਹਾਈਕੋਰਟ ਵਿੱਚ ਅਪੀਲ ਕੀਤੀ ਗਈ ਸੀ, ਉਸ ਵਿੱਚ ਮਹੰਤ ਨੇ ਆਪਣੇ ਹੱਕ ਵਿੱਚ ਇਸੇ ਦਲੀਲ ਦਾ ਸਹਾਰਾ ਲਿਆ ਸੀ। ਹਾਈ ਕੋਰਟ ਨੇ ਵੀ ਇਸੇ ਦਲੀਲ ਨੂੰ ਮੰਨਦਿਆਂ ਉਸਦੀ ਸਜ਼ਾ ਘਟਾ ਕੇ ਉਮਰ ਕੈਦ ਕੀਤੀ ਸੀ।

ਅਕਾਲੀਆਂ ਵੱਲੋਂ ਕਬਜ਼ੇ ਦੀ ਪਹਿਲਾਂ ਕੀਤੀ ਵਿਉਂਤਬੰਦੀ ਦੇ ਤਹਿਤ ਲਗਭਗ ਦਸ-ਪੰਦਰਾਂ ਹਜ਼ਾਰ ਸਿੱਖਾਂ ਨੇ ਨਨਕਾਣਾ ਸਾਹਿਬ 'ਤੇ ਕਬਜ਼ੇ ਲਈ ਮਹੰਤ 'ਤੇ ਧਾਵਾ ਬੋਲਣਾ ਸੀ। ਇਸ ਅਨੁਮਾਨ ਨੂੰ ਅਸੀਂ ਘਟਾ ਕੇ ਜੇ ਪੰਜ ਹਜ਼ਾਰ ਜਾਂ ਦੋ ਹਜ਼ਾਰ ਵੀ ਮੰਨ ਲਈਏ ਤਾਂ ਵੀ ਇਹ ਇੱਕ ਬਹੁਤ ਵੱਡੀ ਫੋਰਸ ਸੀ। ਕਤਲੇਆਮ ਤੋਂ ਬਾਅਦ ਜਦੋਂ ਕਰਤਾਰ ਸਿੰਘ ਝੱਬਰ ਨਨਕਾਣੇ ਪੁੱਜਾ ਤਾਂ ਉਸ ਕੋਲ ਲਗਭਗ ਬਾਈ ਸੌ ਬੰਦੇ ਸਨ, ਹਾਲਾਂਕਿ ਪਹਿਲਾਂ ਰੱਦ ਹੋਏ ਪ੍ਰੋਗਰਾਮ ਨੂੰ ਸੁਣ ਕੇ ਇਕੱਠੇ ਹੋਏ ਜਥੇ ਘਰੋਂ-ਘਰੀਂ ਚਲੇ ਗਏ ਸਨ। ਨਾਲੇ ਗੱਲ ਇਕੱਲੀ ਬੰਦਿਆਂ ਦੀ ਗਿਣਤੀ ਦੀ ਨਹੀਂ, ਜਦੋਂਕਿ ਸੁੱਤੇ ਪਏ ਬੰਦਿਆਂ ਨੂੰ ਬਾਹਰੋਂ ਕੁੰਡੇ ਮਾਰ ਦੇਵੇ ਤਾਂ ਉਸਦੀ ਫੋਰਸ ਵੈਸੇ ਹੀ ਠੁੱਸ ਹੋ ਜਾਂਦੀ ਹੈ। ਸ. ਝੱਬਰ ਹੋਰਾਂ ਨੇ ਵੀ ਇਵੇਂ ਹੀ ਕਰਨਾ ਸੀ। ਜਦੋਂ ਲਛਮਣ ਸਿੰਘ ਦੀ ਅਗਵਾਈ ਵਾਲਾ ਲਗਭਗ 150 ਸਿੰਘਾਂ ਦਾ ਜਥਾ 20 ਫਰਵਰੀ ਨੂੰ ਸਵੇਰੇ ਗੁਰਦੁਆਰੇ ਵਿੱਚ ਦਾਖਲ ਹੋਇਆ ਤਾਂ ਇਸਦਾ ਮਹੰਤ ਦੇ ਕਿਸੇ ਰਾਖੇ ਨੂੰ ਪਤਾ ਵੀ ਨਾ ਲੱਗਾ। ਜਥੇ ਨੇ ਸਰੋਵਰ ਵਿੱਚ ਇਸ਼ਨਾਨ ਕਰਨ ਤੋਂ ਬਾਅਦ ਜਦੋਂ ਦਰਬਾਰ ਹਾਲ ਵਿੱਚ ਜਾ ਕੇ ਜੈਕਾਰੇ ਛੱਡੇ ਤਾਂ ਮਹੰਤ ਨੂੰ ਪਤਾ ਲੱਗਾ। ਜੈਕਾਰੇ ਸੁਣ ਕੇ ਮਹੰਤ ਨੇ ਸਮਝਿਆ ਕਿ ਗੁਰਦੁਆਰੇ ਵਿੱਚ ਕਬਜ਼ਾ ਹੋ ਚੁੱਕਾ ਹੈ। ਉਹ ਐਨਾ ਠਠੰਬਰ ਗਿਆ ਕਿ ਉਹ ਇੱਕ ਘੰਟਾ ਸਿੰਘਾਂ ਦੇ ਹਮਲਾ ਕਰਨ ਲਈ ਸਹਿਮਤ ਨਾ ਹੋਇਆ। ਜਦੋਂ ਉਸਨੂੰ ਦੱਸਿਆ ਗਿਆ ਕਿ ਇਹ ਜਥਾ ਵਿਰਕਾਂ ਦਾ ਨਹੀਂ ਹੈ ਤੇ ਬੰਦੇ ਵੀ ਥੋੜ੍ਹੇ ਹੀ ਹਨ ਤਾਂ ਕਿਤੇ ਜਾ ਕੇ ਮਹੰਤ ਨੇ ਇਨ੍ਹਾਂ ਨੂੰ ਮਾਰਨ ਦਾ ਹੁਕਮ ਦਿੱਤਾ। ਸਾਰੇ ਹਾਲਾਤ ਦੇ ਮੱਦੇਨਜ਼ਰ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਜੇ ਪਹਿਲੋਂ ਕੀਤੀ ਤਿਆਰੀ ਮੁਤਾਬਕ ਮਹੰਤ 'ਤੇ ਧਾਵਾ ਬੋਲਿਆ ਜਾਂਦਾ ਤਾਂ ਬਿਨਾ ਕਿਸੇ ਹੀਲ ਹੁੱਜਤ ਦੇ ਮਹੰਤ ਤੇ ਉਸਦੇ ਗੁੰਡਿਆਂ ਦੀਆਂ ਮੁਸ਼ਕਾਂ ਬੰਨ੍ਹੀਆਂ ਜਾਣੀਆਂ ਸਨ। ਜੇ ਬੰਦੇ ਥੋੜ੍ਹੇ ਜਾਂਦੇ ਤਾਂ ਓਹੀ ਹੋਣਾ ਸੀ ਜੋ ਹੋਇਆ।




**ਮਾਸਟਰ ਤਾਰਾ ਸਿੰਘ ਦੀ ਸਵੈ-ਜੀਵਨੀ 'ਮੇਰੀ ਯਾਦ' ਦਾ ਸਰਵਰਕ**

ਜਦੋਂ 19 ਫਰਵਰੀ ਸ਼ਾਮ ਨੂੰ ਸੱਚਾ ਸੌਦਾ ਵਿਖੇ ਕੁਝ ਆਗੂਆਂ ਵੱਲੋਂ ਝੱਬਰ 'ਤੇ ਕਬਜ਼ੇ ਦਾ ਪ੍ਰੋਗਰਾਮ ਕੈਂਸਲ ਕਰਨ ਲਈ ਜ਼ੋਰ ਪਾਇਆ ਜਾ ਰਿਹਾ ਸੀ ਤਾਂ ਸ. ਝੱਬਰ ਨੇ ਆਪਣੀ ਭਾਰੀ ਤਿਆਰੀ ਦੇ ਮੱਦੇਨਜ਼ਰ ਬੜੇ ਸਵੈ-ਭਰੋਸੇ ਨਾਲ ਇਹ ਆਖਿਆ ਸੀ ਕਿ "ਜੇ ਅਸੀਂ ਨਾ ਗਏ ਤਾਂ ਪਤਾ ਨਹੀਂ ਕਿ ਨਨਕਾਣੇ ਸਾਹਿਬ ਕੀ ਬਣ ਜਾਵੇ? ਮੈਂ ਤੁਹਾਡਾ ਹੁਕਮ ਛਾਤੀ 'ਤੇ ਰੱਖ ਕੇ ਮੰਨਦਾ ਹਾਂ। ਹੁਣ ਅਸੀਂ ਨਹੀਂ ਜਾਵਾਂਗੇ। ਮੈਂ ਤੁਹਾਨੂੰ ਹੁਣ ਵੀ ਆਖਦਾ ਹਾਂ ਕਿ ਤੁਸੀਂ ਨਾ ਰੋਕੋ, ਓਥੇ ਸੂਈ ਦਾ ਵੀ ਨੁਕਸਾਨ ਨਹੀਂ ਹੋਵੇਗਾ; ਪਰ ਤੁਸੀਂ ਸਾਨੂੰ ਮਜ਼ਬੂਰ ਪਏ ਕਰਦੇ ਹੋ, ਜੇ ਉਥੇ ਕੱਲ੍ਹ ਕੋਈ ਕਤਲ ਹੋ ਗਏ ਤਾਂ ਕੌਣ ਜ਼ਿੰਮੇਵਾਰ ਹੋਵੇਗਾ?" ਸ. ਜਸਵੰਤ ਸਿੰਘ ਝਬਾਲ ਕਹਿਣ ਲੱਗੇ, "ਅਸੀਂ ਪੰਥ ਅੱਗੇ ਜ਼ਿੰਮੇਵਾਰ ਹੋਵਾਂਗੇ।" ਸ. ਝੱਬਰ ਨੂੰ ਇਸ ਗੱਲ ਦਾ ਮੁਕੰਮਲ ਖਦਸ਼ਾ ਸੀ ਕਿ ਕੁਝ ਬੰਦਿਆਂ ਨੇ ਜਾਣੋਂ ਰੁਕਣਾ ਨਹੀਂ ਅਤੇ ਥੋੜ੍ਹੇ ਬੰਦਿਆਂ ਨੂੰ ਮਹੰਤ ਜ਼ਰੂਰ ਕਤਲ ਕਰ ਦੇਵੇਗਾ।

ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਇਸ ਸਾਕੇ ਤੋਂ ਪਹਿਲਾਂ ਨਾ ਹੀ ਕਿਸੇ ਅਕਾਲੀ ਨੇ ਤੇ ਨਾ ਹੀ ਕਿਸੇ ਸਰਕਾਰੀ ਆਲੋਚਕ ਨੇ ਇਹ ਮੰਗ ਕੀਤੀ ਸੀ ਕਿ ਮਹੰਤ ਨੂੰ ਬਚਾਅ ਦੀਆਂ ਤਿਆਰੀਆਂ ਕਰਨੋਂ ਰੋਕੇ ਜਾਂ ਉਸਨੂੰ ਗ੍ਰਿਫਤਾਰ ਕਰੇ। ਇਸ ਤੋਂ ਪਹਿਲਾਂ ਵੀ ਜਿੱਥੇ ਜਿੱਥੇ ਅਕਾਲੀਆਂ ਨੇ ਕਬਜ਼ੇ ਕੀਤੇ, ਉਨ੍ਹਾਂ ਬਾਰੇ ਕਿਸੇ ਵਿੱਚ ਵੀ ਇਹ ਨਹੀਂ ਸੀ ਕਿਹਾ ਗਿਆ ਕਿ ਸਾਡੇ ਕਬਜ਼ਾ ਕਰਨ ਤੋਂ ਪਹਿਲਾਂ ਸਰਕਾਰ ਨੇ ਮਹੰਤਾਂ ਨੂੰ ਗ੍ਰਿਫਤਾਰ ਕਿਉਂ ਨਾ ਕੀਤਾ। ਇੱਥੋਂ ਤਕ ਕਿ ਤਰਨਤਾਰਨ ਦੇ ਕਬਜ਼ੇ ਤੋਂ ਬਾਅਦ ਵੀ ਅਜਿਹੀ ਕੋਈ ਗੱਲ ਨਹੀਂ ਸੀ ਆਖੀ ਗਈ। ਹਾਲਾਂਕਿ ਇੱਥੇ ਮਹੰਤ ਨੇ ਦੋ ਸਿੰਘਾਂ ਨੂੰ ਕਤਲ ਵੀ ਕਰ ਦਿੱਤਾ ਸੀ ਅਤੇ ਗੋਲੀਆਂ ਵੀ ਚਲਾਈਆਂ ਸਨ।

ਨਰੈਣ ਦਾਸ ਵੱਲੋਂ ਵੀ ਬਚਾਅ ਦੀਆਂ ਤਿਆਰੀਆਂ ਨੂੰ ਭਾਵੇਂ ਅਸੀਂ ਕਤਲੇਆਮ ਦੀਆਂ ਤਿਆਰੀਆਂ ਕਹਿ ਲਈਏ ਤਾਂ ਵੀ ਕਿਸੇ ਨੇ ਇਨ੍ਹਾਂ ਨੂੰ ਰੋਕਣ ਦੀ ਮੰਗ ਨਹੀਂ ਕੀਤੀ, ਕਿਉਂਕਿ ਕੋਈ ਬੰਦਾ ਇਹ ਮੰਗ ਨਹੀਂ ਕਰ ਸਕਦਾ ਸੀ ਕਿ ਅਸੀਂ ਗੁਰਦੁਆਰੇ 'ਤੇ ਕਬਜ਼ਾ ਕਰਨ ਜਾਣਾ ਹੈ ਤੇ ਸਰਕਾਰ ਮਹੰਤ ਦੇ ਹਥਿਆਰ ਖੋਹ ਕੇ ਬੜੇ ਆਰਾਮ ਨਾਲ ਕਬਜ਼ਾ ਹੋਣ ਦੇਵੇ। ਨਾ ਹੀ ਇਹ ਕੰਮ ਸਰਕਾਰ ਖੁਦ ਕਰ ਸਕਦੀ ਸੀ ਕਿ ਉਹ ਮਹੰਤ ਨੂੰ ਪੁਲਿਸ ਹਿਫਾਜ਼ਤ ਵੀ ਨਾ ਦੇਵੇ ਅਤੇ ਉਸਦੇ ਹਥਿਆਰ ਵੀ ਖੋਹ ਲਵੇ। ਉਪਰ ਦੱਸੇ ਗਏ ਹਾਲਾਤਾਂ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਇਹ ਕਤਲੇਆਮ ਸਿਰਫ ਥੋੜ੍ਹੇ ਬੰਦਿਆਂ ਦੇ ਜਾਣ ਕਰਕੇ ਹੀ ਹੋਇਆ। ਇਸ ਲਈ ਉਨ੍ਹਾਂ ਲੀਡਰਾਂ ਨੂੰ ਹੀ ਇਸ ਲਈ ਜ਼ਿੰਮੇਵਾਰ ਕਰਾਰ ਦੇਣਾ ਚਾਹੀਦਾ ਹੈ, ਜਿਨ੍ਹਾਂ ਨੇ ਇਹ ਆਖਿਆ ਸੀ ਕਿ ਜੇ ਕੋਈ ਨੁਕਸਾਨ ਹੋ ਗਿਆ ਤਾਂ ਅਸੀਂ ਜ਼ਿੰਮੇਵਾਰ ਹੋਵਾਂਗੇ। ਕਿਸੇ ਵੀ ਘਟਨਾ ਵਾਪਰਨ ਤੋਂ ਬਾਅਦ ਹੀ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਕੀਹਦੀ ਰਾਏ ਠੀਕ ਸੀ ਤੇ ਕੀਹਦੀ ਗਲਤ। ਭਾਵੇਂ ਅਸੀਂ ਪ੍ਰੋਗਰਾਮ ਰੱਦ ਕਰਵਾਉਣ ਵਾਲੇ ਲੀਡਰਾਂ ਦੀ ਨੀਅਤ 'ਤੇ ਕੋਈ ਸ਼ੱਕ ਨਾ ਵੀ ਕਰੀਏ, ਪਰ ਇਹ ਤਾਂ ਸਾਬਤ ਹੁੰਦਾ ਹੈ ਕਿ ਉਨ੍ਹਾਂ ਵੱਲੋਂ ਪ੍ਰੋਗਰਾਮ ਨੂੰ ਠੁੱਸ ਕਰਨ ਨੇ ਹੀ ਇਸ ਸ਼ਹੀਦੀ ਸਾਕੇ ਲਈ ਮਹੰਤ ਨੂੰ ਹਾਲਾਤ ਮੁਹੱਈਆ ਕਰਵਾਏ।

ਜਿੱਥੇ ਕਿਤੇ ਵੀ ਇਸ ਸਾਕੇ ਦਾ ਇਤਿਹਾਸ ਲੱਭਦਾ ਹੈ, ਉਥੇ ਇਸ ਗੱਲ 'ਤੇ ਚਾਨਣਾ ਪਾਇਆ ਨਹੀਂ ਮਿਲਦਾ ਕਿ ਕਬਜ਼ੇ ਨੂੰ ਕਿਉਂ ਰੋਕਿਆ ਗਿਆ। ਮਾਸਟਰ ਤਾਰਾ ਸਿੰਘ ਆਪਣੀ ਸਵੈ-ਜੀਵਨੀ 'ਮੇਰੀ ਯਾਦ' ਵਿੱਚ ਸਿਰਫ ਐਨਾ ਹੀ ਦਸਦੇ ਹਨ ਕਿ ਤੇਜਾ ਸਿੰਘ ਸਮੁੰਦਰੀ ਨੂੰ ਕਬਜ਼ੇ ਦਾ ਬਹੁਤ ਫਿਕਰ ਸੀ; ਇੱਥੇ ਵੀ ਉਨ੍ਹਾਂ ਨੇ ਫਿਕਰ ਦਾ ਕੋਈ ਕਾਰਨ ਬਿਆਨ ਨਹੀਂ ਕੀਤਾ। ਇਸ ਤੋਂ ਪਹਿਲਾਂ ਹੋਏ ਕਬਜ਼ਿਆਂ ਨੇ ਪੰਥ ਦਾ ਕੋਈ ਨੁਕਸਾਨ ਨਹੀਂ ਸੀ ਕੀਤਾ। ਇਹ ਵੀ ਗੱਲ ਮੰਨਣਯੋਗ ਨਹੀਂ ਹੈ ਕਿ ਗੁਰਦੁਆਰਾ ਕਮੇਟੀ ਦੇ ਲੀਡਰਾਂ ਨੂੰ ਇਸ ਗੱਲ ਦਾ ਖਦਸ਼ਾ ਸੀ ਕਿ ਨਨਕਾਣਾ ਸਾਹਿਬ ਵਿੱਚ ਮਹੰਤ ਸਿੱਖਾਂ ਨੂੰ ਕਤਲ ਕਰ ਸਕਦਾ ਹੈ, ਕਿਉਂਕਿ ਨਨਕਾਣਾ ਸਾਹਿਬ 'ਤੇ ਕਬਜ਼ੇ ਦੇ ਪ੍ਰੋਗਰਾਮ ਤੋਂ ਬਹੁਤ ਚਿਰ ਪਹਿਲਾਂ ਹੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਮਤਾ ਪਾਸ ਕਰ ਦਿੱਤਾ ਸੀ ਕਿ ਕਬਜ਼ੇ ਨਾ ਕੀਤੇ ਜਾਣ। ਉਸ ਵੇਲੇ ਵੀ ਇਸਦੀ ਵਜ੍ਹਾ ਬਿਆਨ ਕਰਦਾ ਇਤਿਹਾਸ ਨਹੀਂ ਲੱਭਦਾ। ਹਾਂ, ਇਹ ਗੱਲ ਜ਼ਰੂਰ ਇਤਿਹਾਸ ਵਿੱਚ ਵਾਰ-ਵਾਰ ਮਿਲਦੀ ਹੈ ਕਿ ਮਹਾਤਮਾ ਗਾਂਧੀ ਵਾਰ-ਵਾਰ ਇਹੀ ਸਲਾਹ ਦਿੰਦਾ ਸੀ ਕਿ "ਕਬਜ਼ੇ ਕਰਨੇ ਬੰਦ ਕਰੋ, ਮਹੰਤਾਂ ਨੂੰ ਗੁਰਦੁਆਰਿਆਂ 'ਚੋਂ ਕੱਢਣਾ ਜ਼ਬਰ ਹੈ।" ਨਨਕਾਣਾ ਸਾਹਿਬ ਵਿੱਚ ਮਹੰਤ ਵੱਲੋਂ ਲਗਭਗ 130 ਸਿੱਖਾਂ ਦੇ ਕਤਲੇਆਮ ਤੋਂ ਬਾਅਦ 3 ਮਾਰਚ 1921 ਨੂੰ ਨਨਕਾਣਾ ਸਾਹਿਬ ਵਿੱਚ ਹੋਈ ਸ਼ਹੀਦੀ ਕਾਨਫਰੰਸ ਮੌਕੇ ਵੀ ਉਹਦੇ ਮੂੰਹੋਂ ਮਹੰਤਾਂ ਦੀ ਨਿਖੇਧੀ ਦਾ ਇੱਕ ਸ਼ਬਦ ਨਹੀਂ ਨਿਕਲਿਆ। ਸਗੋਂ ਸਾਰੀ ਸੰਗ-ਸ਼ਰਮ ਲਾਹ ਕੇ ਉਸ ਨੇ ਸਿੱਖਾਂ ਨੂੰ ਇੱਥੋਂ ਤਕ ਮਸ਼ਵਰਾ ਦਿੱਤਾ ਕਿ ਸਿੱਖ ਮਹੰਤ ਤੇ ਉਹਦੇ ਗੁੰਡਿਆਂ ਨੂੰ ਸਜ਼ਾ ਦਿਵਾਉਣ ਲਈ ਅਦਾਲਤਾਂ ਵਿੱਚ ਨਾ ਜਾਣ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਬਜ਼ੇ ਨੂੰ ਰੋਕਣ ਦਾ ਪ੍ਰੋਗਰਾਮ ਬਾਰੇ ਭਾਵੇਂ ਇਹ ਕਹਿ ਲਿਆ ਜਾਵੇ ਕਿ ਉਹ ਗਾਂਧੀ ਦੀਆਂ ਹਦਾਇਤਾਂ 'ਤੇ ਕੰਮ ਨਹੀਂ ਸੀ ਕਰ ਰਹੀ, ਪਰ ਇਸ ਮਾਮਲੇ ਵਿੱਚ ਉਸਦਾ ਪ੍ਰੋਗਰਾਮ ਗਾਂਧੀ ਵਾਲਾ ਹੀ ਸੀ। ਬਾਅਦ ਵਿੱਚ ਵੀ ਕਮੇਟੀ ਪੂਰਨ ਰੂਪ ਵਿੱਚ ਗਾਂਧੀ ਦੇ ਸਾਰੇ ਪ੍ਰੋਗਰਾਮਾਂ ਦੀ ਸਿੱਧਮ ਸਿੱਧੀ ਹਾਮੀ ਭਰਨ ਲੱਗ ਪਈ। ਉਸਨੇ ਗਾਂਧੀ ਦੇ ਨਾ-ਮਿਲਵਰਤਨ ਅੰਦੋਲਨ ਦਾ ਮਤਾ ਪਾ ਕੇ ਹਮਾਇਤ ਕੀਤੀ ਅਤੇ ਇੱਥੋਂ ਤਕ ਆਖ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਦੇ ਰੁਮਾਲੇ ਵੀ ਨਾ ਮਿਲਵਰਤਨ ਅੰਦੋਲਨ ਦੇ ਤਹਿਤ ਖੱਦਰ ਦੇ ਹੀ ਹੋਣਗੇ।

### ਸਰਕਾਰ ਦਾ ਹੱਥ ਹੋਣ ਦੀਆਂ ਗੱਲਾਂ

ਸ਼ਹੀਦੀ ਸਾਕੇ ਵਾਲੇ ਦਿਨ ਤੋਂ ਹੀ ਇਸ ਕਾਂਡ ਵਿੱਚ ਸਰਕਾਰ ਦਾ ਹੱਥ ਹੋਣ ਦੀਆਂ ਗੱਲਾਂ ਸ਼ੁਰੂ ਹੋ ਗਈਆਂ। ਮਹਾਤਮਾ ਗਾਂਧੀ ਅਤੇ ਆਰੀਆ ਸਮਾਜੀ ਲਾਣਾ ਹਮੇਸ਼ਾ ਇਹ ਚਾਹੁੰਦਾ ਰਿਹਾ ਕਿ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਮੋੜਾ ਅੰਗਰੇਜ਼ਾਂ ਵੱਲੋਂ ਮੋੜਿਆ ਜਾਵੇ, ਉਨ੍ਹਾਂ ਨੂੰ ਇਹ ਸਾਕਾ ਅੰਗਰੇਜ਼ਾਂ ਦੇ ਖ਼ਿਲਾਫ਼ ਸਿੱਖਾਂ ਨੂੰ ਭੜਕਾਉਣ ਲਈ ਮਸਾਂ ਥਿਆਇਆ। ਗਾਂਧੀ ਨੇ ਇਹ ਗੱਲ ਹਮੇਸ਼ਾ ਚਾਹੀ ਕਿ ਸਿੱਖ ਜੋ ਵੀ ਅੰਦੋਲਨ ਕਰਨ, ਉਹ ਹਮੇਸ਼ਾ ਕਾਂਗਰਸ ਦੀਆਂ ਨੀਤੀਆਂ ਮੁਤਾਬਕ ਹੋਵੇ। ਅੰਗਰੇਜ਼ਾਂ ਤੋਂ ਤੋਸ਼ੇਖਾਨੇ ਦੀਆਂ ਕੁੰਜੀਆਂ ਲੈਣ ਵਾਲੇ ਸਿੱਧੇ ਧਾਰਮਿਕ ਮਸਲੇ ਨੂੰ ਉਹਨੇ ਆਜ਼ਾਦੀ ਦੀ ਲੜਾਈ ਵਿੱਚ ਇੱਕ ਜਿੱਤ ਕਹਿੰਦਿਆਂ ਬਾਬਾ ਖੜਕ ਸਿੰਘ ਨੂੰ ਤਾਰ ਦਿੱਤੀ ਸੀ। ਨਨਕਾਣਾ ਸਾਹਿਬ 3 ਮਾਰਚ 1921 ਦੀ ਸ਼ਹੀਦੀ ਕਾਨਫਰੰਸ ਮੌਕੇ ਵੀ ਉਸਨੇ ਮਹੰਤਾਂ ਦੀ ਨਿਖੇਧੀ ਨਾ ਕਰਕੇ ਇਸਨੂੰ ਜਲ੍ਹਿਆਂਵਾਲਾ ਬਾਗ ਗੋਲੀ ਕਾਂਡ ਨਾਲ ਤੁਲਨਾ ਕਰਦਿਆਂ ਇਸਨੂੰ ਡਾਇਰ ਸ਼ਾਹੀ ਦਾ ਦੂਜਾ ਐਡੀਸ਼ਨ ਕਹਿ ਕੇ ਸਰਕਾਰ ਲਈ ਇਸ ਨੂੰ ਜ਼ਿੰਮੇਵਾਰ ਕਰਾਰ ਦਿੱਤਾ।

ਲਾਹੌਰ ਦੀ ਸਾਰੀ ਆਰੀਆ ਸਮਾਜੀ ਮਹਾਸ਼ਾ ਪ੍ਰੈੱਸ ਨੇ ਇਸ ਲਈ ਸਰਕਾਰ ਨੂੰ ਜ਼ਿੰਮੇਵਾਰ ਕਰਾਰ ਦੇਣਾ ਹੀ ਸੀ, ਸਗੋਂ ਅਕਾਲੀ ਪ੍ਰੈਸ ਵੀ ਇਸਦੇ ਵਹਿਣ ਵਿੱਚ ਵਹਿ ਤੁਰੀ। ਉਘੇ ਆਰੀਆ ਸਮਾਜੀ ਲੀਡਰ ਨੇ ਵੀ ਨਨਕਾਣਾ ਸਾਹਿਬ ਪਹੁੰਚ ਕੇ ਸਰਕਾਰ ਦੀ ਹੀ ਨਿਖੇਧੀ ਕੀਤੀ। ਹਾਲਾਂਕਿ ਇਹ ਮਹੰਤ ਨੂੰ ਪਹਿਲਾਂ ਕਬਜ਼ਾ ਬਰਕਰਾਰ ਰੱਖਣ ਦੀਆਂ ਜੁਗਤਾਂ ਦੱਸਦਾ ਰਿਹਾ ਸੀ। ਜਦੋਂ ਅਕਾਲੀ ਮਹੰਤਾਂ ਦੇ ਖ਼ਿਲਾਫ਼ ਗੱਲ ਕਰਦੇ ਸਨ ਤਾਂ ਹਿੰਦੂ ਲੀਡਰਸ਼ਿਪ ਨੂੰ ਬਹੁਤ ਤਕਲੀਫ ਹੁੰਦੀ ਸੀ ਅਤੇ ਜਦੋਂ ਸਿੱਖ ਅੰਗਰੇਜ਼ਾਂ ਖ਼ਿਲਾਫ਼ ਕੋਈ ਲਫਜ਼ ਮੂੰਹੋਂ ਕੱਢਦੇ ਸਨ ਤਾਂ ਉਨ੍ਹੀਂ ਪੈਰੀਂ ਘੁੰਮ ਕੇ ਉਹ ਸਿੱਖਾਂ ਨੂੰ ਹੱਲਾਸ਼ੇਰੀ ਦੇਣ ਲੱਗ ਜਾਂਦੇ ਸਨ।

1921 ਦੇ ਮਾਰਚ-ਅਪ੍ਰੈਲ ਦੌਰਾਨ ਜਦੋਂ ਪੰਜਾਬ ਵਿਧਾਨ ਸਭਾ ਵਿੱਚ ਗੁਰਦੁਆਰਾ ਕਾਨੂੰਨ ਬਣਾਉਣ ਬਾਰੇ ਬਹਿਸ ਸ਼ੁਰੂ ਹੋਈ ਤਾਂ ਸਾਰੇ ਹਿੰਦੂ ਐਮ.ਐਲ.ਏਜ਼ ਨੇ ਇਸਦਾ ਜ਼ੋਰਦਾਰ ਵਿਰੋਧ ਕਰਦਿਆਂ ਗੁਰਦੁਆਰਿਆਂ ਦੇ ਪ੍ਰਬੰਧ ਮਹੰਤਾਂ ਦੇ ਹੱਥਾਂ ਵਿੱਚ ਹੀ ਰੱਖਣ ਦੀ ਜ਼ੋਰਦਾਰ ਵਕਾਲਤ ਕੀਤੀ। ਇੱਕ ਮੈਂਬਰ ਗਣਪਤ ਰਾਏ ਨੇ ਕਿਹਾ ਕਿ ਇਹ ਲਹਿਰ ਸਿੱਖਾਂ ਦੀ ਨਹੀਂ ਸਗੋਂ ਇੱਕ ਫਿਰਕੇ ਦੀ ਹੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਕਾਨੂੰਨ ਬਣਨਾ ਆਪਣੇ ਪੂਜਾ ਪਾਠ ਦੇ ਢੰਗ ਨੂੰ ਹੋਰਨਾਂ 'ਤੇ ਜ਼ਬਰੀ ਮੜ੍ਹਨ ਵਾਲੀ ਕਾਰਵਾਈ ਹੋਵੇਗੀ। ਪਰ ਹਿੰਦੂਆਂ ਦੇ ਵਿਰੋਧ ਦੇ ਬਾਵਜੂਦ ਜਦੋਂ ਗੁਰਦੁਆਰਾ ਕਾਨੂੰਨ ਬਣ ਹੀ ਗਿਆ ਤਾਂ ਹਿੰਦੂ ਸਭਾ ਨੇ ਮੰਗ ਰੱਖ ਦਿੱਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਹਿੰਦੂ ਮੈਂਬਰ ਵੀ ਲਏ ਜਾਣ। ਪੰਜਾਬ ਹਿੰਦੂ ਸਭਾ ਦੇ ਪ੍ਰਧਾਨ ਅਤੇ ਵਿਧਾਨ ਸਭਾ ਦੇ ਮੈਂਬਰ ਨਰਿੰਦਰ ਨਾਥ ਨੇ ਵੀ ਮਹੰਤਾਂ ਦਾ ਡਟ ਕੇ ਪੱਖ ਪੂਰਿਆ। ਇਨ੍ਹਾਂ ਤੱਥਾਂ ਤੋਂ ਬਾਅਦ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਮਹੰਤਾਂ ਨੂੰ ਅਸਲੀ ਹੱਲਾਸ਼ੇਰੀ ਕਿਸ ਦੀ ਸੀ ਅਤੇ ਅਮਲੀ ਤੌਰ 'ਤੇ ਉਨ੍ਹਾਂ ਦੀ ਪਿੱਠ 'ਤੇ ਹਿੰਦੂ ਜਥੇਬੰਦੀਆਂ ਸਨ।

### ਸਾਜਿਸ਼ ਵਾਲੀ ਗੱਲ ਸਿੱਖਾਂ ਦੇ ਕਿਉਂ ਹਜ਼ਮ ਹੋਈ?

ਸਿੱਖਾਂ ਨੂੰ ਅੰਗਰੇਜ਼ਾਂ ਨਾਲ ਇਸ ਗੱਲ ਦੀ ਪਹਿਲਾਂ ਤੋਂ ਹੀ ਖੁੰਧਕ ਸੀ ਕਿ ਉਨ੍ਹਾਂ ਨੇ ਸਿੱਖਾਂ ਦਾ ਰਾਜ ਖੋਹਿਆ ਹੈ। ਉਸ ਤੋਂ ਬਾਅਦ 1915 ਵਿੱਚ ਸਰਕਾਰ ਖ਼ਿਲਾਫ਼ ਬਗਾਵਤ ਕਰਨ ਦੇ ਦੋਸ਼ ਵਿੱਚ 25 ਸਿੱਖਾਂ ਨੂੰ ਫਾਂਸੀ ਦੇਣ ਦੀ ਘਟਨਾ ਨੇ ਸਿੱਖਾਂ ਨੂੰ ਅੰਗਰੇਜ਼ਾਂ ਦੇ ਹੋਰ ਖ਼ਿਲਾਫ਼ ਕਰ ਦਿੱਤਾ। 13 ਅਪ੍ਰੈਲ 1919 ਦੇ ਜਲ੍ਹਿਆਂਵਾਲੇ ਬਾਗ ਗੋਲੀ ਕਾਂਡ ਨੇ ਤਾਂ ਬਲਦੀ 'ਤੇ ਹੀ ਤੇਲ ਪਾ ਦਿੱਤਾ। ਜਦੋਂ ਕਿਸੇ ਵਿਅਕਤੀ ਜਾਂ ਸਮਾਜ ਦੇ ਮਨ ਵਿੱਚ ਕਿਸੇ ਹਾਕਮ ਬਾਰੇ ਨਫਰਤ ਪੈਦਾ ਹੋ ਜਾਵੇ ਤਾਂ ਉਸਦਾ ਮਨ, ਹਾਕਮ ਬਾਰੇ ਫੈਲਾਈ ਜਾ ਰਹੀ ਹਰ ਸੱਚੀ-ਝੂਠੀ ਘਟਨਾ ਨੂੰ ਹਜ਼ਮ ਕਰ ਲੈਂਦਾ ਹੈ। ਇਹੀ ਕਾਰਨ ਸਨ ਕਿ ਸਿੱਖਾਂ ਨੇ ਸਰਕਾਰੀ ਸਾਜਿਸ਼ ਵਾਲੀ ਗੱਲ ਨੂੰ ਸਹਿਜੇ ਹੀ ਅਪਣਾ ਲਿਆ। ਨਾਲੇ ਉਸ ਵੇਲੇ ਕੋਈ ਅਜਿਹੀ ਲੀਡਰਸ਼ਿਪ ਨਹੀਂ ਸੀ, ਜੋ ਇਸ ਗੱਲ ਨੂੰ ਖਾਰਜ ਕਰਨ ਦਾ ਹੌਸਲਾ ਕਰ ਸਕੇ। ਜੇ ਕੋਈ ਅਜਿਹਾ ਕਰਦਾ ਸੀ ਤਾਂ ਉਸ 'ਤੇ ਅੰਗਰੇਜ਼ਾਂ ਦਾ ਪਿੱਠੂ ਹੋਣ ਦਾ ਦੋਸ਼ ਲੱਗਦਾ ਸੀ। ਆਜ਼ਾਦੀ ਤੋਂ ਬਾਅਦ ਕਿਸੇ ਨੇ ਕਿਸੇ ਵੀ ਮਸਲੇ 'ਤੇ ਅੰਗਰੇਜ਼ਾਂ ਦੀ ਵਕਾਲਤ ਕਰਨ ਦਾ ਹੌਸਲਾ ਨਹੀਂ ਕੀਤਾ। ਅੱਜ ਵੀ ਹਰੇਕ ਮਸਲੇ ਉਤੇ ਅੰਗਰੇਜ਼ਾਂ ਦੀ ਨਿਖੇਧੀ ਕਰਨ ਵਾਲੀ ਪਿਰਤ ਜਾਰੀ ਹੈ। ਨਾਲੇ ਅੰਗਰੇਜ਼ਾਂ ਦੀ ਨਿਖੇਧੀ ਕਰਨੀ ਬਹੁਤ ਸੌਖੀ ਹੈ, ਜਦਕਿ ਇਸਦੇ ਉਲਟ ਗੱਲ ਕਰਨ ਵਾਲੇ ਨੂੰ ਮੌਜੂਦਾ ਸੱਤਾਧਾਰੀ ਨਿਜ਼ਾਮ ਅਤੇ ਕਾਮਰੇਡਾਂ ਦੀ ਆਲੋਚਨਾ ਦਾ ਡਰ ਰਹਿੰਦਾ ਹੈ।

### ਸੋਹਨ ਸਿੰਘ ਜੋਸ਼ ਦਾ ਥੀਸਿਜ਼

ਅਕਾਲੀ ਮੋਰਚਿਆਂ ਬਾਰੇ ਕਾਮਰੇਡ ਸੋਹਨ ਸਿੰਘ ਜੋਸ਼ ਨੇ ਇੱਕ ਥੀਸਿਜ਼ (ਖੋਜ ਕਿਤਾਬ) ਲਿਖੀ, ਜਿਸ ਵਿੱਚ ਨਨਕਾਣਾ ਸਾਹਿਬ ਦੀ ਘਟਨਾ ਦਾ ਇੱਕ ਵੱਡਾ ਜ਼ਿਕਰ ਹੈ। ਇਸ ਖੋਜ ਦਾ ਸਾਰਾ ਖਰਚਾ ਕਮਿਊਨਿਸਟ ਪਾਰਟੀ ਆਫ ਇੰਡੀਆ (ਸੀ.ਪੀ.ਆਈ.) ਨੇ ਕੀਤਾ। ਇਹ ਖੋਜ ਤਿੰਨ ਵਰ੍ਹਿਆਂ ਵਿੱਚ ਪੂਰੀ ਹੋਈ, ਜਿਸਦੀ ਪਹਿਲੀ ਐਡੀਸ਼ਨ 1967 ਵਿੱਚ ਛਪੀ। ਕਮਿਊਨਿਸਟ ਪਾਰਟੀਆਂ ਹਮੇਸ਼ਾ ਹੀ ਅੰਗਰੇਜ਼ਾਂ ਨੂੰ ਸਾਮਰਾਜੀ ਕਹਿ ਕੇ ਭੰਡਦੀਆਂ ਆਈਆਂ ਹਨ। ਅਕਾਲੀ ਮੋਰਚਿਆਂ ਦੇ ਇਤਿਹਾਸ ਨੂੰ ਦੱਸਣ ਲੱਗਿਆਂ ਉਨ੍ਹਾਂ ਨੇ ਇਹ ਕਿਤਾਬ ਅੰਗਰੇਜ਼ਾਂ ਨੂੰ ਭੰਡਣ ਦੇ ਨਜ਼ਰੀਏ ਤੋਂ ਹੀ ਲਿਖੀ ਹੈ।

ਕਿਤਾਬ ਦੇ ਮੁੱਖ ਬੰਦ ਵਿੱਚ ਇਹ ਗੱਲ ਸਾਬਤ

***⇒ ਬਾਕੀ ਅਗਲੇ ਸਫੇ ਉਤੇ ਪੜ੍ਹੋ***

ਕਰਦਿਆਂ ਸ੍ਰੀ ਜੋਸ਼ ਲਿਖਦੇ ਹਨ, "ਪੁਸਤਕ ਵਿੱਚ ਬ੍ਰਿਟਿਸ਼ ਸਾਮਰਾਜ ਦਾ ਰੋਲ ਮੈਂ ਬੜਾ ਉਭਾਰ ਕੇ ਪੇਸ਼ ਕੀਤਾ ਹੈ ਅਤੇ ਅੰਗਰੇਜ਼ ਹਾਕਮਾਂ ਦੀਆਂ ਕੁਟਲ ਨੀਤੀਆਂ, ਚਾਲਾਂ-ਕੁਚਾਲਾਂ, ਫੁੱਟ ਪਾਉਣ ਦੀਆਂ ਕਰਤੂਤਾਂ ਨੂੰ ਚੰਗੀ ਤਰ੍ਹਾਂ ਨਸ਼ਰ ਕੀਤਾ ਹੈ। ਮੇਰੀ ਪੱਕੀ ਰਾਇ ਹੈ ਕਿ ਬ੍ਰਿਟਿਸ਼ ਸਾਮਰਾਜ ਦੇ ਦੌਰ ਦਾ ਕੋਈ ਵੀ ਇਤਿਹਾਸ ਜਿਹੜਾ ਸਾਮਰਾਜੀ ਸਾਜਿਸ਼ਾਂ ਤੇ ਕੁਟਲ ਨੀਤੀਆਂ ਨੂੰ ਚੰਗੀ ਤਰ੍ਹਾਂ ਨਸ਼ਰ ਨਹੀਂ ਕਰਦਾ, ਉਹ ਸੱਚਾ ਇਤਿਹਾਸ ਨਹੀਂ ਹੋ ਸਕਦਾ।" ਇਸ ਕਿਤਾਬ ਦੇ ਸਫਾ 14 ਅਤੇ 28 'ਤੇ ਉਹ ਮਹੰਤਾਂ ਨੂੰ ਸਰਕਾਰ ਦੇ ਹੱਥਠੋਕੇ ਅਤੇ ਹਕੂਮਤ ਮਹੰਤਾਂ ਦੀ ਪਿੱਠ 'ਤੇ ਕਹਿਣ ਵਾਲਾ ਆਪਣਾ ਵਿਚਾਰ ਬਿਨਾ ਕਿਸੇ ਦਲੀਲ ਤੋਂ ਵਾਰ ਵਾਰ ਪੇਸ਼ ਕਰਦੇ ਹਨ। ਸਾਜਿਸ਼ ਨੂੰ ਸੱਚ ਬਣਾਉਣ ਖਾਤਰ ਉਹ ਅਜਿਹੀਆਂ ਦਲੀਲਾਂ ਦਿੰਦੇ ਹਨ, ਜਿਨ੍ਹਾਂ ਦੀ ਕੋਈ ਖਾਸ ਅਹਿਮੀਅਤ ਨਹੀਂ। ਮਿਸਾਲ ਦੇ ਤੌਰ 'ਤੇ ਸਫਾ 71 'ਤੇ ਉਹ ਲਿਖਦੇ ਹਨ, "ਡਿਪਟੀ ਕਮਿਸ਼ਨਰ ਨੇ ਕਾਰ ਦੇ ਹੁੰਦਿਆਂ ਨਨਕਾਣੇ ਪਹੁੰਚਣ ਵਿੱਚ ਦੁਪਹਿਰ ਕਿਉਂ ਕੀਤੀ ਜਾਂ ਕਮਿਸ਼ਨਰ ਨੇ ਲਾਹੌਰੋਂ ਆਉਣ ਵਿੱਚ ਰਾਤ ਕਿਉਂ ਕੀਤੀ, ਜਿਸ ਕਰਕੇ ਇਹ ਸਾਜਿਸ਼ ਸਾਬਤ ਕਰਦਾ ਹੈ।"

ਸਭ ਨੂੰ ਪਤਾ ਹੈ ਕਿ 1921 ਵਿੱਚ ਤਾਰ ਤੋਂ ਇਲਾਵਾ ਹੋਰ ਕੋਈ ਤੇਜ਼ ਰਫਤਾਰ ਸੰਚਾਰ ਸਾਧਨ ਨਹੀਂ ਸੀ। ਉਸ ਦਿਨ ਡੀ.ਸੀ. ਆਪਣੇ ਹੈੱਡ ਕੁਆਰਟਰ ਸ਼ੇਖੂਪੁਰੇ ਨਹੀਂ, ਬਲਕਿ ਮਾਂਗਟਾਂ ਵਾਲੇ ਡਾਕ ਬੰਗਲੇ ਵਿੱਚ ਸੀ। ਪੰਜਾਬ ਵਿੱਚ ਖਾੜਕੂਵਾਦ ਤੋਂ ਪਹਿਲਾਂ ਤਕ ਡੀ.ਸੀ. ਨਾਲ ਸਿਰਫ ਇੱਕ ਹੀ ਗੰਨਮੈਨ ਹੁੰਦਾ ਸੀ। ਸੋ ਇੱਕ ਗੰਨਮੈਨ ਨਾਲ ਡੀ.ਸੀ. ਵੱਲੋਂ ਆਪਣੇ ਤੌਰ 'ਤੇ ਕੋਈ ਕਾਰਵਾਈ ਕਰਨਾ ਔਖਾ ਸੀ। ਰਹੀ ਗੱਲ ਕਮਿਸ਼ਨਰ ਦੇ ਰਾਤ ਨੂੰ ਪਹੁੰਚਣ ਦੀ, ਕਮਿਸ਼ਨਰ ਡੀ.ਆਈ.ਜੀ. ਨੂੰ ਲੈ ਕੇ ਪੂਰੀ ਫੋਰਸ ਨਾਲ ਇੱਕ ਸਪੈਸ਼ਲ ਰੇਲ ਗੱਡੀ ਭਰ ਕੇ ਨਨਕਾਣੇ ਉਸੇ ਦਿਨ, ਰਾਤ ਨੂੰ ਪੁੱਜਾ। ਸਲਾਹ ਮਸ਼ਵਰਾ, ਫੋਰਸ ਤੇ ਸਪੈਸ਼ਲ ਰੇਲ ਗੱਡੀ ਦੀ ਤਿਆਰੀ ਕਰਨ ਅਤੇ ਨਨਕਾਣੇ ਪੁੱਜਣ ਲਈ ਰਾਤ ਨੂੰ ਜਾਣੀ ਕੋਈ ਵੱਡੀ ਗੱਲ ਨਹੀਂ। ਸਵਾਲ ਇਹ ਨਹੀਂ ਕਿ ਰਾਤ ਨੂੰ ਪੁੱਜਾ ਜਾਂ ਦੁਪਹਿਰੇ ਕਿਉਂ ਨਹੀਂ ਪੁੱਜਾ, ਬਲਕਿ ਸਵਾਲ ਇਹ ਹੈ ਕਿ ਉਹਨੇ ਐਕਸ਼ਨ ਕੀ ਕੀਤਾ? ਉਸਨੇ ਜਾਂਦਿਆਂ ਸਾਰ ਮਹੰਤ ਅਤੇ ਉਹਦੇ 28 ਗੁੰਡਿਆਂ ਨੂੰ ਫੜ ਕੇ ਉਸੇ ਸਪੈਸ਼ਲ ਰੇਲ ਗੱਡੀ ਰਾਹੀਂ ਲਾਹੌਰ ਭੇਜ ਦਿੱਤਾ। ਇਸ ਗ੍ਰਿਫਤਾਰੀ ਤੋਂ ਬਾਅਦ ਹੋਰ ਗ੍ਰਿਫਤਾਰੀਆਂ ਦਾ ਹੋਣਾ, ਤੇਜ਼ੀ ਨਾਲ ਮੁਕੱਦਮਾ ਚਲਣਾ ਅਤੇ ਮਹੰਤ ਨੂੰ ਸਜ਼ਾ ਹੋਣਾ ਸਰਕਾਰੀ ਸਾਜਿਸ਼ ਵਾਲੇ ਅੰਸ਼ ਨੂੰ ਚੰਗੀ ਤਰ੍ਹਾਂ ਖਾਰਜ ਕਰਨ ਲਈ ਕਾਫੀ ਹੈ। ਗਵਰਨਰ ਵੱਲੋਂ ਪੰਜਾਬ ਦੀ ਸਾਰੀ ਵਜ਼ਾਰਤ ਸਣੇ ਮੌਕੇ 'ਤੇ ਪਹੁੰਚਣਾ ਸਰਕਾਰ ਦੀ ਗੰਭੀਰਤਾ ਸਾਬਤ ਕਰਦਾ ਹੈ। ਸੋਹਣ ਸਿੰਘ ਜੋਸ਼ ਦੀ ਇਹ ਕਿਤਾਬ ਨੇ ਵੀ ਸਰਕਾਰੀ ਸਾਜਿਸ਼ ਵਾਲੇ ਸਿਧਾਂਤ ਨੂੰ ਪੱਕਾ ਕਰਨ ਵਿੱਚ ਬਹੁਤ ਯੋਗਦਾਨ ਪਾਇਆ।

ਅਕਾਲੀ ਮੋਰਚਿਆਂ ਬਾਰੇ ਇੱਕ ਬਹੁਤ ਹੀ ਪੁਖਤਾ ਕਿਤਾਬ 'ਅਕਾਲੀ ਮੋਰਚੇ ਅਤੇ ਝੱਬਰ' ਨਰੈਣ ਸਿੰਘ ਐਮ.ਏ. ਦੀ ਲਿਖੀ ਮਿਲਦੀ ਹੈ। ਇਹ ਕਿਤਾਬ ਕਿਸੇ ਵੀ ਖਾਸ ਨਜ਼ਰੀਏ ਤੋਂ ਨਹੀਂ ਲਿਖੀ ਗਈ, ਬਲਕਿ ਇਸ ਵਿੱਚ ਸਿਰਫ ਘਟਨਾਵਾਂ ਦਾ ਹੀ ਵੇਰਵਾ ਹੈ। ਸੋਹਨ ਸਿੰਘ ਜੋਸ਼ ਆਪਣੀ ਕਿਤਾਬ ਦੇ ਸਫਾ 74 ਦੇ ਫੁਟ ਨੋਟ 'ਤੇ ਇਸ ਕਿਤਾਬ ਨੂੰ ਬਹੁਤ ਹੀ ਪਤਲੀਆਂ ਜਿਹੀਆਂ ਦਲੀਲਾਂ ਨਾਲ ਭੰਡਦੇ ਹਨ। ਉਹ ਲਿਖਦੇ ਹਨ, "ਇਹ ਪੁਸਤਕ 45-46 ਸਾਲਾਂ ਪਿਛੋਂ ਲਿਖੀ ਗਈ ਹੈ। ਇਸ ਵਿੱਚ ਹਉਮੈ ਤੇ ਅਤਿਕਥਨੀ ਬੜੀ ਹੈ। ਕੁਝ ਤੱਥ ਵੀ ਗਲਤ ਹਨ। ਉਸ ਵੇਲੇ ਨਨਕਾਣੇ ਵਿੱਚ ਸੌ ਗੋਰੇ ਫੌਜੀ ਅਫਸਰ ਤੇ ਸਿਪਾਹੀ ਅਤੇ ਸੌ ਦੇਸੀ ਫੌਜੀ ਸਿਪਾਹੀ ਸਨ।"

ਆਪਣੀ ਕਿਤਾਬ ਵਿੱਚ ਭਾਈ ਨਰੈਣ ਸਿੰਘ ਨੇ 150 ਗੋਰੇ ਫੌਜੀਆਂ ਦਾ ਪਹੁੰਚਣਾ ਦੱਸਿਆ ਹੈ, ਜਦਕਿ ਜੋਸ਼ ਆਪਣੀ ਕਿਤਾਬ ਵਿੱਚ 100 ਗੋਰਾ ਫੌਜੀ ਅਤੇ 100 ਦੇਸੀ ਸਿਪਾਹੀ ਦੱਸਦੇ ਹਨ। ਇਹ ਆਪਣੇ ਆਪ ਵਿੱਚ ਹੀ ਇੱਕ ਹਾਸੋਹੀਣੀ ਦਲੀਲ ਹੈ ਕਿ ਸਿਰਫ ਗਿਣਤੀ ਦੇ ਇਸ ਫਰਕ ਨੂੰ ਹੀ ਇਹ ਲਿਖ ਮਾਰਿਆ ਜਾਵੇ ਕਿ ਕਿਤਾਬ ਵਿੱਚ ਤੱਥ ਗਲਤ ਹਨ। ਨਾਲੇ ਜਿਸ ਵਾਕੇ ਭਾਈ ਨਰੈਣ ਸਿੰਘ ਨੇ ਜ਼ਿਕਰ ਕੀਤਾ ਹੈ, ਉਸ ਵਾਕੇ ਵਿੱਚ ਇਸ ਗੱਲ ਦੀ ਕੋਈ ਅਹਿਮੀਅਤ ਨਹੀਂ ਕਿ ਗਿਣਤੀ ਸੌ ਸੀ ਜਾਂ ਡੇਢ ਸੌ! ਨਾਲੇ ਅਜਿਹੇ ਮੌਕਿਆਂ 'ਤੇ ਕੋਈ ਪੂਰੀ ਪੱਕੀ ਗਿਣਤੀ ਹੋ ਵੀ ਨਹੀਂ ਸਕਦੀ।

ਦੂਜਾ ਪੱਖ ਰਿਹਾ ਕਿਤਾਬ ਦੇ 45 ਵਰ੍ਹੇ ਬਾਅਦ ਲਿਖੇ ਜਾਣ ਦਾ। ਇਸ ਕਿਤਾਬ ਦੇ ਲਿਖਾਰੀ ਭਾਈ ਨਰੈਣ ਸਿੰਘ ਉਸ ਪਹਿਲੇ ਜਥੇ ਵਿੱਚ ਸ਼ਾਮਿਲ ਸਨ, ਜੋ ਕਿ ਸਾਕੇ ਤੋਂ ਬਾਅਦ ਨਨਕਾਣਾ ਸਾਹਿਬ ਪੁੱਜਾ। ਉਹ ਗੁਰਦੁਆਰਾ ਨਨਕਾਣਾ ਸਾਹਿਬ ਦੇ 1932 ਵਿੱਚ ਮੈਨੇਜਰ ਨਿਯੁਕਤ ਹੋਏ ਅਤੇ ਅਗਸਤ 1947 ਤਕ ਇਸ ਅਹੁਦੇ 'ਤੇ ਰਹੇ। ਉਹ ਆਪ ਵੀ ਅਕਾਲੀ ਲਹਿਰ ਨਾਲ ਸਬੰਧਤ ਸਨ, ਜਿਸ ਕਰਕੇ ਉਨ੍ਹਾਂ ਦਾ ਸੰਪਰਕ ਅਕਾਲੀ ਲਹਿਰ ਦੇ ਯੋਧਿਆਂ, ਸੂਰਬੀਰਾਂ ਨਾਲ ਮੁੱਢ ਤੋਂ ਹੀ ਸੀ। ਇਹ ਕਿਤਾਬ ਉਨ੍ਹਾਂ ਨੇ ਭਾਈ ਕਰਤਾਰ ਸਿੰਘ ਝੱਬਰ ਦੀ ਡਾਇਰੀ ਨੂੰ ਆਧਾਰ ਬਣਾ ਕੇ ਲਿਖੀ ਹੈ, ਜੋ ਕਿ ਉਸ ਵੇਲੇ ਦੇ ਅਖਬਾਰਾਂ ਵਿੱਚ ਛਪਦੀ ਰਹੀ ਸੀ। ਸ. ਨਰੈਣ ਸਿੰਘ ਦਾ ਮੇਲ ਝੱਬਰ ਨਾਲ ਉਨ੍ਹਾਂ ਦੀ ਜ਼ਿੰਦਗੀ ਦੇ ਆਖਰੀ ਦਿਨਾਂ ਤੱਕ ਰਿਹਾ, ਜਦੋਂ 1947 ਤੋਂ ਬਾਅਦ ਸ. ਝੱਬਰ ਕਰਨਾਲ ਜ਼ਿਲ੍ਹੇ ਦੇ ਹਾਬੜੀ ਪਿੰਡ ਵਿੱਚ ਰਹਿ ਰਹੇ ਸਨ। ਸ. ਝੱਬਰ ਦੀ ਮੌਤ 1962 ਹੋਈ।

ਭਾਈ ਕਰਤਾਰ ਸਿੰਘ ਝੱਬਰ ਦਾ ਇਹ ਪੱਕਾ ਰੁਟੀਨ ਸੀ ਕਿ ਉਹ ਹਰੇਕ ਰਾਤ ਆਪਣੀ ਸਾਰੀ ਦਿਹਾੜੀ ਦੀ ਕਾਰਵਾਈ ਨੂੰ ਲਿਖ ਕੇ ਲਿਫਾਫਾ ਬੰਦ ਕਰ ਦਿੰਦੇ ਸਨ ਅਤੇ ਸਿਰਹਾਣੇ ਹੇਠ ਰੱਖ ਕੇ ਸੌਂਦੇ ਸਨ। ਸਵੇਰੇ ਉਠ ਕੇ ਉਸ ਨੂੰ ਅਖਬਾਰਾਂ ਦੇ ਨਾਂ ਡਾਕ ਵਿੱਚ ਪਾ ਦਿੰਦੇ ਸਨ। ਸੋ ਅਜਿਹੀ ਡਾਇਰੀ ਅਸਲੀਅਤ ਦੇ ਸਭ ਤੋਂ ਨੇੜੇ ਹੁੰਦੀ ਹੈ। ਭਾਈ ਨਰੈਣ ਸਿੰਘ 93 ਸਾਲ ਉਮਰ ਭੋਗ ਕੇ 1994 ਵਿੱਚ ਫੌਤ ਹੋਏ ਸਨ। ਉਨ੍ਹਾਂ ਦੀ ਕਿਤਾਬ 'ਤੇ ਹਉਮੈ ਤੇ ਅਤਿਕਥਨੀ ਵਾਲੇ ਦੋਸ਼ਾਂ ਬਾਬਤ ਸ੍ਰੀ ਜੋਸ਼ ਇੱਕ ਵੀ ਮਿਸਾਲ ਪੇਸ਼ ਨਹੀਂ ਕਰ ਸਕੇ।

ਸ਼੍ਰੋਮਣੀ ਕਮੇਟੀ ਅਤੇ ਹੋਰ ਉੱਘੀਆਂ ਸਿੱਖ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਨਨਕਾਣਾ ਸਾਹਿਬ ਦੇ ਸਾਕੇ ਬਾਰੇ ਹੋਰ ਖੋਜ ਕਰਾਵੇ। ਇਸ ਸਾਕੇ ਦੀ ਸਾਰੀ ਅਦਾਲਤੀ ਕਾਰਵਾਈ ਵੀ ਬਾਹਰ ਲਿਆਂਦੀ ਜਾਣੀ ਚਾਹੀਦੀ ਹੈ। ਨਹੀਂ ਤਾਂ ਸਮਾਂ ਬੀਤਣ ਨਾਲ ਕਿਤੋਂ ਵੀ ਕੁਝ ਨਹੀਂ ਲੱਭਣਾ!

*(ਬਾਕੀ ਅਗਲੇ ਅੰਕ ਵਿੱਚ)*








# ਸਿੱਖਾਂ ਦਾ ਕੌਮੀ ਸੰਕਲਪ ਅਤੇ ਇਸ ਦਾ ਧਰਮ ਨਾਲ ਰਿਸ਼ਤਾ

ਜਸਵੀਰ ਸਿੰਘ ਸ਼ੀਰੀ

## *ਸੀਨੀਅਰ ਪੱਤਰਕਾਰ ਅਵਤਾਰ ਸਿੰਘ ਦੀ ਕਿਤਾਬ ਦੇ ਹਵਾਲੇ ਨਾਲ




***ਬਰਤਾਨੀਆ ਵਿੱਚ ਵੱਸਦੇ ਪੰਜਾਬੀ ਪੱਤਰਕਾਰ ਸ. ਅਵਤਾਰ ਸਿੰਘ ਦੀ ਹਾਲ ਹੀ ਵਿੱਚ ਛਪੀ ਕਿਤਾਬ 'ਸਿੱਖ ਕੌਮ ਦਾ ਸੰਕਲਪ: ਨਾ ਹਮ ਹਿੰਦੂ ਨਾ ਮੁਸਲਮਾਨ' ਸਿੱਖਾਂ ਦੇ ਇੱਕ ਧਾਰਮਿਕ ਭਾਈਚਾਰੇ ਦੇ ਨਾਲ-ਨਾਲ ਇੱਕ ਕੌਮੀ ਹਸਤੀ ਹੋਣ ਦੇ ਸੰਕਲਪ ਦੀ ਸੰਸਾਰ ਚਿੰਤਨ ਦੇ ਪ੍ਰਸੰਗ ਵਿੱਚ ਵਿਆਖਿਆ ਕਰਦੀ ਹੈ। ਇਸ ਤੋਂ ਪਹਿਲਾਂ 'ਸਿੱਖ ਕੌਮ' ਜਾਂ 'ਸਿੱਖ ਪੰਥ' ਸ਼ਬਦ ਤਾਂ ਭਾਵੇਂ ਆਮ ਵਰਤਿਆ ਜਾਂਦਾ ਰਿਹਾ ਹੈ, ਪਰ ਇਸ ਦੀ ਅਕਾਦਮਿਕ ਪੱਧਰ 'ਤੇ ਵਿਆਖਿਆ ਦੇ ਸ਼ਾਇਦ ਹੀ ਕਦੇ ਯਤਨ ਹੋਏ ਹੋਣ। ਇਸ ਦਾ ਇੱਕ ਕਾਰਨ ਇਹ ਵੀ ਜਾਪਦਾ ਹੈ ਕਿ ਪੰਜਾਬ ਵਿੱਚ ਪੰਜਾਬੀ, ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਬਣੀਆਂ ਯੂਨੀਵਰਸਿਟੀਆਂ ਨੇ ਵੀ ਇਸ ਸਵਾਲ ਦਾ ਹੱਲ ਲੱਭਣ ਦਾ ਯਤਨ ਨਹੀਂ ਕੀਤਾ। ਪਿਛਲੇ 70-75 ਸਾਲਾਂ ਵਿੱਚ ਭਾਰਤੀ ਰਾਜ ਦਾ ਜਿਸ ਕਦਰ ਕੇਂਦਰੀਕਰਨ ਹੋ ਗਿਆ, ਉਸ ਕਾਰਨ ਇੱਥੇ ਨਾਮ ਨਿਹਾਦ ਜਿਹਾ ਫੈਡਰੇਲਿਜ਼ਮ ਹੀ ਰਹਿ ਗਿਆ ਹੈ। ਪੰਜਾਬ ਵਿੱਚ ਮੌਜੂਦ ਸਟੇਟ ਯੂਨੀਵਰਸਿਟੀਆਂ ਦੀ ਨਿਯੁਕਤੀ ਕਦੀ ਪੰਜਾਬ ਸਰਕਾਰ ਦਾ ਅਧਿਕਾਰ ਖੇਤਰ ਸੀ, ਹੁਣ ਇਹ ਵੀ ਕੇਂਦਰ ਨੇ ਰਾਜਪਾਲ ਰਾਹੀਂ ਆਪਣੇ ਹੱਥ ਲੈ ਲਿਆ ਹੈ। ਇਸ ਹਾਲਤ ਵਿੱਚ ਹਿੰਦੁਸਤਾਨੀ ਰਾਜਸੱਤਾ 'ਤੇ ਹਿੰਦੂਤਵੀ ਤਾਕਤਾਂ ਦੀ ਪ੍ਰਭੂਸੱਤਾ ਹੋਣ ਕਾਰਨ ਸਾਡੀਆਂ ਯੂਨੀਵਰਸਿਟੀਆਂ ਕੇਂਦਰੀ ਹਕੂਮਤ ਦੀ ਰਾਮਕਾਰ ਨੂੰ ਨਹੀਂ ਉਲੰਘਦੀਆਂ। ਇਸ ਮਾਮਲੇ ਵਿੱਚ ਪੱਛਮੀ ਦੇਸ਼ਾਂ ਦੀਆਂ ਯੂਨੀਵਰਸਿਟੀਆਂ, ਖਾਸ ਕਰਕੇ ਅਮਰੀਕਾ ਅਤੇ ਬਰਤਾਨੀਆਂ ਦੀਆਂ ਯੂਨੀਵਰਸਟੀਆਂ ਦੀ ਖ਼ੁਦਮੁਖਤਾਰ ਹਸਤੀ ਦੀ ਮਿਸਾਲ ਦਿੱਤੀ ਜਾਂਦੀ ਸੀ; ਪਰ ਕੁਝ ਦਿਨ ਪਹਿਲਾਂ ਅਮਰੀਕਾ ਦੀ ਜਗਤ ਪ੍ਰਸਿੱਧ ਯੂਨੀਵਰਸਿਟੀ, ਹਾਰਵਰਡ ਦੇ ਟਰੰਪ ਪ੍ਰਸ਼ਾਸਨ ਨਾਲ ਪੈਦਾ ਹੋਏ ਟਕਰਾਅ ਨੇ ਵਿਖਾ ਦਿੱਤਾ ਹੈ ਕਿ ਇਨ੍ਹਾਂ ਮੁਲਕਾਂ ਦੀਆਂ ਯੂਨੀਵਰਸਿਟੀਆਂ ਨੂੰ ਵੀ ਹੁਣ ਕਿਸ ਕਿਸਮ ਦੇ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤਰ੍ਹਾਂ ਸੰਸਾਰ ਵਿੱਚ ਪੈਦਾ ਹੋ ਰਹੀਆਂ ਨਵੀਆਂ ਆਰਥਿਕ-ਸਿਆਸੀ ਸਥਿਤੀਆਂ ਵਿੱਚ ਕਿਸੇ ਕੌਮ/ਖਿੱਤੇ ਦੇ ਮਹੱਤਵਪੂਰਨ ਸੰਕਲਪਾਂ ਨੂੰ ਨਿਤਾਰਨ ਅਤੇ ਪਰਿਭਾਸ਼ਤ ਕਰਨ ਦਾ ਕਾਰਜ ਕੁਝ ਸਵੈ-ਸੇਵੀ ਜਾਂ ਵਿਸ਼ੇਸ਼ ਵਿਦਵਾਨਾਂ ਦੇ ਕਰਨ ਜੋਗਰਾ ਹੀ ਰਹਿ ਗਿਆ ਹੈ। ਸ. ਅਵਤਾਰ ਸਿੰਘ ਦੀ ਕਿਤਾਬ ਇਸ ਨਵੇਂ ਹਾਲਾਤ ਵਿੱਚ ਸਿਰਜੀ ਬੇਹਤਰੀਨ ਕਿਤਾਬ ਹੈ। ਪੰਜਾਬ ਦੇ ਸੁਹਿਰਦ ਕਮਿਊਨਿਸਟ ਹਲਕਿਆਂ ਨੂੰ ਵੀ ਇਸ ਕਿਤਾਬ ਨੂੰ ਬੇਹੱਦ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਕੌਮੀ ਮਸਲੇ 'ਤੇ ਪੰਜਾਬੀ ਬੁੱਧੀਜੀਵੀ ਹਲਕਿਆਂ ਨੂੰ ਬਹੁਤ ਕੁਝ ਨਵੇਂ ਸਿਰੇ ਤੋਂ ਵਿਚਾਰਨ ਦੀ ਲੋੜ ਹੈ। ਇਸ ਮਸਲੇ 'ਤੇ ਇਹ ਕਿਤਾਬ ਸੁਹਿਰਦ ਬਹਿਸ ਦਾ ਆਧਾਰ ਬਣ ਸਕਦੀ ਹੈ। -ਪ੍ਰਬੰਧਕੀ ਸੰਪਾਦਕ***

ਬਰਤਾਨੀਆ ਵੱਸਦੇ ਸੀਨੀਅਰ ਪੱਤਰਕਾਰ ਅਵਤਾਰ ਸਿੰਘ ਦੀ ਪਲੇਠੀ ਕਿਤਾਬ 'ਸਿੱਖ ਕੌਮ ਦਾ ਸੰਕਲਪ: ਨਾ ਹਮ ਹਿੰਦੂ ਨਾ ਮੁਸਲਮਾਨ' ਸਿੱਖਾਂ ਦੀ ਇੱਕ ਕੌਮੀ ਹਸਤੀ ਅਤੇ ਉਸ ਦੇ ਪ੍ਰਭੂਸੱਤਾ ਸੰਪਨ ਰਾਜ ਦੀ ਤਾਲਾਸ਼ ਨੂੰ ਵਿਧੀਵਤ ਢੰਗ ਨਾਲ ਸੰਬੋਧਨ ਹੋਣ ਵਾਲੀ ਪਹਿਲੀ ਕਿਤਾਬ ਹੈ। ਸਿੱਖਾਂ ਨੂੰ ਆਪਣੇ ਆਪ ਨੂੰ ਇੱਕ 'ਵੱਖਰੀ ਕੌਮ' ਵਜੋਂ ਚਿਤਵਣ ਦੀ ਲੋਕ ਰਵਾਇਤ ਤਾਂ ਪੁਰਾਣੀ ਹੈ, ਪਰ ਇਸ ਨੂੰ ਸੰਸਾਰ ਭਾਰ ਦੀਆਂ ਕੌਮੀ ਹਸਤੀਆਂ ਦੇ ਪ੍ਰਸੰਗ ਵਿੱਚ ਰੱਖ ਕੇ ਬੌਧਿਕ ਵਿਆਖਿਆ ਕਰਨ ਦਾ ਕਾਰਜ਼ ਇੱਕ ਵੱਡੀ ਬੌਧਿਕ ਚੁਣੌਤੀ ਸੀ। ਇਸ ਕਿਸਮ ਦੇ ਕਾਰਜ ਸਿੱਖ ਸੰਸਥਾਵਾਂ ਦੇ ਕਰਨ ਵਾਲੇ ਹਨ। 'ਕੌਮ' ਦੀ ਬਣਤਰ ਕੀ ਹੁੰਦੀ ਹੈ ਅਤੇ ਇਸ ਅਨੁਸਾਰ ਸਿੱਖ ਕਿਸ ਤਰ੍ਹਾਂ 'ਕੌਮ' ਹਨ, ਇਸ ਗੁੰਝਲ ਨੂੰ ਅਵਤਾਰ ਸਿੰਘ ਨੇ ਪੱਛਮੀ ਵਿਦਵਾਨਾਂ ਦੇ ਵਿਸਤ੍ਰਿਤ ਅਤੇ ਬਾਰੀਕ ਅਧਿਅਨ ਦੇ ਪ੍ਰਸੰਗ ਵਿੱਚ ਰੱਖ ਕੇ ਵੇਖਿਆ ਹੈ। ਇਸ ਦੇ ਨਾਲ ਹੀ ਇਹ ਪੱਖ ਵੀ ਬੇਹੱਦ ਗਹਿਰੇ ਜਾ ਕੇ ਬਿਆਨ ਕੀਤਾ ਗਿਆ ਹੈ ਕਿ ਸਿੱਖ ਧਰਮ ਅਤੇ ਸਿੱਖ 'ਕੌਮ' ਵਿਚਕਾਰ ਕੀ ਰਿਸ਼ਤਾ ਹੈ! ਮਸਲਨ ਸਿੱਖ ਇੱਕ ਧਾਰਮਿਕ ਭਾਈਚਾਰਾ ਹਨ ਜਾਂ ਇਹ ਇੱਕ ਕੌਮ ਹੋਣ ਦੀਆਂ ਬੌਧਿਕ ਸ਼ਰਤਾਂ ਵੀ ਪੂਰੀਆਂ ਕਰਦੇ ਹਨ! ਇਸ ਨੂੰ ਬਿਆਨਣ ਲਈ ਪੱਛਮੀ ਵਿਦਵਾਨਾਂ ਵਿੱਚ ਪ੍ਰਚਲਿਤ ਤਕਰੀਬਨ ਸਾਰੀਆਂ ਧਾਰਾਵਾਂ (ਸਕੂਲਜ਼) ਨੂੰ ਖੰਘਾਲਿਆ ਗਿਆ ਹੈ। ਇਸ ਸੰਬੰਧ ਵਿੱਚ ਲੇਖਕ ਇਹ ਨਤੀਜਾ ਕੱਢਦਾ ਹੈ ਕਿ ਸਿੱਖ ਇੱਕ ਧਰਮ ਹੋਣ ਤੋਂ ਇਲਾਵਾ ਇੱਕ ਸਮਾਜਿਕ-ਸੱਭਿਆਚਾਰਕ ਸੰਗਠਨ ਦੇ ਰੂਪ ਵਿੱਚ 'ਕੌਮ' ਹੋਣ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ। ਸਿੱਖ ਧਾਰਮਿਕ, ਸਮਾਜਿਕ ਜਾਂ ਸਿਆਸੀ ਆਗੂ ਸਿੱਖ 'ਕੌਮ' ਅਤੇ 'ਪੰਥ' ਸ਼ਬਦ ਆਮ ਹੀ ਵਰਤਦੇ ਹਨ। ਲੇਖਕ ਅਨੁਸਾਰ ਸਿੱਖ ਲੋਕ ਮਾਨਸਿਕਤਾ ਲਈ ਇਹ ਦੋਵੇਂ ਸ਼ਬਦ ਸਮਾਨਾਰਥੀ ਹਨ। ਸਿੱਖ ਧਰਮੋ-ਸਮਾਜਿਕ ਅਤੇ ਸੱਭਿਆਚਾਰਕ ਖੇਤਰ ਵਿੱਚ ਇਹ ਵਰਤਾਰਾ ਸਹਿਜ ਰੂਪ ਵਿੱਚ ਵਰਤਦਾ ਰਿਹਾ ਹੈ; ਪਰ ਸਿੱਖ ਵਿਦਵਾਨਾਂ ਵੱਲੋਂ 'ਸਿੱਖ ਕੌਮ' ਦੇ ਸੰਕਲਪ ਦੀ ਬੌਧਿਕ ਬੁਨਿਆਦ ਬੰਨ੍ਹਣ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ।

ਪੰਜਾਬੀ ਬੌਧਿਕ ਹਲਕਿਆਂ ਵਿੱਚ 'ਕੌਮ' ਦੀ ਪਰਿਭਾਸ਼ਾ ਆਮ ਤੌਰ 'ਤੇ ਰੂਸੀ ਕਮਿਊਨਿਸਟ ਆਗੂ ਜੋਸਫ ਸਟਾਲਿਨ ਵਾਲੀ ਵਧੇਰੇ ਪ੍ਰਚਲਤ ਹੈ, ਜਿਸ ਵਿੱਚ ਧਰਮ ਕੌਮੀ ਬਣਤਰ ਲਈ ਕੋਈ ਮਹੱਤਵਪੂਰਨ ਤੱਤ ਨਹੀਂ ਹੈ। ਇਹ ਧਿਰਾਂ ਭਾਸ਼ਾ ਅਤੇ ਸੱਭਿਆਚਾਰ 'ਤੇ ਵਧੇਰੇ ਜ਼ੋਰ ਦਿੰਦੀਆਂ ਹਨ, ਪਰ ਇਹ ਕਿਤਾਬ ਦਰਸਾਉਂਦੀ ਹੈ ਕਿ ਕੌਮੀ ਹੋਂਦ ਦੇ ਪ੍ਰਸੰਗ ਵਿੱਚ ਧਰਮ ਅਤੇ ਰੂਹਾਨੀਅਤ ਦੀ ਭੂਮਿਕਾ ਕੇਂਦਰੀ ਹੁੰਦੀ ਹੈ। ਬਾਕੀ ਤੱਤ ਇਸ ਦੁਆਲੇ ਸਹਾਇਕ ਰੂਪ ਵਿੱਚ ਜੁੜੇ ਹੁੰਦੇ ਹਨ। ਉਂਝ ਇਹ ਸੱਚਾਈ ਅਸੀਂ ਸਮਕਾਲੀ ਦੌਰ ਵਿੱਚ ਇਜ਼ਰਾਇਲ ਅਤੇ ਫਲਿਸਤੀਨ ਵਿਚਕਾਰ ਜੰਗ ਵਿੱਚ ਵਾਪਰਦੇ ਵੇਖ ਰਹੇ ਹਾਂ। ਦੋਵੇਂ ਕੌਮਾਂ ਆਪਣੀ ਅੰਤਿਮ ਪ੍ਰੇਰਣਾ ਧਰਮ ਤੋਂ ਹੀ ਲੈ ਰਹੀਆਂ ਹਨ। ਇਸ ਸੱਚਾਈ ਨੂੰ ਇਸ ਖੇਤਰ ਵਿੱਚ ਮਨੁੱਖੀ ਹੱਕਾਂ ਦੀ ਹੋ ਰਹੀ ਵਿਆਪਕ ਉਲੰਘਣਾ ਤੋਂ ਵੱਖ ਕਰਕੇ ਅਤੇ ਵਿਵੇਕਸ਼ੀਲ ਹੋ ਕੇ ਵੇਖਣ ਦੀ ਲੋੜ ਹੈ। ਇਹ ਕਿਤਾਬ ਸਾਬਤ ਕਰਨ ਦਾ ਯਤਨ ਕਰਦੀ ਹੈ ਕਿ 'ਧਰਮ' ਕੌਮੀ ਹੋਂਦ ਅਤੇ ਇਸ ਦੇ ਚਿਰਸਥਾਈਪਣ (ਸਦੀਵਤਾ) ਵਿੱਚ ਕੇਂਦਰੀ ਹੁੰਦਾ ਹੈ।

**ਸੱਭਿਆਚਾਰਕ ਸਮੂਹਾਂ 'ਚ ਵੱਡੇ ਵਖਰੇਵੇਂ ਹੁੰਦੇ ਹਨ; ਪਰ ਕਿਸੇ ਸਮੂਹ ਦੇ ਰਾਜਸੀ ਨੇਤਾ ਜਿਹੜੇ ਆਪਣੀ ਜ਼ਿੰਦਗੀ ਦੀਆਂ ਰਾਜਨੀਤਿਕ (ਪ੍ਰੋਫੈਸ਼ਨਲ) ਲੋੜਾਂ ਨੂੰ ਅੱਗੇ ਵਧਾਉਣ ਦੀ ਇੱਛਾ ਰੱਖਦੇ ਹਨ, ਉਹ ਵਕਤੀ ਤੌਰ 'ਤੇ ਇਨ੍ਹਾਂ ਵਖਰੇਵਿਆਂ ਨੂੰ ਆਪਣੀਆਂ ਲੋੜਾਂ ਲਈ ਵਰਤਦੇ ਹਨ।**

ਇਸ ਕਿਤਾਬ ਵਿੱਚ ਕੌਮੀ ਸਵਾਲ ਬਾਰੇ ਮਾਰਕਸਵਾਦੀ ਧਾਰਨਾਵਾਂ, ਵਿਚਾਰਾਂ ਅਤੇ ਸੰਕਲਪਾਂ 'ਤੇ ਇੱਕ ਪੂਰਾ ਚੈਪਟਰ ਲਿਖਿਆ ਗਿਆ ਹੈ। ਇਹ ਚੈਪਟਰ ਕੌਮੀ ਹੋਂਦ ਦੇ ਢਾਂਚੇ (ਸਟਰਕਚਰ) ਬਾਰੇ ਗਹਿਰ-ਗੰਭੀਰ ਬਹਿਸ ਦਾ ਆਧਾਰ ਬਣ ਸਕਦਾ ਹੈ। ਇੱਥੋਂ ਤੱਕ ਕਿ ਲੈਨਿਨ ਅਤੇ ਮਾਰਕਸ ਸਮੇਤ ਕਮਿਊਨਿਸਟ ਲਹਿਰ ਦੇ ਬਾਨੀਆਂ ਦੇ ਕੌਮ ਅਤੇ ਕੌਮੀ ਹੋਂਦ ਹਸਤੀ ਸੰਬੰਧੀ ਵਿਚਾਰਾਂ ਨੂੰ ਤੀਬਰ ਆਲੋਚਨਾ ਦੀ ਮਾਰ ਹੇਠ ਲਿਆਂਦਾ ਗਿਆ ਹੈ। ਮੇਰੇ ਹਿਸਾਬ ਨਾਲ ਪੰਜਾਬ ਦੇ ਖੱਬੇ ਪੱਖੀ ਬੁੱਧੀਜੀਵੀਆਂ ਨੂੰ ਵੀ ਅਵਤਾਰ ਸਿੰਘ ਦੀ ਇਹ ਕਿਤਾਬ ਨਿੱਠ ਕੇ ਪੜ੍ਹਨੀ ਚਾਹੀਦੀ ਹੈ। ਖਾਸ ਕਰਕੇ ਉਨ੍ਹਾਂ ਖੱਬੇ ਪੱਖੀ ਧਿਰਾਂ ਨੂੰ, ਜਿਹੜੀਆਂ ਅਜੋਕੇ ਭਾਰਤੀ ਰਾਜ ਨੂੰ ਇੱਕ ਬਹੁਕੌਮੀ ਸੰਘ ਸਮਝਦੀਆਂ ਹਨ। ਖੱਬੇ ਪੱਖੀ ਬੁੱਧੀਜੀਵੀਆਂ ਦਾ ਵੱਡਾ ਹਿੱਸਾ ਧਰਮ ਨੂੰ ਕੌਮ ਦਾ 'ਤੱਤ' ਮੰਨਣ ਲਈ ਤਿਆਰ ਨਹੀਂ ਹੈ; ਪਰ ਅਵਤਾਰ ਸਿੰਘ ਨੇ 'ਕੌਮ' ਦੇ ਸੰਕਲਪ ਬਾਰੇ ਪੱਛਮ ਦੇ ਵੱਡੇ ਵਿਦਵਾਨਾਂ ਹਵਾਲੇ ਨਾਲ ਸਾਬਤ ਕੀਤਾ ਹੈ ਕਿ ਕੌਮੀ ਉਸਾਰੀ ਵਿੱਚ ਧਰਮ ਦੇ ਕੇਂਦਰੀ ਤੱਤ ਤੋਂ ਬਿਨਾ ਕੌਮਾਂ ਦੀ ਚਿਰ ਸਥਾਈ ਹੋਂਦ ਕਾਇਮ ਨਹੀਂ ਰੱਖੀ ਜਾ ਸਕਦੀ। ਲੇਖਕ ਦੀ ਨਜ਼ਰ ਵਿੱਚ ਇਹ ਧਰਮ ਜਾਂ ਧਾਰਮਿਕ ਪਰੰਪਰਾਵਾਂ ਹੀ ਹੁੰਦੀਆਂ ਹਨ, ਜੋ ਕੌਮਾਂ ਨੂੰ ਆਪਣੀ ਹੋਂਦ ਬਚਾਈ ਰੱਖਣ ਲਈ ਧਰਵਾਸ ਅਤੇ ਆਧਾਰ ਮੁਹੱਈਆ ਕਰਦੀਆਂ ਹਨ। ਜਿਸ ਤਰ੍ਹਾਂ ਇੱਕ ਨਿੱਜੀ ਮਨੁੱਖੀ ਹੋਂਦ ਦਾ ਇੱਕ ਅਜਿਹਾ ਤੱਤ ਵੀ ਹੁੰਦਾ ਹੈ, ਜੋ ਸਰੀਰਕ ਨਾਸ਼ਮਾਨਤਾ ਦੇ ਬਾਵਜੂਦ ਸਦੀਵੀ ਹੁੰਦਾ ਹੈ। ਉਹ ਨਿੱਜੀ ਮਨੁੱਖੀ ਮੌਤ ਨਾਲ ਮਰਦਾ ਨਹੀਂ। ਇਸ ਨੂੰ ਤੁਸੀਂ ਰੂਹ ਵੀ ਕਹਿ ਸਕਦੇ ਹੋ, ਜਾਂ ਕੁਝ ਹੋਰ ਵੀ ਨਾਂ ਦੇ ਸਕਦੇ ਹੋ। ਹਰ ਮਨੁੱਖੀ ਹੋਂਦ ਉਹ ਭਾਵੇਂ ਇਸ ਬਾਰੇ ਸੁਚੇਤ ਹੋਵੇ ਜਾਂ ਅਚੇਤ, ਇਸ ਤੱਤ ਨੂੰ ਆਪਣੇ ਅੰਦਰ ਸਮੋਅ ਕੇ ਰੱਖਦੀ ਹੈ। ਇਸੇ ਤਰ੍ਹਾਂ ਕੌਮੀ ਹੋਂਦਾਂ ਦੇ ਅੰਦਰ ਵੀ ਇੱਕ ਸੈਕਰਡ ਸਪੇਸ ਮੌਜੂਦ ਹੁੰਦੀ ਹੈ, ਜਿਸ ਦੀ ਅਣਹੋਂਦ ਵਿੱਚ ਕੋਈ ਵੀ ਕੌਮੀ ਹੋਂਦ ਹਸਤੀ ਸੰਪੂਰਣ ਅਤੇ ਪ੍ਰਮਾਣਿਕ ਨਹੀਂ ਹੋ ਸਕਦੀ। ਇਸ ਨੂੰ ਲੇਖਕ ਆਪਣੀ ਕਿਤਾਬ ਵਿੱਚ ਕੌਮ ਦੇ 'ਰੂਹਾਨੀ ਵਾਤਾਵਰਣ' ਦਾ ਨਾਂ ਦਿੰਦਾ ਹੈ। ਲੇਖਕ ਅਨੁਸਾਰ ਇੱਕੋ ਭਾਸ਼ਾ ਬੋਲਣ ਵਾਲੇ ਲੋਕਾਂ ਦੀਆਂ ਇੱਕ ਜਾਂ ਇੱਕ ਤੋਂ ਵਧੇਰੇ ਕੌਮਾਂ ਵੀ ਹੋ ਸਕਦੀਆਂ ਹਨ। (ਉਂਝ ਇਹ ਧਰਮ ਦੇ ਮਾਮਲੇ ਵਿੱਚ ਵੀ ਸੱਚ ਹੈ) ਮਸਲਨ ਕੌਮਾਂ ਦੀ ਹੋਂਦ ਬਾਰੇ ਇੱਕ ਵਿਦਵਾਨ 'ਬਲੂਮ' ਦੇ ਹਵਾਲੇ ਨਾਲ ਲੇਖਕ ਦੱਸਦਾ ਹੈ ਕਿ ਮਾਰਕਸ ਨੇ ਆਪਣੀ ਇੱਕ ਲਿਖਤ ਵਿੱਚ ਕਿਹਾ ਸੀ ਕਿ 'ਚੈਕ' ਇੱਕ ਮਰ ਰਹੀ ਕੌਮ ਹੈ, ਜਦਕਿ ਚੈਕ ਕੌਮ ਨੇ ਹੁਣ ਆਪਣਾ ਪ੍ਰਭੂਸਤਾ ਪੂਰਨ ਕੌਮੀ ਰਾਜ ਸਥਾਪਤ ਕਰ ਲਿਆ ਹੈ।

ਅਵਤਾਰ ਸਿੰਘ ਦੀ ਧਾਰਨਾ ਹੈ ਕਿ ਕਮਿਊਨਿਸਟਾਂ ਨੇ ਪ੍ਰੋਲੇਤਾਰੀ ਦੀ ਡਿਕਟੇਟਰਸ਼ਿੱਪ ਸਥਾਪਤ ਕਰਨ ਲਈ ਕੌਮੀ ਭਾਵਨਾਵਾਂ ਨੂੰ ਵਰਤਣ ਦਾ ਯਤਨ ਕੀਤਾ ਹੈ। ਲੇਖਕ ਨੇ ਮੁਢਲੇ ਕਮਿਊਨਿਸਟ ਮਹਾਂਰਥੀਆਂ 'ਤੇ ਇਹ ਦੋਸ਼ ਵੀ ਲਾਇਆ ਕਿ ਉਨ੍ਹਾਂ ਨੇ ਵੱਡੀਆਂ ਕੌਮਾਂ ਅਤੇ ਦੇਸ਼ਾਂ ਦਾ ਪੱਖ ਤਾਂ ਪੂਰਿਆ, ਪਰ ਛੋਟੀਆਂ ਕੌਮਾਂ ਦੀ ਆਜ਼ਾਦੀ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਨੂੰ ਵੱਡੇ ਰਾਜਾਂ ਵਿੱਚ ਜ਼ਬਰੀ ਸ਼ਾਮਲ ਕਰਨ ਦਾ ਪੱਖ ਪੂਰਿਆ। ਮਿਸਾਲ ਦੇ ਤੌਰ 'ਤੇ, "ਏਂਗਲਜ਼ ਦੀਆਂ ਲਿਖਤਾਂ ਵਿੱਚ 1948 ਤੋਂ ਬਾਅਦ ਕੌਮੀ ਜਜ਼ਬੇ ਦੇ ਸੰਦਰਭ ਵਿੱਚ ਕੁਝ ਤਬਦੀਲੀਆਂ ਵੇਖਣ ਨੂੰ ਮਿਲੀਆਂ। ਉਸ ਦੇ ਜਿਹੜੇ ਪਰਚੇ 1948 ਤੋਂ ਬਾਅਦ ਛਪੇ, ਉਨ੍ਹਾਂ ਵਿੱਚ ਕੌਮਾਂ ਦੀ ਹੋਂਦ ਨੂੰ ਅਣਮੰਨੇ ਜਿਹੇ ਮਨ ਨਾਲ ਮੰਨਿਆ ਜ਼ਰੂਰ ਗਿਆ ਸੀ। ਇਨ੍ਹਾਂ ਵਿਦਵਾਨਾਂ ਵੱਲੋਂ ਗੈਰ-ਰੂਸੀ ਅਤੇ ਗੈਰ-ਪੋਲਿਸ਼ ਲੋਕਾਂ ਨੂੰ 'ਮੁਕਤੀ ਰਹਿਤ ਕੌਮੀ ਗੰਦਖ਼ਾਨਾ ਅਤੇ ਬਚੀ-ਖੁਚੀ ਜੂਠ ਕਹਿ ਕਿ ਨਕਾਰਿਆ ਜਾਂਦਾ ਸੀ। ਇਨ੍ਹਾਂ ਨੂੰ ਇਨਕਲਾਬੀ ਨਸਲਘਾਤ ਤਹਿਤ ਤਬਾਹ ਕਰ ਦੇਣ ਦੇ ਲਲਕਾਰੇ ਵੀ ਮਾਰੇ ਗਏ।' ਇਸੇ ਤਰ੍ਹਾਂ ਕਿਹਾ ਗਿਆ ਕਿ "ਸਲਾਵਿਕ ਜਾਬਰਾਂ ਅਤੇ ਝੋਟੇ ਦੇ ਸਿਰ ਵਾਲੀਆਂ ਇਨ੍ਹਾਂ ਸਾਰੀਆਂ ਕੌਮਾਂ ਨੂੰ ਇਸ ਤਰ੍ਹਾਂ ਤਬਾਹ ਕੀਤਾ ਜਾਵੇਗਾ ਕਿ ਇਨ੍ਹਾਂ ਦੇ ਨਾਂ ਤੋਂ ਬਿਨਾ ਇਤਿਹਾਸ ਵਿੱਚ ਇਨ੍ਹਾਂ ਦੀ ਕੋਈ ਨਿਸ਼ਾਨੀ ਨਹੀਂ ਬਚੇਗੀ।" ਮੈਕਸੀਕਨਾਂ ਨੂੰ ਏਂਗਲਜ਼ ਬਹੁਤ ਹੀ ਭੱਦੇ ਸ਼ਬਦਾਂ ਨਾਲ ਸੰਬੋਧਨ ਹੁੰਦਾ ਹੈ। ਆਇਰਸ਼ ਲੋਕਾਂ ਦੇ ਕੌਮੀ ਜਜ਼ਬੇ ਤੋਂ ਖਫਾ ਹੋ ਕੇ ਏਂਗਲਜ਼ ਉਨ੍ਹਾਂ ਨੂੰ ਜੰਗਲੀ, ਹਠਧਰਮੀ, ਘਟੀਆ ਦਿਲ ਵਾਲੇ, ਭ੍ਰਿਸ਼ਟ, ਕੁਦਰਤ ਦੇ ਆਲੂ ਖਾਣ ਵਾਲੇ ਜੀਵ ਆਦਿ ਆਖ ਕੇ ਨਕਾਰਦਾ ਹੈ।

ਲੇਖਕ ਉਂਝ ਆਪਣੀ ਕਿਤਾਬ ਦੇ ਪਹਿਲੇ ਪਹਿਰੇ ਵਿੱਚ ਹੀ ਸਪਸ਼ਟ ਕਰ ਦਿੰਦਾ ਹੈ ਕਿ ਮਾਰਕਸਵਾਦ ਅਤੇ ਕੌਮਵਾਦ ਸਿਧਾਂਤਕ ਤੌਰ 'ਤੇ ਬੇਮੇਲ ਹਨ। ਕੌਮਵਾਦ ਅਨੁਸਾਰ ਮਨੁੱਖਤਾ ਦੀਆਂ ਵੰਡੀਆਂ ਖੜ੍ਹੇ ਦਾਅ (ਵਰਟੀਕਲ) ਵਾਲੀਆਂ ਹਨ, ਜਦਕਿ ਮਾਰਕਸਵਾਦੀਆਂ ਅਨੁਸਾਰ ਇਹ ਵੰਡਾਂ ਲੰਬੇ (ਵਿਛਵੇਂ ਜਾਂ ਹੌਰੀਜੈਂਟਲ) ਦਾਅ ਵਾਲੀਆਂ ਹਨ। ਕੌਮਵਾਦੀਆਂ ਦਾ ਵਿਚਾਰ ਹੈ ਕਿ ਜਦੋਂ ਵਫਾਦਾਰੀਆਂ ਨਿਭਾਉਣ ਦਾ ਵਕਤ ਆਉਂਦਾ ਹੈ ਤਾਂ ਜਮਾਤੀ ਚੇਤਨਾ ਦੇ ਮੁਕਾਬਲੇ ਕੌਮੀ ਚੇਤਨਾ ਵੱਧ ਅਪੀਲ ਕਰਦੀ ਹੈ। ਅਵਤਾਰ ਸਿੰਘ ਵੱਲੋਂ ਲਿਖੀ ਗਈ 414 ਪੰਨਿਆਂ ਦੀ ਇਸ ਕਿਤਾਬ ਦੇ ਕੁੱਲ 17 ਚੈਪਟਰ ਹਨ। ਚੈਪਟਰਾਂ ਦੀ ਵੰਡ ਇੱਕ ਟੈਕਸਟ ਬੁੱਕ ਵਾਂਗ ਬੇਹੱਦ ਤਰਤੀਬ ਨਾਲ ਕੀਤੀ ਗਈ ਹੈ।

ਪਹਿਲੇ ਚੈਪਟਰ ਵਿੱਚ ਕੌਮ ਅਤੇ ਕੌਮਵਾਦ ਦੇ ਸੰਸਾਰ ਪ੍ਰਸਿਧ ਵਿਦਵਾਨਾਂ ਐਡਰੀਨ ਹੇਸਟਿੰਗਜ਼, ਫਰੈਡਰਿਕ ਹਰਟਜ਼, ਅਜ਼ਰਗੈਟ, ਹਾਂਸ ਕੋਹਨ, ਲੂਈਸ ਐਲ ਸਿੰਡਰ, ਮੈਕਸ ਵੈਬਰ, ਵਾਕਰ ਕੋਨਰ, ਰੂਪਰਟ ਐਮਰਸਨ, ਹੈਰੋਲਡ ਆਰ ਇਸਕਾਜ਼, ਡੋਨਾਲਡ ਐਲ ਹੌਰੋਵਿਟਜ਼, ਬੈਂਜਾਮਿਨ ਐਕਜ਼ਿਨ, ਅਰਨੈਸਟ ਗੈਲਨਰ ਆਦਿ ਦੇ ਵਿਚਾਰਾਂ ਦੇ ਸੰਦਰਭ ਵਿੱਚ ਕੌਮੀ ਢਾਂਚੇ ਦੇ ਮੁੱਖ ਤੱਤਾਂ ਦੀ ਚਰਚਾ ਕੀਤੀ ਗਈ ਹੈ। ਇਹ ਕਿਤਾਬ ਅਸਲ ਵਿੱਚ ਧਰਮ ਦੇ ਨਾਲ ਨਾਲ ਭਾਸ਼ਾ ਅਤੇ ਲਿਪੀ ਨੂੰ ਵੀ ਕੌਮੀ ਢਾਂਚੇ ਦੇ ਮੁੱਖ ਤੱਤ ਵਜੋਂ ਪਰਿਭਾਸ਼ਤ ਕੀਤਾ ਗਿਆ ਹੈ; ਪਰ ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਇੱਕ ਭਾਸ਼ਾ ਬੋਲਣ ਵਾਲੀਆਂ ਇੱਕ ਜਾਂ ਇੱਕ ਤੋਂ ਵੱਧ ਕੌਮਾਂ ਵੀ ਹੋ ਸਕਦੀਆਂ ਹਨ। ਇੰਜ ਇਸ ਕਿਤਾਬ ਨੇ ਪੰਜਾਬੀ ਬੌਧਿਕ ਖੇਤਰ ਵਿੱਚ ਮੰਨੀ ਜਾਂਦੀ ਸਟਾਲਿਨ ਦੀ ਕੌਮੀ ਹਸਤੀ ਬਾਰੇ ਪਰਿਭਾਸ਼ਾ ਤੋੜਨ ਦਾ ਯਤਨ ਕੀਤਾ ਹੈ। ਲੇਖਕ ਨੇ ਕੌਮ ਅਤੇ ਕੌਮੀ ਹਸਤੀ ਦੇ ਮਾਮਲੇ ਵਿੱਚ ਬਹੁਤ ਸਾਰੇ ਵਿਦਵਾਨਾਂ ਨੂੰ ਸਮਾਨੰਤਰ ਰੂਪ ਵਿੱਚ ਰੱਖ ਦਿੱਤਾ ਹੈ। ਇਹ ਕਿਤਾਬ ਨੋਟ ਕਰਦੀ ਹੈ ਕਿ ਕੌਮਵਾਦ ਦੇ ਬਹੁਤੇ ਵਿਦਵਾਨ ਕੌਮਾਂ ਦੀ ਮੁਢਲੀ ਸੰਸਥਾ 'ਪੂਰਬ ਆਧੁਨਿਕ ਐਥਨਿਕ ਸਮੂਹ' ਨੂੰ ਹੀ ਮੰਨਦੇ ਹਨ। ਪੂਰਬ ਆਧੁਨਿਕ ਐਥਨਿਕ ਸਮੂਹ ਵਿੱਚ ਭਾਵੇਂ ਕੌਮ ਵਾਲੀਆਂ ਸਾਰੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਪਰ ਇਹ ਸਮੂਹ ਰਾਜਨੀਤਿਕ ਰੂਪ ਵਿੱਚ ਚੇਤਨ ਨਹੀਂ ਹੁੰਦੇ। ਰਾਜਸੀ ਤੌਰ 'ਤੇ ਚੇਤਨ ਕੌਮਾਂ ਕੋਲ ਜਾਂ ਤਾਂ ਆਪਣਾ ਰਾਜਭਾਗ ਹੁੰਦਾ ਹੈ ਜਾਂ ਉਹ ਆਪਣੀ ਆਜ਼ਾਦੀ ਲਈ ਜੰਗ ਦੇ ਮੈਦਾਨ ਵਿੱਚ ਹੁੰਦੀਆਂ ਹਨ।

ਕੌਮਾਂ ਅੰਦਰ ਸੱਭਿਆਚਾਰਕ ਵਖਰੇਵਿਆਂ ਦਾ ਡੂੰਘਾ ਅਤੇ ਵਿਆਪਕ ਅਧਿਅਨ ਕਰਨ ਵਾਲੇ ਵਿਦਵਾਨ ਪਾਲ ਬਰਾਸ ਦਾ ਹਵਾਲਾ ਦਿੰਦਿਆਂ ਲੇਖਕ ਕਹਿੰਦਾ ਹੈ ਕਿ ਸੱਭਿਆਚਾਰਕ ਸਮੂਹਾਂ ਵਿੱਚ ਵੱਡੇ ਵਖਰੇਵੇਂ ਹੁੰਦੇ ਹਨ; ਪਰ ਕਿਸੇ ਸਮੂਹ ਦੇ ਰਾਜਸੀ ਨੇਤਾ ਜਿਹੜੇ ਆਪਣੀ ਜ਼ਿੰਦਗੀ ਦੀਆਂ ਰਾਜਨੀਤਿਕ (ਪ੍ਰੋਫੈਸ਼ਨਲ) ਲੋੜਾਂ ਨੂੰ ਅੱਗੇ ਵਧਾਉਣ ਦੀ ਇੱਛਾ ਰੱਖਦੇ ਹਨ, ਉਹ ਵਕਤੀ ਤੌਰ 'ਤੇ ਇਨ੍ਹਾਂ ਵਖਰੇਵਿਆਂ ਨੂੰ ਆਪਣੀਆਂ ਲੋੜਾਂ ਲਈ ਵਰਤਦੇ ਹਨ। (ਪੰਜਾਬ ਦੇ ਸਿਆਸਤਦਾਨ, ਖਾਸ ਕਰਕੇ ਅਕਾਲੀਆਂ ਨੂੰ ਇਸੇ ਕੋਟੀ ਵਿੱਚ ਰੱਖਿਆ ਜਾ ਸਕਦਾ ਹੈ।) ਲੇਖਕ ਅਜੋਕੇ ਦੌਰ ਦੇ ਪ੍ਰਭੂਸੱਤਾ ਸੰਪਨ ਰਾਜਾਂ ਨੂੰ ਦੋ ਵਰਗਾਂ ਵਿੱਚ ਵੰਡ ਕੇ ਕਲਾਸੀਫਾਈ ਕਰਦਾ ਹੈ। ਇਹ ਹਨ- ਨੇਸ਼ਨ ਸਟੇਟ ਅਤੇ ਸਟੇਟ ਨੇਸ਼ਨ। ਇਸ ਵਿਆਖਿਆ ਅਨੁਸਾਰ ਸਟੇਟ ਨੇਸ਼ਨਜ਼ ਉਹ ਹਨ, ਜਿਨ੍ਹਾਂ ਵਿੱਚ ਬਹੁਤ ਸਾਰੀਆਂ ਕੌਮਾਂ ਵੱਸਦੀਆਂ ਹਨ ਅਤੇ ਰਾਜ ਸ਼ਕਤੀ ਇਨ੍ਹਾਂ ਕੌਮਾਂ ਨੂੰ ਇੱਕ ਵੱਡੀ ਕੌਮ ਵਿੱਚ ਇਕਮਿੱਕ ਕਰਕੇ ਇੱਕ ਮਿਲੀ-ਜੁਲੀ (ਖਿਚੜੀ) 'ਕੌਮ' ਬਣਾਉਣ ਦਾ ਮਸਨੂਈ ਪ੍ਰੋਜੈਕਟ ਅੱਗੇ ਤੋਰਦੀ ਹੈ। ਇਸ ਮਾਮਲੇ ਵਿੱਚ ਅਸੀਂ ਮੌਜੂਦਾ ਹਿੰਦੁਸਤਾਨੀ ਸਟੇਟ ਨੂੰ ਵੇਖ ਸਕਦੇ ਹਾਂ। ਨੇਸ਼ਨ ਸਟੇਟਸ ਉਹ ਹਨ, ਜਿਨ੍ਹਾਂ ਵਿੱਚ ਇੱਕੋ ਕੌਮ ਵੱਸਦੀ ਹੈ ਅਤੇ ਨੇਸ਼ਨ ਸਟੇਟ ਇਸ ਕੌਮ ਦੀ ਸੱਚੀ ਪ੍ਰਤੀਨਿਧਤਾ ਕਰਦੀ ਹੈ। ਇਜ਼ਰਾਇਲ ਅਤੇ ਨੀਦਰਲੈਂਡ ਵਗੈਰਾ ਨੂੰ ਇਸ ਕਿਸਮ ਦੀਆਂ ਨੇਸ਼ਨ ਸਟੇਟਸ ਕਿਹਾ ਜਾ ਸਕਦਾ ਹੈ। ਇਸ ਕਿਤਾਬ ਵਿੱਚ ਪੇਸ਼ ਹੋਏ ਸਿਧਾਂਤ ਮੁਤਾਬਕ ਕੌਮਾਂ ਦੀ ਹੋਂਦ ਸਿਰਫ ਆਧੁਨਿਕ ਸਨਅਤੀਕਰਣ ਦੇ ਦੌਰ ਦਾ ਵਰਤਾਰਾ ਨਹੀਂ ਹੈ, ਜਿਵੇਂ ਕਿ ਆਮ ਤੌਰ 'ਤੇ ਇਸ ਨੂੰ ਸਮਝਿਆ ਜਾਂਦਾ ਹੈ। ਸਗੋਂ ਇਨ੍ਹਾਂ ਦੇ ਬੀਜ ਰੂਪ ਪੂਰਬ ਆਧੁਨਿਕ ਐਥਨਿਕ ਸਮੂਹਾਂ ਵਿੱਚ ਪਏ ਹਨ। ਪੂਰਬ ਆਧੁਨਿਕ ਐਥਨਿਕ ਸਮੂਹਾਂ ਦੀ ਹੋਂਦ ਹਜ਼ਾਰਾਂ ਸਾਲਾਂ ਤੋਂ ਕਾਇਮ ਰਹੀ ਹੈ।

ਯਾਦ ਰਹੇ, ਕਮਿਊਨਿਸਟ ਵਿਦਵਾਨ 'ਆਦਿ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਮੁੱਦੇ

# ਵਕਫ਼ ਸੋਧ ਐਕਟ ਬਨਾਮ ਧਾਰਮਿਕ ਸੰਸਥਾਵਾਂ ਦੀਆਂ ਜਾਇਦਾਦਾਂ

ਤਰਲੋਚਨ ਸਿੰਘ ਭੱਟੀ
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607



*ਭਾਰਤ ਵਿੱਚ ਕੈਥੋਲਿਕ ਚਰਚ ਦੀਆਂ ਜ਼ਮੀਨਾਂ ਦਾ ਮਾਮਲਾ ਵੀ ਭਖਣ ਲੱਗਾ
*ਹਿੰਦੂ ਮੰਦਰਾਂ/ਟਰੱਸਟਾਂ ਕੋਲ ਕਰੀਬ 20 ਲੱਖ ਏਕੜ ਜ਼ਮੀਨ ਹੋਣ ਦਾ ਅਨੁਮਾਨ

ਭਾਰਤ ਦੀ ਸੰਸਦ ਵੱਲੋਂ ਹੁਣੇ ਜਿਹੇ ਵਕਫ਼ ਸੋਧ ਬਿੱਲ 2025- ਯੂਨੀਫਾਈਡ ਮੈਨਜਮੈਂਟ ਇੰਪਾਵਰਮੈਂਟ ਐਫਸੀਏਂਸੀ ਐਂਡ ਡਿਵੈਲਪਮੈਂਟ (UMEED) ਯਾਨੀ (United Management, Empowerment, Efficiency and Development) ਪਾਸ ਹੋਣ ਮਗਰੋਂ ਸਮੁੱਚੇ ਭਾਰਤ ਵਿੱਚ ਲਾਗੂ ਹੋਇਆ ਹੈ। ਇਸ ਰਾਹੀਂ ਭਾਰਤ ਵਿੱਚ ਵਕਫ਼ ਜਾਇਦਾਦਾਂ ਦੇ ਸ਼ਾਸਨ ਅਤੇ ਪ੍ਰਬੰਧਨ ਵਿੱਚ ਅਹਿਮ ਤਬਦੀਲੀਆਂ ਆਉਣਗੀਆਂ। ਇਸ ਕਾਨੂੰਨ ਰਾਹੀਂ ਵਕਫ਼ ਐਕਟ 1995 ਨੂੰ ਸੋਧਿਆ ਗਿਆ ਹੈ। ਵਕਫ਼ ਐਕਟ 2025 ਦਾ ਮੁੱਖ ਉਦੇਸ਼ ਵਕਫ਼ ਜਾਇਦਾਦਾਂ ਦੇ ਪ੍ਰਸ਼ਾਸਨ ਵਿੱਚ ਪਾਰਦਰਸ਼ਤਾਂ, ਜਵਾਬਦੇਹੀ ਅਤੇ ਕੁਸ਼ਲਤਾ ਨੂੰ ਵਧਾਉਂਣਾ ਹੈ ਅਤੇ ਨਾਲ ਹੀ ਸਿਸਟਮ ਦੇ ਅੰਦਰ ਲੰਮੇ ਸਮੇਂ ਤੋਂ ਚੱਲ ਰਹੇ ਮੁੱਦਿਆਂ ਨੂੰ ਹੱਲ ਕਰਨਾ ਹੈ। 'ਵਕਫ਼' ਸ਼ਬਦ ਤੋਂ ਭਾਵ ਹੈ- ਉਹ ਜਾਇਦਾਦ ਜੋ ਮੁਸਲਮਾਨਾਂ ਦੁਆਰਾ ਕਿਸੇ ਖਾਸ ਧਾਰਮਿਕ ਚੈਰੀਟੇਬਲ ਜਾਂ ਨਿਜੀ ਉਦੇਸ਼ ਲਈ ਦਾਨ ਕੀਤੀ ਜਾਂਦੀ ਹੈ। ਜਾਇਦਾਦ ਦੀ ਮਾਲਕੀ ਨੂੰ ਪਰਮਾਤਮਾ ਦੀ ਮਲਕੀਅਤ ਮੰਨਿਆ ਜਾਂਦਾ ਹੈ, ਜਦੋਂਕਿ ਇਸਦੇ ਲਾਭ ਨਿਰਧਾਰਤ ਉਦੇਸ਼ਾਂ ਦੀ ਪੂਰਤੀ ਲਈ ਹੁੰਦੇ ਹਨ। ਵਕਫ਼ ਲਿਖਤੀ ਦਸਤਾਵੇਜ਼, ਕਾਨੂੰਨੀ ਦਸਤਾਵੇਜਾਂ ਜਾਂ ਜ਼ੁਬਾਨੀ ਤੌਰ 'ਤੇ ਸਥਾਪਿਤ ਕੀਤਾ ਜਾ ਸਕਦਾ ਹੈ। ਕਿਸੇ ਜਾਇਦਾਦ ਨੂੰ ਵਕਫ਼ ਵਜੋਂ ਮਾਨਤਾ ਦਿੱਤੀ ਜਾ ਸਕਦੀ ਹੈ, ਜੇਕਰ ਇਸਦੀ ਵਰਤੋਂ ਲੰਮੇ ਸਮੇਂ ਤੋਂ ਧਾਰਮਿਕ ਜਾਂ ਚੈਰੀਟੇਬਲ ਉਦੇਸ਼ਾਂ ਲਈ ਕੀਤੀ ਗਈ ਹੈ। ਇੱਕ ਵਾਰ ਜਦੋਂ ਕਿਸੇ ਜਾਇਦਾਦ ਨੂੰ ਵਕਫ਼ ਮਨੋਨੀਤ ਕੀਤਾ ਜਾਂਦਾ ਹੈ ਤਾਂ ਇਸਨੂੰ ਦਾਨੀ ਦੁਆਰਾ ਮੁੜ ਪ੍ਰਾਪਤ ਜਾਂ ਬਦਲਿਆ ਨਹੀਂ ਜਾ ਸਕਦਾ।

ਬਹੁਤ ਸਾਰੇ ਇਸਲਾਮੀ ਦੇਸਾਂ- ਤੁਰਕੀ, ਲੀਬੀਆ, ਮਿਸਰ, ਸੁਡਾਨ, ਲੇਬਨਾਨ, ਸੀਰੀਆ, ਜਾਰਡਨ, ਟਿਊਨੀਸ਼ੀਆ ਅਤੇ ਇਰਾਕ ਆਦਿ ਵਿੱਚ ਵਕਫ਼ ਦੀ ਵਿਵਸਥਾ ਨਹੀਂ ਹੈ। ਇਸਦੇ ਉਲਟ ਭਾਰਤ ਵਿੱਚ ਵਕਫ਼ ਬੋਰਡ ਸਭ ਤੋਂ ਵੱਡੇ ਸ਼ਹਿਰੀ ਜ਼ਮੀਨ ਮਾਲਕ ਹਨ, ਜਿਨ੍ਹਾਂ ਨੂੰ ਇੱਕ ਐਕਟ ਅਧੀਨ ਕਾਨੂੰਨੀ ਸੁਰੱਖਿਆ ਪ੍ਰਾਪਤ ਹੈ। ਭਾਰਤ ਵਿੱਚ ਵਕਫ਼ ਬੋਰਡ ਲਗਭਗ 8.7 ਲੱਖ ਜਾਇਦਾਦਾਂ ਦੀ ਨਿਗਰਾਨੀ ਕਰਦੇ ਹਨ, ਪਬਲਿਕ ਡੋਮੇਨ ਵਿੱਚ ਉਪਲੰਬਧ ਅੰਕੜਿਆਂ ਅਨੁਸਾਰ ਭਾਰਤ ਵਿੱਚ ਲਗਭਗ 9.4 ਲੱਖ ਏਕੜ ਜ਼ਮੀਨ ਵਕਫ਼ ਦੀ ਅਚੱਲ ਮਾਲਕੀ ਹੈ, ਜਿਸਦੀ ਕੀਮਤ 1.2 ਲੱਖ ਕਰੋੜ ਦੇ ਲਗਭਗ ਹੈ। ਇੱਕ ਅੰਦਾਜ਼ੇ ਮੁਤਾਬਕ ਭਾਰਤ ਦੀਆਂ ਹਥਿਆਰਬੰਦ ਸੈਨਾਵਾਂ ਅਤੇ ਭਾਰਤ ਰੇਲਵੇ ਤੋਂ ਬਾਅਦ ਸਭ ਤੋਂ ਵੱਡਾ ਜ਼ਮੀਨੀ ਮਾਲਕ ਵਕਫ਼ ਬੋਰਡ ਹੈ। ਵਕਫ਼ ਸੋਧ ਐਕਟ 2025 ਰਾਹੀਂ ਭਾਰਤ ਵਿੱਚ ਵਕਫ਼ ਜਾਇਦਾਦਾਂ ਦੇ ਪ੍ਰਬੰਧਨ ਨੂੰ ਆਧੁਨਿਕ ਅਤੇ ਬਿਹਤਰ ਬਣਾਉਣਾ ਹੈ, ਵਕਫ਼ ਦੀਆਂ ਜਾਇਦਾਦਾਂ ਦੀ ਦੁਰ ਵਰਤੋਂ ਤੇ ਕੁਸ਼ਾਸਨ ਨੂੰ ਰੋਕਣਾ ਅਤੇ ਵਕਫ਼ ਬੋਰਡ ਦੇ ਪ੍ਰਬੰਧਨ ਵਿੱਚ ਭ੍ਰਿਸ਼ਟਾਚਾਰ ਨੂੰ ਸਮਾਪਤ ਕਰਨਾ ਹੈ।

ਵਕਫ਼ ਸੋਧ ਐਕਟ 2025 ਪਾਸ ਹੁੰਦੇ ਹੀ ਭਾਰਤੀ ਦੀ ਸੰਸਦ ਦੇ ਅੰਦਰ ਅਤੇ ਬਾਹਰ ਵਿਵਾਦ ਅਤੇ ਆਲੋਚਨਾ ਦਾ ਵਿਸ਼ਾ ਬਣ ਗਿਆ ਹੈ, ਬਹੁਤ ਸਾਰੇ ਲੋਕ ਇਸਨੂੰ ਮੁਸਲਿਮ ਭਾਈਚਾਰੇ ਦੀ ਧਾਰਮਿਕ ਮਾਮਲਿਆਂ ਪ੍ਰਤੀ ਖੁਦਮੁਖਤਿਆਰੀ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਵਜੋਂ ਵੇਖਦੇ ਹਨ। ਆਲੋਚਕਾਂ ਦਾ ਤਰਕ ਹੈ ਕਿ ਵਕਫ਼ ਸੋਧ ਐਕਟ 2025 ਘੱਟ ਗਿਣਤੀਆਂ ਦੇ ਸੰਵਿਧਾਨਕ ਅਧਿਕਾਰ ਖਾਸ ਤੌਰ 'ਤੇ ਆਰਟੀਕਲ 14, 25, 26 ਤੇ 29 ਤਹਿਤ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਰਦਾ ਹੈ ਅਤੇ ਮੁਸਲਿਮ ਭਾਈਚਾਰੇ ਦੀਆਂ ਵਕਫ਼ ਜਾਇਦਾਦਾਂ ਦੇ ਪ੍ਰਬੰਧਨ ਵਿੱਚ ਸਰਕਾਰੀ ਤੰਤਰ ਦੀ ਬੇਲੋੜੀ ਦਖਲਅੰਦਾਜ਼ੀ ਹੈ। ਵਕਫ਼ ਸੋਧ ਕਾਨੂੰਨ 2025 ਵਿਰੁੱਧ ਮੁਸਲਿਮ ਭਾਈਚਾਰੇ ਵੱਲੋਂ ਭਾਰਤ ਦੀ ਸੁਪਰੀਮ ਕੋਰਟ ਵਿੱਚ ਪਟੀਸ਼ਨਾਂ ਫਾਈਲ ਕੀਤੀਆਂ ਗਈਆਂ ਹਨ। ਸੁਪਰੀਮ ਕੋਰਟ ਵਿੱਚ ਪਟੀਸ਼ਨਾਂ ਮੁੱਖ ਤੌਰ 'ਤੇ ਇਹ ਦਲੀਲਾਂ ਦਿੰਦੀਆਂ ਹਨ ਕਿ ਨਵਾਂ ਕਾਨੂੰਨ ਵਕਫ਼ (ਸੋਧ) ਐਕਟ 2025 ਅਹਿਮ ਭਾਈਚਾਰੇ ਨੂੰ ਵਕਫ਼ ਜ਼ਮੀਨਾਂ ਦੇ ਪੁਰਾਣੇ ਰਿਵਾਜਾਂ ਤੋਂ ਵਾਂਝਾ ਕਰਨ ਅਤੇ ਉਨ੍ਹਾਂ ਨੂੰ ਨਿਜੀ ਜਾਂ ਸਰਕਾਰੀ ਜਾਇਦਾਦ ਵਿੱਚ ਬਦਲਣ ਦੀ ਸਹੂਲਤ ਦੇਣ ਲਈ ਅਦਾਲਤ ਦੇ ਆਪਣੇ ਫੈਸਲੇ 'ਇੱਕ ਵਾਰ ਵਕਫ਼, ਹਮੇਸ਼ਾ ਵਕਫ਼' ਦੀ ਉਲੰਘਣਾ ਕਰਦਾ ਹੈ। ਵਕਫ਼ ਜਾਇਦਾਦਾਂ ਸਦੀਆਂ ਤੋਂ ਘੱਟ ਗਿਣਤੀ ਭਾਈਚਾਰੇ (ਮੁਸਲਿਮ) ਨਾਲ ਸਬੰਧਤ ਹਨ। ਸੁਪਰੀਮ ਕੋਰਟ ਨੇ 'ਰੱਤੀ ਲਾਲ ਗਾਂਧੀ ਬਨਾਮ ਬੇਬੇ ਸਟੇਟ 1954 ਕੇਸ' ਵਿੱਚ ਫ਼ੈਸਲਾ ਦਿੱਤਾ ਸੀ ਕਿ "ਧਾਰਮਿਕ ਜਾਇਦਾਦ ਦਾ ਕੰਟਰੋਲ ਧਰਮ-ਨਿਰਪੱਖ ਅਧਿਕਾਰੀਆਂ ਨੂੰ ਤਬਦੀਲ ਕਰਨਾ ਧਾਰਮਿਕ ਅਤੇ ਜਾਇਦਾਦ ਦੇ ਅਧਿਕਾਰਾਂ ਦੀ ਉਲੰਘਣਾ ਹੈ।"






1998 ਵਿੱਚ 'ਸਯੱਦ ਅਲੀ ਬਨਾਮ ਆਂਧਰਾ ਪ੍ਰਦੇਸ਼ ਵਕਫ਼ ਬੋਰਡ ਹੈਦਰਾਬਾਦ' ਦੇ ਮਾਮਲੇ ਵਿੱਚ ਸੁਪਰੀਮ ਕੋਰਟ ਨੇ 'ਵਕਫ਼' ਨੂੰ ਇਸਲਾਮ ਅਧੀਨ ਦਾਨ ਦਾ ਇੱਕ ਰੂਪ ਘੋਸ਼ਿਤ ਕੀਤਾ ਸੀ, ਜਿਸ ਦੀਆਂ ਜੜ੍ਹਾਂ ਕੁਰਾਨ ਵਿੱਚ ਹਨ। "ਇੱਕ ਵਕਫ਼ ਅੱਲ੍ਹਾ ਨੂੰ ਤਬਦੀਲ ਕੀਤੀ ਗਈ ਜਾਇਦਾਦ ਹੈ।" ਮੁਸਲਿਮ ਕਾਨੂੰਨ ਦੁਆਰਾ ਧਾਰਮਿਕ, ਧਾਰਮਿਕਦਾਨੀ ਵਜੋਂ ਮਾਨਤਾ ਪ੍ਰਾਪਤ ਉਦੇਸ਼ ਲਈ ਚੱਲ ਜਾਂ ਅੱਚਲ ਜਾਇਦਾਦ ਯਾਨੀ 'ਵਕਫ਼' ਦੇ ਸਮਰਪਣ ਦੀ ਪ੍ਰਕਿਰਤੀ 'ਸਥਾਈ' ਹੈ। ਇੱਕ ਵਾਰ ਵਕਫ਼ ਹਮੇਸ਼ਾ ਵਕਫ਼ ਹੁੰਦਾ ਹੈ। ਨਵੇਂ ਕਾਨੂੰਨ ਦੁਆਰਾ ਪੇਸ਼ ਕੀਤੀਆਂ ਗਈਆਂ ਲਗਭਗ 35 ਸੋਧਾਂ 1995 ਦੇ ਮੂਲ ਵਕਫ਼ ਐਕਟ ਦੇ ਉਦੇਸ਼ ਨੂੰ ਪਲਟਾਉਣ ਦੀ ਕੋਸ਼ਿਸ਼ ਹੈ। ਲਿਹਾਜ਼ਾ ਨਵੇਂ ਕਾਨੂੰਨ ਦੀਆਂ ਸੋਧਾਂ ਗੈਰ-ਸੰਵਿਧਾਨਕ ਹਨ। ਮੁਸਲਿਮ ਨਿਆਂ ਸ਼ਾਸਤਰ ਅਨੁਸਾਰ ਵਕਫ਼ ਜਾਂ ਤਾਂ ਜ਼ੁਬਾਨੀ ਜਾਂ ਕਿਸੇ ਡੀਡ ਤਹਿਤ ਜਾਂ ਲੰਬੇ ਸਮੇਂ ਤੱਕ ਵਰਤੋਂ ਦੁਆਰਾ ਬਣਾਇਆ ਜਾ ਸਕਦਾ ਹੈ। ਜਦੋਂ ਕਿਸੇ ਜ਼ਮੀਨ ਜਾਂ ਜਾਇਦਾਦ ਨੂੰ ਮੁਸਲਿਮ ਭਾਈਚਾਰੇ ਦੇ ਲੋਕਾਂ ਲਈ ਲੰਬੇ ਸਮੇਂ ਤੋਂ ਜਨਤਕ ਧਾਰਮਿਕ ਉਦੇਸ਼ਾਂ ਲਈ ਵਰਤਿਆ ਜਾਂਦਾ ਹੈ ਤਾਂ ਉਹ ਜ਼ਮੀਨ ਉਪਭੋਗਤਾਂ ਦੁਆਰਾ ਵਕਫ਼ ਬਣ ਜਾਂਦੀ ਹੈ।

ਸਾਲ 2019 ਦੇ 'ਰਾਮ ਜਨਮ ਭੂਮੀ ਕੇਸ' ਦੇ ਫੈਸਲੇ ਵਿੱਚ ਸੁਪਰੀਮ ਕੋਟ ਦੇ ਸੰਵਿਧਾਨਕ ਬੈਂਚ ਨੇ ਉਪਯੋਗਤਾ ਦੁਆਰਾ ਵਕਫ਼ ਨੂੰ ਮਾਨਤਾ ਦਿੱਤੀ ਸੀ। ਭਾਰਤ ਵਿੱਚ ਮੌਜੂਦਾ ਵਕਫ਼ਾਂ ਦੇ ਇੱਕ ਵੱਡੇ ਪ੍ਰਤੀਸ਼ਤ ਕੋਲ ਵਕਫ਼ ਡੀਡ ਨਹੀਂ ਹੈ। ਇੱਕ ਵਕਫ਼ ਸਦੀਆਂ ਪਹਿਲਾਂ ਹੋਂਦ ਵਿੱਚ ਆਏ ਸਨ। ਵਕਫ਼ ਸੋਧ ਐਕਟ 2025, ਕੇਂਦਰ ਸਰਕਾਰ ਨੂੰ ਵਕਫ਼ ਬੋਰਡਾਂ ਦੀ ਰਜਿਸਟਰੇਸ਼ਨ, ਖਾਤਿਆਂ ਦੇ ਪ੍ਰਕਾਸ਼ਨ ਅਤੇ ਕਾਰਵਾਈਆਂ ਦੇ ਪ੍ਰਕਾਸ਼ਨ ਸਬੰਧੀ ਨਿਯਮ ਬਣਾਉਣ ਦਾ ਅਧਿਕਾਰ ਦਿੰਦਾ ਹੈ। ਨਵੇਂ ਐਕਟ ਤਹਿਤ ਰਾਜ ਸਰਕਾਰਾਂ ਕਿਸੇ ਵੀ ਸਮੇਂ ਵਕਫ਼ਾਂ ਦੇ ਖਾਤਿਆਂ ਦਾ ਆਡਿਟ ਕਰਵਾ ਸਕਦੀਆਂ ਹਨ। ਕੇਂਦਰ ਸਰਕਾਰ ਕੈਗ ਜਾਂ ਕਿਸੇ ਮਨੋਨੀਤ ਅਧਿਕਾਰੀ ਰਾਹੀਂ ਵਕਫ਼ ਦੇ ਖਾਤਿਆਂ ਦਾ ਆਡਿਟ ਕਰਵਾ ਸਕਦੀ ਹੈ। ਵਕਫ਼ ਸੋਧ ਕਾਨੂੰਨ 2025 ਦਾ ਉਦੇਸ਼ ਵਕਫ਼ ਜਾਇਦਾਦਾਂ ਦੇ ਪ੍ਰਬੰਧਨ ਵਿੱਚ ਪਾਰਦਰਸ਼ਤਾ, ਜਵਾਬਦੇਹੀ ਤੇ ਸੁਧਾਰ ਲਿਆਉਣਾ; ਵਕਫ਼ ਦਸਤਾਵੇਜ਼ਾਂ ਦੀ ਡਿਜ਼ੀਟਾਈਜੇਸ਼ਨ, ਵਕਫ਼ ਬੋਰਡਾਂ ਵਿੱਚ ਵਿਭਿੰਨ ਪ੍ਰਤੀ ਨਿਯਮਾਂ ਅਤੇ ਜਾਇਦਾਦਾਂ ਉਤੇ ਨਜ਼ਰ ਰੱਖਣ ਲਈ ਸਖਤ ਨਿਯਮ ਸ਼ਾਮਲ ਹਨ।

**ਭਾਰਤ ਵਿੱਚ ਲਗਭਗ 9.4 ਲੱਖ ਏਕੜ ਜ਼ਮੀਨ ਵਕਫ਼ ਦੀ ਅਚੱਲ ਮਾਲਕੀ ਹੈ, ਜਿਸਦੀ ਕੀਮਤ 1.2 ਲੱਖ ਕਰੋੜ ਦੇ ਲਗਭਗ ਹੈ। ਇੱਕ ਅੰਦਾਜ਼ੇ ਮੁਤਾਬਕ ਭਾਰਤ ਦੀਆਂ ਹਥਿਆਰਬੰਦ ਸੈਨਾਵਾਂ ਅਤੇ ਭਾਰਤ ਰੇਲਵੇ ਤੋਂ ਬਾਅਦ ਸਭ ਤੋਂ ਵੱਡਾ ਜ਼ਮੀਨੀ ਮਾਲਕ ਵਕਫ਼ ਬੋਰਡ ਹੈ।**

ਵਕਫ਼ ਸੋਧ ਐਕਟ 2025 ਦੇ ਵਿਵਾਦ ਦੇ ਚਲਦੇ ਭਾਰਤ ਵਿੱਚ ਕੈਥੋਲਿਕ ਚਰਚ ਦੀਆਂ ਜ਼ਮੀਨਾਂ ਦਾ ਮਾਮਲਾ ਵੀ ਭਖਣ ਲੱਗ ਪਿਆ ਹੈ। ਕਿਹਾ ਜਾ ਰਿਹਾ ਹੈ ਕਿ ਭਾਰਤ ਵਿੱਚ ਕੈਥੋਲਿਕ ਚਰਚ ਕੋਲ ਵਕਫ਼ ਬੋਰਡ ਨਾਲੋਂ ਵੀ ਵਧੇਰੇ ਜ਼ਮੀਨ ਉਪਲਬਧ ਹੈ। ਰਾਸ਼ਟਰੀ ਸਵੈਮਸੈਵਕ ਦੇ ਮੁੱਖ ਪੱਤਰ 'ਆਰਗੇਨਾਈਜ਼' ਦੇ 3 ਅਪ੍ਰੈਲ 2025 ਦੇ ਅੰਕ ਵਿੱਚ ਪ੍ਰਕਾਸ਼ਤ ਲੇਖ ਅਨੁਸਾਰ ਭਾਰਤ ਵਿੱਚ ਕੈਥੋਲਿਕ ਚਰਚ ਕੋਲ ਦੇਸ਼ ਭਰ ਵਿੱਚ ਲਗਭਗ 17.29 ਕਰੋੜ ਏਕੜ ਜ਼ਮੀਨ ਦੀ ਮਾਲਕੀ ਹੈ, ਜਿਸਦੀ ਅਨੁਮਾਨਿਤ ਕੀਮਤ ਲਗਭਗ 20,000 ਕਰੋੜ ਰੁਪਏ ਹੈ। ਜ਼ਿਆਦਾਤਰ ਜ਼ਮੀਨ ਬ੍ਰਿਟਿਸ਼ ਸ਼ਾਸਨ ਦੌਰਾਨ ਪ੍ਰਾਪਤ ਕੀਤੀ ਗਈ ਸੀ। ਇੰਡੀਆ ਚਰਚ ਐਕਟ 1927 ਅਧੀਨ ਬ੍ਰਿਟਿਸ਼ ਪ੍ਰਸ਼ਾਸਨ ਵੱਲੋਂ ਚਰਚ ਨੂੰ ਵੱਡੇ ਪੱਧਰ 'ਤੇ ਜ਼ਮੀਨਾਂ ਅਤੇ ਗ੍ਰਾਂਟਾਂ ਦਿੱਤੀਆਂ ਗਈਆਂ ਸਨ। ਚਰਚਾ ਹੈ ਕਿ ਮੁਸਲਿਮ ਭਾਈਚਾਰੇ ਦੇ ਧਾਰਮਿਕ ਅਤੇ ਸਮਾਜਿਕ ਤਾਣੇ-ਬਾਣੇ ਵਿੱਚ ਨਵੇਂ ਐਕਟ ਰਾਹੀਂ ਸ਼ੁਰੂ ਹੋਈ ਦਖਲਅੰਦਾਜ਼ੀ ਹੋਰ ਧਰਮਾਂ, ਸੰਪਰਦਾਇਕਾਂ ਅਤੇ ਘੱਟ ਗਿਣਤੀਆਂ ਵਿੱਚ ਡਰ ਦਾ ਮਾਹੌਲ ਪੈਦਾ ਹੋਇਆ ਹੈ।

ਇੱਕ ਪਾਸੇ ਮੌਜੂਦਾ ਕੇਂਦਰ ਸਰਕਾਰ ਦਾ ਦਾਅਵਾ ਹੈ ਕਿ ਵਕਫ਼ ਸੋਧ ਐਕਟ ਗਰੀਬਾਂ ਅਤੇ ਘੱਟ ਗਿਣਤੀਆਂ ਦੀ ਭਲਾਈ ਲਈ ਹੈ, ਜਿਵੇਂ ਕਿ ਸਿਹਤ, ਸਿੱਖਿਆ ਅਤੇ ਰਿਹਾਇਸ਼ ਲਈ ਵਧੇਰੇ ਸਰੋਤ ਉਪਲਬਧ ਕਰਵਾਉਣੇ ਅਤੇ ਗੈਰ-ਕਾਨੂੰਨੀ ਕਬਜ਼ਿਆਂ ਨੂੰ ਰੋਕਣਾ; ਦੂਜੇ ਪਾਸੇ ਵਿਰੋਧੀ ਧਿਰਾਂ ਅਤੇ ਘੱਟ ਗਿਣਤੀਆਂ ਭਾਈਚਾਰਿਆਂ ਦਾ ਮੰਨਣਾ ਹੈ ਕਿ ਨਵਾਂ ਕਾਨੂੰਨ ਮੁਸਲਿਮ ਧਾਰਮਿਕ ਕੰਮਕਾਰਾਂ ਵਿੱਚ ਸਰਕਾਰ ਦੀ ਬੇਲੋੜੀ ਦਖਲਅੰਦਾਜ਼ੀ ਹੈ। ਲਿਹਾਜ਼ਾ ਵੇਖਣਾ ਹੋਵੇਗਾ ਕਿ ਸਰਕਾਰ ਇਸ ਨਵੇਂ ਐਕਟ ਨੂੰ ਜ਼ਮੀਨੀ ਪੱਧਰ 'ਤੇ ਕਿਵੇਂ ਲਾਗੂ ਕਰਦੀ ਹੈ। ਨਵੇਂ ਐਕਟ ਰਾਹੀਂ ਵਕਫ਼ ਜਾਇਦਾਦਾਂ ਦੇ ਪ੍ਰਬੰਧਨ ਵਿੱਚ ਪਾਰਦਰਸ਼ਤਾ ਲਿਆਉਣੀ ਅਤੇ ਵਕਫ਼ ਬੋਰਡਾਂ ਦੀ ਜਵਾਬਦੇਹੀ ਸੁਨਿਸ਼ਚਿਤ ਕਰਨੀ ਚੰਗੀ ਗੱਲ ਹੈ, ਪਰ ਜੇਕਰ ਇਸ ਨਾਲ ਨਵੇਂ ਕਾਨੂੰਨੀ ਝਗੜੇ ਜਾਂ ਭਾਈਚਾਰਕ ਅਸੰਤੁਲਨ ਪੈਦਾ ਹੁੰਦਾ ਹੈ ਤਾਂ ਸਥਿਤੀ ਭਿਆਨਕ ਹੋ ਸਕਦੀ ਹੈ, ਚਰਚਾ ਤਾਂ ਇਹ ਵੀ ਹੈ ਕਿ ਹਿੰਦੂ ਮੰਦਰਾਂ ਕੋਲ ਵਿਸ਼ਾਲ ਜਾਇਦਾਦਾਂ ਹਨ, ਜੋ ਸੋਨੇ-ਚਾਂਦੀ ਤੋਂ ਲੈ ਕੇ ਜ਼ਮੀਨ ਅਤੇ ਇਮਾਰਤਾਂ ਤੱਕ ਫੈਲੀਆਂ ਹਨ। ਭਾਰਤ ਵਿੱਚ ਲੱਖਾਂ ਹੀ ਛੋਟੇ-ਵੱਡੇ ਮੰਦਰਾਂ ਪਾਸ ਜ਼ਮੀਨ-ਜਾਇਦਾਦਾਂ ਹਨ, ਜੋ ਵੱਖ-ਵੱਖ ਟਰੱਸਟਾਂ, ਸਰਕਾਰੀ ਸੰਸਥਾਵਾਂ ਅਤੇ ਨਿੱਜੀ ਪ੍ਰਬੰਧਕਾਂ ਦੇ ਅਧੀਨ ਹਨ।

ਉਪਲਬਧ ਜਾਣਕਾਰੀ ਅਤੇ ਅਨੁਮਾਨਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਭਾਰਤ ਵਿੱਚ ਹਿੰਦੂ ਮੰਦਰਾਂ ਅਤੇ ਧਾਰਮਿਕ ਟਰੱਸਟਾਂ ਕੋਲ ਲਗਭਗ 20 ਲੱਖ ਏਕੜ ਜ਼ਮੀਨ ਹੋ ਸਕਦੀ ਹੈ, ਜਿਸ ਵਿੱਚ ਇਮਾਰਤਾਂ, ਆਸ਼ਰਮ, ਦੁਕਾਨਾਂ ਅਤੇ ਖੇਤੀਬਾੜੀ ਜ਼ਮੀਨ ਸ਼ਾਮਲ ਹੈ। ਵੱਡੇ-ਵੱਡੇ ਮੰਦਰ ਜਿਵੇਂ ਤਿਰੂਪਤੀ ਬਾਲਾ ਜੀ, ਸ਼ਿਰਡੀ ਸਾਈ ਬਾਬਾ, ਪਦਮਨਾਭ ਸਵਾਮੀ ਮੰਦਰ ਆਦਿ ਕੋਲ ਹਜ਼ਾਰਾਂ ਏਕੜ ਜ਼ਮੀਨ ਹੈ। ਕਈ ਮੰਦਰਾਂ ਕੋਲ ਸੋਨੇ ਚਾਂਦੀ ਅਤੇ ਹੀਰਿਆਂ ਦੇ ਗਹਿਣਿਆਂ ਦਾ ਵਿਸ਼ਾਲ ਭੰਡਾਲ ਹੈ, ਜੋ ਸਦੀਆਂ ਤੋਂ ਦਾਨ ਵਜੋਂ ਇਕੱਠਾ ਹੋਇਆ ਹੈ। ਮੰਦਰਾਂ ਦੀ ਜਾਇਦਾਦ ਅਤੇ ਆਮਦਨ ਦੀ ਵਰਤੋਂ ਸਬੰਧੀ ਸਮੇਂ-ਸਮੇਂ ਵਿਵਾਦ ਉੱਠਦੇ ਰਹਿੰਦੇ ਹਨ। ਸਮੇਂ ਦੀ ਮੰਗ ਹੈ ਕਿ ਵਕਫ਼ ਬੋਰਡਾਂ ਦੀਆਂ ਜਾਇਦਾਦਾਂ ਦੇ ਪ੍ਰਬੰਧਨ ਵਿੱਚ ਪਾਦਰਸ਼ਤਾ ਅਤੇ ਜਵਾਬਦੇਹੀ ਲਿਆਉਣ ਵਾਂਗ ਹਿੰਦੂ ਮੰਦਰਾਂ ਅਤੇ ਹੋਰ ਧਰਮਾਂ ਦੇ ਧਾਰਮਿਕ ਸਥਾਨਾਂ ਬਾਰੇ ਵੀ ਇੱਕ ਸਾਂਝਾ ਕਾਨੂੰਨ ਲਿਆਂਦਾ ਜਾਵੇ, ਜੋ ਧਾਰਮਿਕ ਜਾਇਦਾਦਾਂ ਦੇ ਪ੍ਰਬੰਧਨ ਵਿੱਚ ਜਵਾਬਦੇਹੀ ਅਤੇ ਪਾਰਦਰਸ਼ਤਾ ਨੂੰ ਸੁਨਿਸ਼ਚਿਤ ਕਰੇ ਤਾਂਕਿ ਧਾਰਮਿਕ ਸੰਸਥਾਵਾਂ ਦੀਆਂ ਜਾਇਦਾਦਾਂ ਉੱਤੇ ਨਾ ਤਾਂ ਨਾਜਾਇਜ਼ ਕਬਜੇ ਹੋਣ ਅਤੇ ਨਾ ਹੀ ਇਨ੍ਹਾਂ ਦੀ ਦੁਰ-ਵਰਤੋਂ ਹੋਵੇ।

## ਸਿੱਖਾਂ ਦਾ ਕੌਮੀ ਸੰਕਲਪ ਅਤੇ ਇਸ ਦਾ ਧਰਮ ਨਾਲ ਰਿਸ਼ਤਾ

ਕਮਿਊਨ' ਤੋਂ ਬਾਅਦ ਸਾਰੇ ਮਨੁੱਖੀ ਸੱਭਿਅਤਾ ਦੇ ਸਫਰ ਨੂੰ ਜਮਾਤੀ ਸੰਘਰਸ਼ ਦਾ ਇਤਿਹਾਸ ਮੰਨਦੇ ਹਨ। ਪੂਰਬ ਐਥਨਿਕ ਗਰੁੱਪ ਦੀ ਪਰਿਭਾਸ਼ਾ ਦਿੰਦਿਆਂ ਲੇਖਕ ਦੱਸਦਾ ਹੈ ਕਿ ਐਥਨਿਕ ਗਰੁੱਪ (ਸੱਭਿਆਚਾਰਕ ਸਮੂਹ) ਉਹ ਹੁੰਦਾ ਹੈ, ਜੋ ਆਪਣੇ ਆਪ ਨੂੰ ਆਪਣੇ ਸਮੂਹ ਤੋਂ ਬਾਹਰਲੇ ਜਾਂ ਵਿਰੋਧੀ ਲੋਕਾਂ ਤੋਂ ਕੁਝ ਇਤਿਹਾਸਕ ਬਿਰਤਾਂਤਾਂ ਰਾਹੀਂ; ਇੱਕ ਸਾਂਝੇ ਕੌਮੀ ਨਾਂ ਜਾਂ ਨਿਸ਼ਾਨ, ਸਾਂਝਾ ਸੱਭਿਆਚਾਰਕ ਤੱਤ (ਧਰਮ ਅਤੇ ਭਾਸ਼ਾ) ਇੱਕ ਖਾਸ ਖਿੱਤੇ (ਹੋਮਲੈਂਡ) ਰਾਹੀਂ ਵੱਖ ਦਰਸਾਉਂਦਾ ਹੈ। ਇੱਕ ਬੰਸਾਵਲੀ ਜਾਂ ਇੱਕੋ ਗੁਰੂ ਪਿਤਾ ਦੀ ਔਲਾਦ ਹੋਣ ਦਾ ਮਾਣ ਵੀ ਇਸ ਨਾਲ ਜੁੜਿਆ ਹੁੰਦਾ ਹੈ। ਲੇਖਕ ਅਨੁਸਾਰ ਕੌਮ ਇੱਕ ਸਵੈ-ਪਰਿਭਾਸ਼ਿਤ ਸਮੂਹ ਹੈ, ਜਿਸ ਅੰਦਰ ਇੱਕ ਸਾਂਝੀ ਭਾਈਚਾਰਕ ਸਾਂਝ ਦੀ ਤੀਬਰ ਤਾਂਘ ਹੁੰਦੀ ਹੈ। ਸੁਜੱਗ ਕੌਮੀ ਸਮੂਹ ਆਪਣੀਆਂ ਵਿਲੱਖਣ ਤੇ ਸਪਸ਼ਟ ਸਮਾਜੀ ਸਰਹੱਦਾਂ ਜਾਂ ਦੂਜਿਆਂ ਨਾਲੋਂ ਵੱਖ ਕਰਦੀਆਂ ਸਰਹੱਦੀ ਬੁਰਜੀਆਂ ਬਾਰੇ ਬੇਹੱਦ ਸੁਚੇਤ ਹੁੰਦੇ ਹਨ। ਭਾਵ ਇੱਕ ਐਥਨਿਕ ਸਮੂਹ ਦੇ ਮੈਂਬਰ ਇਸ ਪੱਖੋਂ ਸੁਚੇਤ ਹੁੰਦੇ ਹਨ ਕਿ ਉਹ ਕੀ ਹਨ ਅਤੇ ਕੀ ਨਹੀਂ ਹਨ! ਆਪਣੇ ਵਿਰੋਧੀ ਜਾਂ ਆਪਣੇ ਸ਼ਰੀਕ ਕੌਮੀ ਸਮੂਹਾਂ ਨਾਲੋਂ ਆਪਣੇ ਕੌਮੀ ਵਖਰੇਵੇਂ ਦੀਆਂ ਬੁਰਜੀਆਂ ਨੂੰ ਕੌਮੀ ਚੇਤਨਾਵਾਂ ਸਦਾ ਲਿਸ਼ਕਾ ਕੇ ਰੱਖਦੀਆਂ ਹਨ। ਇਸੇ ਕਰਕੇ ਕਿਸੇ ਐਥਨਿਕ ਸਮੂਹ ਵਿੱਚ ਧਾਰਮਿਕ ਵਿਲੱਖਣਤਾ ਦੀ ਲੋੜ ਬੇਹੱਦ ਤੀਬਰ ਹੁੰਦੀ ਹੈ। ਲੇਖਕ ਬਿਆਨ ਕਰਦਾ ਹੈ ਕਿ ਅਜੋਕੇ ਦੌਰ ਵਿੱਚ ਵੀ ਧਰਮ ਆਧਾਰਤ ਕੌਮੀ ਲਹਿਰਾਂ ਆਪਣੇ ਸੰਘਰਸ਼ ਨੂੰ ਅੱਗੇ ਵਧਾ ਰਹੀਆਂ ਹਨ। ਇਸ ਵਿਚਾਰ ਦਾ ਕੇਂਦਰੀ ਤੱਤ ਇਹ ਹੈ ਕਿ ਜਦੋਂ ਵੀ ਕੋਈ ਕੌਮੀ ਸਮੂਹ ਆਪਣੀ ਕੌਮੀ ਅਤੇ ਸੱਭਿਆਚਾਰਕ ਪਹਿਚਾਣ, ਕਦਰਾਂ-ਕੀਮਤਾਂ ਅਤੇ ਹੋਂਦ ਨੂੰ ਬਚਾਉਣ ਲਈ ਸੰਘਰਸਸ਼ੀਲ ਹੋਵੇਗਾ, ਧਰਮ ਇਨ੍ਹਾਂ ਕਦਰਾਂ ਕੀਮਤਾਂ ਨੂੰ ਅਸਲ ਅਰਥ ਪ੍ਰਦਾਨ ਕਰੇਗਾ। ਅਜਿਹੇ ਸੰਕਟ ਗ੍ਰਸਤ ਵਕਤਾਂ ਵਿੱਚ ਕੌਮੀ ਸਮੂਹ ਦੀ ਪਹਿਚਾਣ ਆਪਣੀ ਧਰਮਿਕ ਹਸਤੀ ਨਾਲ ਇੱਕ-ਮਿੱਕ ਹੋ ਜਾਵੇਗੀ। ਮਤਲਬ ਧਰਮ ਹੀ ਇਸ ਸਭਿਆਚਾਰਕ ਪਹਿਚਾਣ ਅਤੇ ਇਸ ਨਾਲ ਜੁੜੀਆਂ ਕਦਰਾਂ ਕੀਮਤਾਂ ਨੂੰ ਅਰਥ ਪ੍ਰਦਾਨ ਕਰੇਗਾ। ਇਸ ਤਰ੍ਹਾਂ ਇੱਕ ਵਿਸ਼ੇਸ਼ ਧਰਮ ਕਿਸੇ ਕੌਮੀ ਪਹਿਚਾਣ ਦਾ ਕੇਂਦਰੀ ਤੱਤ ਬਣ ਕੇ ਉਭਰ ਆਵੇਗਾ।

ਲੇਖਕ ਨੋਟ ਕਰਦਾ ਹੈ ਕਿ ਇਸ ਦੇ ਬਾਵਜੂਦ ਸਾਰੀਆਂ ਧਾਰਮਿਕ ਘੱਟਗਿਣਤੀਆਂ ਜਾਂ ਧਰਮ ਆਧਾਰਤ ਕੌਮਾਂ ਸੰਪੂਰਨ ਆਜ਼ਾਦੀ ਦੀ ਤਾਂਘ ਨਹੀਂ ਰੱਖਦੀਆਂ। ਬਹੁਤ ਸਾਰੀਆਂ ਘੱਟਗਿਣਤੀ ਕੌਮਾਂ ਆਪਣੇ ਆਪ ਨੂੰ ਮੌਜੂਦ ਰਾਜਨੀਤਿਕ-ਸੱਭਿਆਚਾਰਕ ਢਾਂਚੇ ਵਿੱਚ ਅਡਜਸਟ ਕਰਨ ਦਾ ਯਤਨ ਕਰਦੀਆਂ ਹਨ। ਆਪਣੀ ਵੱਖਰੀ ਕੌਮੀ ਪਹਿਚਾਣ ਦੇ ਖੁਰ ਜਾਣ ਦਾ ਡਰ ਕਿਸੇ ਕੌਮ ਨੂੰ ਕਿੰਨਾ ਵੱਢ-ਵੱਢ ਖਾਂਦਾ ਹੈ, ਇਹ ਭਾਵਨਾ ਅਤੇ ਤਾਸੀਰ ਹੀ ਕੌਮ ਦੇ ਅੰਤਿਮ ਨਿਸ਼ਾਨੇ ਨੂੰ ਤੈਅ ਕਰੇਗੀ। ਕਿਤਾਬ ਵਿੱਚ ਕੌਮ ਅਤੇ ਕੌਮੀ ਹਸਤੀ ਬਾਰੇ ਪੇਸ਼ ਹੋਈ ਸਮਝ ਵਿੱਚ ਪਰਿਭਾਸ਼ਤ ਕੀਤਾ ਗਿਆ ਹੈ ਕਿ ਜਾਗਰੂਕ ਕੌਮਾਂ ਦਾ ਸਰਬਪੱਖੀ ਵਿਕਾਸ ਇੱਕ ਆਜ਼ਾਦ ਸਟੇਟ (ਸੌਵਰਨ ਸਟੇਟ) ਵਿੱਚ ਹੀ ਹੋ ਸਕਦਾ ਹੈ; ਕਿਉਂਕਿ ਰਾਜਨੀਤਿਕ ਗੁਲਾਮੀ ਕਿਸੇ ਕੌਮ ਦੇ ਰੂਹਾਨੀ ਮੰਡਲ ਨੂੰ ਪੂਰੀ ਤਰ੍ਹਾਂ ਪਨਪਣ ਨਹੀਂ ਦਿੰਦੀ। ਇਸੇ ਲਈ ਆਪਣਾ ਖਿੱਤਾ (ਹੋਮਲੈਂਡ) ਸੌਵਰਨ ਰਾਜ, ਧਰਮ ਅਤੇ ਭਾਸ਼ਾ ਕਿਸੇ ਕੌਮ ਦੀ ਹੋਂਦ ਹਸਤੀ ਦੇ ਪ੍ਰਮੁੱਖ ਤੱਤ ਹਨ। ਇਹ ਕਿਤਾਬ ਇਹ ਪੱਖ ਸਾਬਤ ਕਰਨ ਦਾ ਵੀ ਯਤਨ ਹੈ ਕਿ ਕਿਸੇ ਕੌਮ ਦੀ ਹਸਤੀ ਨਿਰੋਲ ਤੌਰ 'ਤੇ ਧਰਮ 'ਤੇ ਆਧਾਰਤ ਵੀ ਹੋ ਸਕਦੀ ਹੈ। ਅਜਿਹੇ ਵਿੱਚ ਧਰਮ ਅਤੇ ਐਥਿਨੀਸਿਟੀ ਇੱਕ ਵਿਸ਼ੇਸ਼ ਸਥਾਨਿਕਤਾ ਨਾਲ ਇਕਮਿੱਕ ਹੋ ਜਾਂਦੇ ਹਨ। ਅਪਵਾਦ ਇਹ ਕਿ ਕੌਮਾਂ ਆਪਣੇ ਪ੍ਰਭੂਸੱਤਾ ਸੰਪਨ ਰਾਜ ਗੁਆ ਕੇ ਵੀ ਜਿਉਂਦੀਆਂ ਰਹਿ ਸਕਦੀਆਂ ਹਨ। ਅਜਿਹੇ ਵਿੱਚ ਧਰਮ ਹੀ ਹੈ, ਜੋ ਕੌਮਾਂ ਨੂੰ ਸਦੀਆਂ ਤੱਕ ਬਚਾ ਕੇ ਰੱਖਦਾ ਹੈ। ਯਹੂਦੀ ਕੌਮ ਜਾਂ ਫਲਿਸਤੀਨੀ ਕੌਮ ਇਸ ਦੀ ਸਾਕਸ਼ਾਤ ਉਦਾਹਰਣ ਹੈ। ਮਿਸਾਲ ਦੇ ਤੌਰ 'ਤੇ ਇਜ਼ਰਾਇਲ ਦੇ ਖਿਲਾਫ ਜ਼ਿੰਦਗੀ-ਮੌਤ ਦਾ ਸੰਘਰਸ਼ ਕਰ ਰਹੀ ਫਲਿਸਤੀਨੀ ਕੌਮ ਅੱਜ ਇਸਲਾਮ ਦੇ ਇੰਨੀ ਨੇੜੇ ਚਲੀ ਗਈ ਹੈ ਕਿ ਧਰਮ ਅਤੇ ਕੌਮ ਦਾ ਫਰਕ ਕਰਨਾ ਮੁਸ਼ਕਲ ਹੋ ਗਿਆ ਹੈ।

ਸਮੀਖਿਆ

# ਬੱਚੇ ਦੇ ਵਿਕਾਸ ਵਿੱਚ ਉਤਸ਼ਾਹ ਦੀ ਮਹੱਤਤਾ



ਰਵਿੰਦਰ ਸਿੰਘ ਸੋਢੀ, ਕੈਨੇਡਾ
ਫੋਨ: 1-604-369-2371

ਬੱਚੇ ਦੇ ਸਰਵ ਪੱਖੀ ਵਿਕਾਸ ਲਈ ਜਿੱਥੇ ਬੱਚੇ ਦੀਆਂ ਕੁਦਰਤੀ ਰੁਚੀਆਂ, ਪਰਿਵਾਰਕ ਅਤੇ ਆਲੇ-ਦੁਆਲੇ ਦਾ ਮਾਹੌਲ, ਉਸ ਦੇ ਵਿਦਿਅਕ ਅਦਾਰੇ ਦਾ ਮਾਹੌਲ, ਉਸ ਦੇ ਨਜ਼ਦੀਕੀ ਮਿੱਤਰਾਂ ਦੀ ਸੰਗਤ ਆਦਿ ਪੱਖ ਆਪਣਾ-ਆਪਣਾ ਯੋਗਦਾਨ ਪਾਉਂਦੇ ਹਨ; ਉਥੇ ਬੱਚੇ ਵਿੱਚ ਆਤਮ ਵਿਸ਼ਵਾਸ ਪੈਦਾ ਕਰਨਾ, ਉਸ ਦੇ ਅੰਦਰ ਲੁਕੀ ਪ੍ਰਤਿਭਾ ਨੂੰ ਉਜਾਗਰ ਕਰਨ ਲਈ ਹੱਲਾਸ਼ੇਰੀ ਦੇਣੀ ਅਤੇ ਇੱਕ ਅਜਿਹਾ ਮਾਹੌਲ ਪ੍ਰਦਾਨ ਕਰਨਾ ਜਿਸ ਵਿੱਚ ਉਸ ਨੂੰ ਨਿਰੋਲ ਹਾਂ-ਪੱਖੀ ਹੁੰਗਾਰਾ ਹੀ ਮਿਲੇ, ਦਾ ਵੀ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਅਜਿਹੇ ਉਸਾਰੂ ਹਾਲਾਤ ਵਿੱਚ ਪ੍ਰਵਾਨ ਚੜ੍ਹੇ ਬੱਚੇ ਨਵੀਆਂ ਮੰਜ਼ਲਾਂ ਸਰ ਕਰਨ ਵਿੱਚ ਹੀ ਸਫਲ ਨਹੀਂ ਹੁੰਦੇ ਬਲਕਿ ਇੱਕ ਉਸਾਰੂ ਸਮਾਜ ਦੀ ਸਿਰਜਣਾ ਵੀ ਕਰਦੇ ਹਨ। ਇਸ ਪੱਖੋਂ ਕੈਨੇਡਾ ਵਿੱਚ ਮੁਢਲੀ ਸਿੱਖਿਆ ਸਮੇਂ ਬੱਚਿਆਂ ਨੂੰ ਇੱਕ ਅਜਿਹੇ ਸਾਂਚੇ ਵਿੱਚ ਢਾਲਣ ਦਾ ਯਤਨ ਕੀਤਾ ਜਾਂਦਾ ਹੈ, ਜਿਥੇ ਆਲੋਚਨਾ ਦੀ ਥਾਂ ਉਨ੍ਹਾਂ ਨੂੰ ਹੌਸਲਾ ਦਿੱਤਾ ਜਾਂਦਾ ਹੈ, ਬੱਚਿਆਂ ਦੀ ਛੋਟੀ ਤੋਂ ਛੋਟੀ ਪ੍ਰਾਪਤੀ ਲਈ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ ਅਤੇ ਅਧਿਆਪਕ ਅਤੇ ਸਕੂਲ ਦੇ ਉੱਚ ਅਧਿਕਾਰੀਆਂ ਦੀ ਇਹ ਭਰਪੂਰ ਕੋਸ਼ਿਸ਼ ਰਹਿੰਦੀ ਹੈ ਕਿ ਬੱਚਿਆਂ ਪ੍ਰਤੀ ਕੋਈ ਨਾਂਹ-ਪੱਖੀ ਟਿੱਪਣੀ ਨਾ ਕੀਤੀ ਜਾਵੇ, ਜਿਸ ਨਾਲ ਬੱਚਿਆਂ ਦੀ ਮਾਨਸਿਕਤਾ ਵਿੱਚ ਕਿਸੇ ਤਰ੍ਹਾਂ ਦੀ ਹੀਣ ਭਾਵਨਾ ਪੈਦਾ ਹੋਵੇ। ਜ਼ਿਆਦਾ ਸ਼ਰਾਰਤੀ ਬੱਚਿਆਂ ਨੂੰ ਉਸਾਰੂ ਢੰਗ ਨਾਲ ਸਹੀ ਰਸਤੇ 'ਤੇ ਲਿਆਉਣ ਲਈ ਵਿਸ਼ੇਸ਼ ਸਿਖਲਾਈ ਪ੍ਰਾਪਤ ਅਧਿਆਪਕ ਹੁੰਦੇ ਹਨ, ਜੋ ਅਜਿਹੇ ਬੱਚਿਆਂ ਦੀ ਮਾਨਸਿਕਤਾ ਨੂੰ ਬਦਲਣ ਲਈ ਮਨੋਵਿਗਿਆਨਕ ਢੰਗਾਂ ਦੀ ਵਰਤੋਂ ਕਰਦੇ ਹਨ। ਬੱਚਿਆਂ ਦੀਆਂ ਉਸਾਰੂ ਗਤੀਵਿਧੀਆਂ ਨੂੰ ਨਵੀਂ ਦਿਸ਼ਾ ਦੇਣ ਦੇ ਯਤਨ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਹੱਲਾਸ਼ੇਰੀ ਦੇ ਕੇ ਉਨ੍ਹਾਂ ਵਿੱਚ ਹਾਂ-ਪੱਖੀ ਵਰਤਾਰੇ ਦੀ ਭਾਵਨਾ ਪੈਦਾ ਕੀਤੀ ਜਾਂਦੀ ਹੈ।

ਇਸ ਪੱਖ ਦੀ ਇੱਕ ਉਦਾਹਰਣ ਦਾ ਵਰਣਨ ਕਰਨਾ ਚਾਹੁੰਦਾ ਹਾਂ, ਜੋ ਉਪਰੋਕਤ ਵਿਚਾਰਧਾਰਾ ਦੀ ਸੱਚਾਈ ਪ੍ਰਗਟ ਕਰਦੀ ਹੈ। ਕੈਨੇਡਾ ਦੇ ਇੱਕ ਵੱਡੇ ਸ਼ਹਿਰ ਕੈਲਗਰੀ ਦੇ ਕੋਲ ਹੀ ਇੱਕ ਸ਼ਹਿਰ ਹੈ ਚੈਸਟਰਮੇਅਰ। ਨਵੇਂ ਸਾਲ ਦੇ ਕਾਰਡ ਬਣਾਉਣ ਵਾਲੇ ਇੱਕ ਅਦਾਰੇ ਵੱਲੋਂ ਚੈਸਟਰਮੇਅਰ ਦੇ ਐਲੀਮੈਂਟਰੀ (ਕਿੰਡਰ ਗਾਰਟਨ ਤੋਂ ਸਤਵੀਂ ਜਮਾਤ ਤੱਕ) ਸਕੂਲਾਂ ਵਿੱਚ ਆਪਣੇ ਕਰਮਚਾਰੀ ਭੇਜੇ ਗਏ। ਉਨ੍ਹਾਂ ਨੇ ਵੱਖ-ਵੱਖ ਕਲਾਸਾਂ ਵਿੱਚ ਜਾ ਕੇ ਬੱਚਿਆਂ ਨੂੰ ਡਰਾਇੰਗ ਸ਼ੀਟਾਂ ਦਿੱਤੀਆਂ ਅਤੇ ਕਿਹਾ ਕਿ ਉਹ ਆਪਣੀ ਮਰਜ਼ੀ ਨਾਲ ਉਨ੍ਹਾਂ ਸ਼ੀਟਾਂ 'ਤੇ ਕੁਝ ਵੀ ਬਣਾਉਣ ਅਤੇ ਰੰਗ ਭਰਨ। ਇਸ ਕੰਮ ਵਿੱਚ ਬਾਹਰੀ ਤੌਰ 'ਤੇ ਬੱਚਿਆਂ ਨੂੰ ਕੋਈ ਸਹਾਇਤਾ ਨਹੀਂ ਦਿੱਤੀ ਗਈ, ਭਾਵ ਬੱਚਿਆਂ ਦੇ ਅਧਿਆਪਕਾਂ ਵੱਲੋਂ ਕਿਸੇ ਕਿਸਮ ਦੀ ਸਹਾਇਤਾ ਜਾਂ ਸਲਾਹ ਨਹੀਂ ਦਿੱਤੀ ਗਈ। ਸਾਰੇ ਬੱਚਿਆਂ ਨੇ ਆਪਣੀ ਸੋਚ ਮੁਤਾਬਿਕ ਕੁਝ ਨਾ ਕੁਝ ਬਣਾਇਆ, ਰੰਗ ਭਰੇ ਅਤੇ ਆਪਣਾ ਨਾਂ ਲਿਖ ਦਿੱਤਾ। ਬੱਚਿਆਂ ਵੱਲੋਂ ਬਣਾਏ ਗਏ ਇਹ ਕਾਰਡ ਉਸ ਅਦਾਰੇ ਦੇ ਕਰਮਚਾਰੀ ਆਪਣੇ ਨਾਲ ਲੈ ਗਏ। ਕੁਝ ਦਿਨਾਂ ਬਾਅਦ ਹਰ ਬੱਚੇ ਨੂੰ ਉਸਦੀ ਬਣਾਈ ਡਰਾਇੰਗ ਦੇ ਵੀਹ-ਵੀਹ ਕਾਰਡ ਦਿੱਤੇ ਗਏ। ਇਹ ਕਾਰਡ ਛਾਪਣ ਵੇਲੇ ਬੱਚਿਆਂ ਵੱਲੋਂ ਬਣਾਏ ਕਾਰਡਾਂ ਨੂੰ ਕਿਸੇ ਕਿਸਮ ਨਾਲ ਸੋਧਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਜਦੋਂ ਬੱਚਿਆਂ ਨੇ ਆਪਣੇ ਵੱਲੋਂ ਬਣਾਈ ਡਰਾਇੰਗ ਨੂੰ ਕਾਰਡ ਦੇ ਰੂਪ ਵਿੱਚ ਦੇਖਿਆ, ਉਨ੍ਹਾਂ ਦੇ ਚਿਹਰੇ ਦੇ ਹਾਵ-ਭਾਵ ਦੇਖਣ ਵਾਲੇ ਸਨ। ਉਹ ਮਹਿਸੂਸ ਕਰ ਰਹੇ ਸਨ ਜਿਵੇਂ ਉਹ ਹਵਾ ਵਿੱਚ ਉੱਡ ਰਹੇ ਹੋਣ। (ਇੱਥੇ ਮੈਂ ਪਹਿਲੀ ਕਲਾਸ, ਉਮਰ ਸੱਤ ਸਾਲ ਅਤੇ ਤੀਜੀ ਕਲਾਸ, ਉਮਰ ਨੌਂ ਸਾਲ ਦੇ ਬੱਚਿਆਂ ਵੱਲੋਂ ਬਣਾਏ ਕਾਰਡਾਂ ਦੀਆਂ ਤਸਵੀਰਾਂ ਦੇ ਰਿਹਾ ਹਾਂ)। ਮੈਂ ਇਹ ਨਹੀਂ ਕਹਿੰਦਾ ਕਿ ਇਹ ਚਿੱਤਰ ਕਲਾ ਦੇ ਵਧੀਆ ਨਮੂਨੇ ਹਨ, ਪਰ ਬੱਚਿਆਂ ਦੀ ਉਮਰ ਨੂੰ ਦੇਖਦੇ ਹੋਏ ਅਤੇ ਉਨ੍ਹਾਂ ਦੇ ਮਾਨਸਿਕ ਪੱਧਰ ਨੂੰ ਦੇਖਦੇ ਹੋਏ, ਉਨ੍ਹਾਂ ਦੀ ਅਤੇ ਹੋਰ ਬੱਚਿਆਂ ਦੀ ਪ੍ਰਸ਼ੰਸਾ ਕਰਨੀ ਤਾਂ ਬਣਦੀ ਹੀ ਹੈ। ਜਦੋਂ ਇਨ੍ਹਾਂ ਬੱਚਿਆਂ ਨੇ ਇਹ ਕਾਰਡ ਆਪਣੇ ਨੇੜਲੇ ਰਿਸ਼ਤੇਦਾਰਾਂ ਨੂੰ ਭੇਜੇ ਹੋਣਗੇ ਤਾਂ ਉਨ੍ਹਾਂ ਵੱਲੋਂ ਮਿਲੀ ਸ਼ਾਬਾਸ਼ ਨਿਸ਼ਚੇ ਹੀ ਬੱਚਿਆਂ ਦੇ ਮਨੋਬਲ ਨੂੰ ਉੱਚਾ ਚੁੱਕਣ ਵਿੱਚ ਸਹਾਈ ਹੋਵੇਗੀ ਅਤੇ ਭਵਿੱਖ ਵਿੱਚ ਉਨ੍ਹਾਂ ਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਅੱਗੇ ਆਉਣ ਦੀ ਪ੍ਰੇਰਣਾ ਤਾਂ ਮਿਲੇਗੀ ਹੀ, ਇਸ ਦੇ ਨਾਲ ਹੀ ਭਵਿੱਖ ਵਿੱਚ ਵੀ ਬੱਚਿਆਂ ਦੀ ਕਲਪਨਾ ਹੋਰ ਉੱਚੀਆਂ ਉਡਾਰੀਆਂ ਲਾਵੇਗੀ।




ਆਪਣੀ ਜਮਾਤ ਵਿੱਚ ਕਿਤਾਬੀ ਪੜ੍ਹਾਈ ਦੇ ਨਾਲ-ਨਾਲ ਹੋਰ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਜਿਸ ਕਰਕੇ ਉਨ੍ਹਾਂ ਦੀ ਪ੍ਰਸ਼ੰਸਾ ਹੋਵੇ, ਬੱਚਿਆਂ ਦੇ ਦਿਲ ਵਿੱਚ ਇੱਕ ਨਵੀਂ ਨਰੋਈ ਭਾਵਨਾ ਹੀ ਪੈਦਾ ਨਹੀਂ ਕਰਦੀ ਸਗੋਂ ਜ਼ਿੰਦਗੀ ਪ੍ਰਤੀ ਉਨ੍ਹਾਂ ਦੀ ਸੋਚ ਨੂੰ ਹਾਂ-ਪੱਖੀ ਹੁਲਾਰਾ ਦਿੰਦੀ ਹੈ। ਅਜਿਹੇ ਮਾਹੌਲ ਵਿੱਚ ਪ੍ਰਵਾਨ ਚੜ੍ਹੇ ਬੱਚੇ ਹਮੇਸ਼ਾ ਹੀ ਹੱਸਦੇ-ਹੱਸਦੇ ਨਵੀਆਂ ਚੁਣੌਤੀਆਂ ਨਾਲ ਦੋ-ਚਾਰ ਹੋਣ ਤੋਂ ਘਬਰਾਉਂਦੇ ਨਹੀਂ। ਉਨ੍ਹਾਂ ਦੇ ਅਚੇਤ ਮਨ ਵਿੱਚ ਵਿਚਰ ਰਹੇ ਹੌਸਲੇ ਕਰਕੇ ਡਰ ਉਨ੍ਹਾਂ ਦੇ ਨੇੜੇ ਨਹੀਂ ਢੁਕਦਾ। ਉਹ ਜ਼ਿੰਦਗੀ ਵਿੱਚ ਆਈਆਂ ਅਸਫਲਤਾਵਾਂ ਤੋਂ ਵੀ ਕੁਝ ਸਿੱਖਦੇ ਹਨ ਅਤੇ ਨਵੇਂ ਦਿਸਹੱਦਿਆਂ ਵੱਲ ਵਧਣ ਦੀ ਯੋਗਤਾ ਵੀ ਰੱਖਦੇ ਹਨ। ਜਦੋਂ ਬੱਚਿਆਂ ਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਜਾਏ ਕਿ ਉਨ੍ਹਾਂ ਵੱਲੋਂ ਕੀਤਾ ਕੰਮ ਵਿਸ਼ੇਸ਼ ਮਹੱਤਵ ਵਾਲਾ ਹੈ ਤਾਂ ਉਨ੍ਹਾਂ ਦੇ ਦਿਲ ਵਿੱਚ ਇਹ ਭਾਵਨਾ ਘਰ ਕਰ ਜਾਂਦੀ ਹੈ ਕਿ ਉਹ ਵੀ ਇਸ ਦੁਨੀਆਂ ਵਿੱਚ ਕੁਝ ਨਵੇਕਲਾ ਕਰ ਸਕਦੇ ਹਨ। ਇਨਸਾਨ ਵਿੱਚ ਪੈਦਾ ਹੋਈ ਅਜਿਹੀ ਉਸਾਰੂ ਸੋਚ ਨੇ ਹੀ ਪੱਥਰ ਕਾਲ ਦੇ ਯੁਗ ਨੂੰ ਵਰਤਮਾਨ ਸਮੇਂ ਦੇ ਵਿਗਿਆਨਕ ਯੁਗ ਵਿੱਚ ਬਦਲਿਆ ਹੈ।

ਜਿੰਨਾ ਬਾਲ ਮਨਾਂ ਨੂੰ ਅਜਿਹੇ ਉਤਸ਼ਾਹ ਭਰੇ ਮਾਹੌਲ ਵਿੱਚ ਰਹਿਣ ਦਾ ਮੌਕਾ ਮਿਲਿਆ ਹੋਵੇ, ਉਨ੍ਹਾਂ ਦੀਆਂ ਜਾਗਦੀਆਂ ਅੱਖਾਂ ਦੇ ਸੁਪਨੇ ਪੂਰੇ ਹੀ ਨਹੀਂ ਹੁੰਦੇ, ਉਹ ਆਉਣ ਵਾਲੇ ਕੱਲ੍ਹ ਦੇ ਨੇਤਾ ਬਣ ਕੇ ਇਸ ਦੁਨੀਆਂ ਨੂੰ ਹੋਰ ਜਿਉਣ ਜੋਗੀ ਬਣਾਉਂਦੇ ਦੇ ਕਾਬਿਲ ਵੀ ਬਣਦੇ ਹਨ। ਬੱਚੇ ਦੀ ਯੋਗਤਾ ਨੂੰ ਕਿਤਾਬੀ ਪੜ੍ਹਾਈ ਦੀਆਂ ਪ੍ਰਾਪਤੀਆਂ ਤੋਂ ਹੀ ਨਹੀਂ ਪਹਿਚਾਣਿਆ ਜਾ ਸਕਦਾ, ਸਗੋਂ ਇਹ ਦੇਖਣਾ ਵੀ ਜ਼ਰੂਰੀ ਹੁੰਦਾ ਹੈ ਕਿ ਉਹ ਆਪਣੇ ਅੰਦਰ ਲੁਕੀਆਂ ਹੋਰ ਕੁਦਰਤੀ ਰੁਚੀਆਂ ਨੂੰ ਕਿਵੇਂ ਉਜਾਗਰ ਕਰਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਆਪ 'ਤੇ ਕਿੰਨਾ ਭਰੋਸਾ ਹੈ? ਜੇ ਹਰ ਬੱਚੇ ਨੂੰ ਬਿਨਾਂ ਕਿਸੇ ਡਰ ਜਾਂ ਝਿਜਕ ਦੇ ਆਪਣੀ ਸਮਰਥਾ ਨੂੰ ਪ੍ਰਗਟਾਉਣ ਦਾ ਮੌਕਾ ਮਿਲੇ ਤਾਂ ਇਹ ਸੋਚਿਆ ਵੀ ਨਹੀਂ ਜਾ ਸਕਦਾ ਕਿ ਉਹ ਬੱਚਾ ਵੱਡਾ ਹੋ ਕੇ ਕਿਨ੍ਹਾਂ-ਕਿਨ੍ਹਾਂ ਮੁਸ਼ਕਿਲ ਘਾਟੀਆਂ ਨੂੰ ਸਰ ਕਰ ਸਕਦਾ ਹੈ।

# ਪੰਜਾਬ ਦੀ ਅਕਾਲੀ ਸਿਆਸਤ ਇਤਿਹਾਸਕ ਚੌਰਸਤੇ ਉਤੇ

*...ਸਫਾ ਇੱਕ ਦੀ ਬਾਕੀ ⇒*

ਭਰਤੀ ਉਤਸ਼ਾਹ ਨਾਲ ਅੱਗੇ ਵਧਾਈ ਜਾ ਰਹੀ ਹੈ। ਇਸ ਭਰਤੀ ਤੋਂ ਬਾਅਦ ਇੱਕ ਹੋਰ ਅਕਾਲੀ ਦਲ ਦੇ ਹੋਂਦ ਵਿੱਚ ਆਉਣ ਦੇ ਹਾਲਾਤ ਬਣੇ ਹੋਏ ਹਨ। ਅਕਾਲੀ ਦਲ (ਬਾਦਲ) ਦਾ ਕਾਡਰ ਅਤੇ ਲੀਡਰਸ਼ਿੱਪ ਇਸ ਅਕਾਲੀ ਦਲ ਵੱਲ ਪਲਟਣ ਦੇ ਆਸਾਰ ਵੀ ਬਣੇ ਹੋਏ ਹਨ।

ਇਨ੍ਹਾਂ ਦੋਹਾਂ ਧੜਿਆਂ ਦੇ ਸਮਾਨੰਤਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲਾ ਅਕਾਲੀ ਦਲ (ਅੰਮ੍ਰਿਤਸਰ) ਅਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲਾ ਅਕਾਲੀ ਦਲ (ਵਾਰਸ ਪੰਜਾਬ ਦੇ) ਵੀ ਆਪਣੀ ਸਰਗਰਮੀ ਜਾਰੀ ਰੱਖ ਰਿਹਾ ਹੈ। ਇਸ ਨਵੇਂ ਦਲ ਦਾ ਐਲਾਨ ਇਸੇ ਸਾਲ ਵਿਸਾਖੀ ਮੌਕੇ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਵਿਖੇ ਇੱਕ ਪ੍ਰਭਾਵਸ਼ਾਲੀ ਕਾਨਫਰੰਸ ਦੌਰਾਨ ਕੀਤਾ ਗਿਆ ਸੀ। ਇਸ ਤੋਂ ਇਲਾਵਾ ਚੁਰਾਸੀਵਿਆਂ ਵਿੱਚ ਸਿੱਖ ਸੰਘਰਸ਼ ਦੌਰਾਨ ਸਰਗਰਮ ਰਹੀਆਂ ਕੁਝ ਖਾੜਕੂ ਧਿਰਾਂ ਅਤੇ ਦਲ ਖਾਲਸਾ ਵੀ ਆਪਣੀ ਸਰਗਰਮੀ ਨੂੰ ਕਾਇਮ ਰੱਖ ਰਹੇ ਹਨ ਭਾਵੇਂ ਕਿ ਇਹ ਸਿੱਖ ਸਿਆਸਤ ਦੀ ਸਪੇਸ ਵਿੱਚ ਪ੍ਰੈਸ਼ਰ ਗਰੁੱਪਾਂ ਦੀ ਹੀ ਭੂਮਿਕਾ ਨਿਭਾਉਂਦੇ ਹਨ।

ਅਕਾਲੀ ਦਲ ਦੀ ਲੀਡਰਸ਼ਿੱਪ ਲਈ ਸੰਘਰਸ਼ ਕਰ ਰਹੇ ਦੋ ਗਰੁਪਾਂ ਦੇ ਮੱਦੇਨਜ਼ਰ ਅੰਮ੍ਰਿਤਪਾਲ ਵਾਲਾ ਅਕਾਲੀ ਦਲ ਵੀ ਇਨ੍ਹਾਂ ਦਿਨਾਂ ਵਿੱਚ ਚਰਚਾ ਵਿੱਚ ਹੈ, ਵਿਸ਼ੇਸ਼ ਕਰਕੇ ਅੰਮ੍ਰਿਤਪਾਲ ਸਿੰਘ ਦੀ ਐਨ.ਐਸ.ਏ. ਇੱਕ ਸਾਲ ਲਈ ਹੋਰ ਵਧਾਏ ਜਾਣ ਕਾਰਨ। ਇੰਝ ਅੰਮ੍ਰਿਤਪਾਲ ਸਿੰਘ ਦੀ ਸਿਆਸੀ ਨਜ਼ਰਬੰਦੀ ਹੁਣ ਤੀਜੇ ਸਾਲ ਵਿੱਚ ਦਾਖਲ ਹੋ ਗਈ ਹੈ, ਜਦਕਿ ਉਸ ਦੇ ਸਾਥੀਆਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਬੀਤੇ ਕੁਝ ਦਿਨਾਂ ਵਿੱਚ ਇਹ ਚਰਚਾ ਵੀ ਚਲਦੀ ਰਹੀ ਹੈ ਕਿ ਅੰਮ੍ਰਿਤਪਾਲ ਸਿੰਘ ਨੂੰ ਵੀ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚੋਂ ਪੰਜਾਬ ਵਿੱਚ ਤਬਦੀਲ ਕੀਤਾ ਜਾਵੇਗਾ, ਪਰ ਪੰਜਾਬ ਸਰਕਾਰ ਨੇ ਪੰਜਾਬ ਦੇ ਅਮਨ ਕਾਨੂੰਨ ਦੀ ਹਾਲਤ ਨੂੰ ਖਤਰਾ ਦੱਸ ਕੇ ਉਸ ਦੀ ਨਜ਼ਰਬੰਦੀ ਨੂੰ ਇੱਕ ਸਾਲ ਲਈ ਹੋਰ ਵਧਾ ਦਿੱਤਾ, ਜਿਸ ਦੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਮੇਤ ਕਈ ਧਿਰਾਂ ਵੱਲੋਂ ਨਿਖੇਧੀ ਕੀਤੀ ਗਈ ਹੈ। ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਵਿੱਚ ਵਾਧਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਜ਼ਿਲ੍ਹਾ ਮੈਜਿਸਟਰੇਟ ਦੀ ਸਿਫਾਰਸ਼ 'ਤੇ ਪੰਜਾਬ ਦੇ ਗ੍ਰਹਿ ਵਿਭਾਗ ਵੱਲੋਂ ਕੀਤਾ ਗਿਆ ਹੈ। ਯਾਦ ਰਹੇ, ਪੰਜਾਬ ਦਾ ਗ੍ਰਹਿ ਵਿਭਾਗ ਮੁੱਖ ਮੰਤਰੀ ਭਗਵੰਤ ਮਾਨ ਕੋਲ ਹੈ।

ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਨੇ ਉਸ ਦੀ ਨਜ਼ਰਬੰਦੀ 'ਤੇ ਦੁਖ ਜ਼ਾਹਰ ਕਰਦਿਆਂ ਇਸ ਨੂੰ ਕੇਂਦਰ ਅਤੇ ਪੰਜਾਬ ਸਰਕਾਰ ਦੀ ਮਿਲੀਭੁਗਤ ਕਰਾਰ ਦਿੱਤਾ ਹੈ। ਉਨ੍ਹਾਂ ਉਸ ਦੀ ਜਾਨ ਨੂੰ ਖਤਰੇ ਦਾ ਖਦਸ਼ਾ ਵੀ ਪ੍ਰਗਟ ਕੀਤਾ ਹੈ। ਅੰਮ੍ਰਿਤਪਾਲ ਸਿੰਘ ਦੇ ਵਕੀਲਾਂ ਨੇ ਵੀ ਇਸ ਵਾਧੇ ਦੀ ਨਿਖੇਧੀ ਕੀਤੀ ਹੈ ਅਤੇ ਇਸ ਹਿਰਸਾਤੀ ਵਾਧੇ ਨੂੰ ਸਿਆਸੀ ਵਧੀਕੀ ਕਰਾਰ ਦਿੱਤਾ ਹੈ ਅਤੇ ਇਸ ਨੂੰ ਸੁਪਰੀਮ ਕੋਰਟ ਵਿੱਚ ਚਣੌਤੀ ਦੇਣ ਦਾ ਫੈਸਲਾ ਕੀਤਾ ਹੈ। ਕਾਨੂੰਨੀ ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਜਦੋਂ ਅੰਮ੍ਰਿਤਪਾਲ ਸਿੰਘ ਦੇ ਬਾਕੀ ਸਾਰੇ ਸਾਥੀਆਂ ਤੋਂ ਐਨ.ਐਸ.ਏ. ਹਟਾ ਦਿੱਤੀ ਗਈ ਹੈ ਤਾਂ ਉਸ 'ਤੇ ਇਸ ਨੂੰ ਜਾਰੀ ਰੱਖਣ ਦੀ ਕੋਈ ਤੁਕ ਨਹੀਂ ਬਣਦੀ। ਇੱਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਅੰਮ੍ਰਿਤਪਾਲ ਸਿੰਘ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ, ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਲੱਖਾਂ ਵੋਟਾਂ ਦੇ ਫਰਕ ਨਾਲ ਹਰਾ ਕੇ ਮੈਂਬਰ ਪਾਰਲੀਮੈਂਟ ਚੁਣੇ ਗਏ ਸਨ। ਇਸ ਤੋਂ ਇਲਾਵਾ ਸ਼ਹੀਦ ਭਾਈ ਬੇਅੰਤ ਸਿੰਘ ਦੇ ਸਪੁਤਰ ਸਰਬਜੀਤ ਸਿੰਘ ਵੀ ਫਰੀਦਕੋਟ ਤੋਂ ਮੈਂਬਰ ਪਾਰਲੀਮੈਂਟ ਬਣ ਗਏ ਸਨ। ਉਹ ਵੀ ਅੰਮ੍ਰਿਤਪਾਲ ਸਿੰਘ ਵਾਲੇ ਅਕਾਲੀ ਦਲ ਨਾਲ ਜੁੜੇ ਹੋਏ ਹਨ।

ਜਿੱਥੋਂ ਤੱਕ ਚੁਣੇ ਹੋਏ ਪ੍ਰਤੀਨਿਧਾਂ ਦਾ ਸਵਾਲ ਹੈ, ਉਸ ਵਿੱਚ ਅਕਾਲੀ ਦਲ (ਵਾਰਸ ਪੰਜਾਬ ਦੇ) ਸਭ ਤੋਂ ਮੋਹਰੀ ਵਿਖਾਈ ਦਿੰਦਾ ਹੈ, ਪਰ ਇਸ ਦਲ ਨੇ ਆਪਣਾ ਮਜਬੂਤ ਪਾਰਟੀ ਢਾਂਚਾ ਹਾਲੇ ਖੜ੍ਹਾ ਕਰਨਾ ਹੈ, ਜਿਸ ਤੋਂ ਬਿਨਾ ਪੰਜਾਬ ਦੀ ਚੋਣ ਸਿਆਸਤ ਵਿੱਚ ਇੱਕ ਮਜਬੂਤ ਧਿਰ ਬਣ ਕੇ ਉਭਰਨਾ ਖਾਮ ਖਿਆਲੀ ਤੋਂ ਵੱਧ ਕੁਝ ਨਹੀਂ ਹੋਵੇਗਾ। ਇਸ ਤੋਂ ਇਲਾਵਾ ਮੁੱਢ ਵਿੱਚ ਇਸ ਧੜੇ ਨੂੰ ਹੋਰ ਭਰਾਤਰੀ ਅਕਾਲੀ ਧਿਰਾਂ ਨਾਲ ਗੱਠਜੋੜ ਵੱਲ ਵੀ ਵਧਣਾ ਪੈ ਸਕਦਾ ਹੈ। ਪਾਰਟੀ ਸੰਗਠਨ ਦੇ ਪੱਖ ਤੋਂ ਅਕਾਲੀ ਦਲ (ਬਾਦਲ) ਹਾਲੇ ਵੀ ਬਾਕੀ ਅਕਾਲੀ ਧੜਿਆਂ ਦੇ ਮੁਕਾਬਲੇ ਮਜਬੂਤ ਜਾਪਦਾ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਉਸੇ ਦਾ ਹੀ ਕਬਜ਼ਾ ਹੈ; ਪਰ ਇਸ ਦੀ ਲੀਡਰਸ਼ਿਪ ਦੀ ਮਕਬੂਲੀਅਤ ਅਤੇ ਇਖਲਾਕੀ ਵਾਜ਼ਬੀਅਤ ਸਿੱਖ ਆਵਾਮ ਦੇ ਮਨਾਂ ਵਿੱਚ ਕਾਫੀ ਨੀਵੀਂ ਚਲੀ ਗਈ ਹੈ।

ਇਸ ਦੌਰ ਵਿੱਚ ਜਦੋਂ ਸਾਰੀਆਂ ਪਾਰਟੀਆਂ 2027 ਵਿੱਚ ਆ ਰਹੀਆਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਆਪਣੀਆਂ ਸਿਆਸੀ ਗੋਟੀਆਂ ਫਿੱਟ ਕਰ ਰਹੀਆਂ ਹਨ ਤਾਂ ਕੋਈ ਵੀ ਅਕਾਲੀ ਧਿਰ ਵਿਖਾਈ ਨਹੀਂ ਦਿੰਦੀ ਜਿਹੜੀ ਪੰਜਾਬ ਵਿੱਚ ਸਿੱਖ ਨੁਮਾਇੰਦਗੀ ਨੂੰ ਯਕੀਨੀ ਬਣਾ ਸਕੇ। ਸਿੱਖ ਆਵਾਮ ਪੰਜ ਮੈਂਬਰੀ ਭਰਤੀ ਕਮੇਟੀ ਅਤੇ ਅਕਾਲੀ ਦਲ ਵਾਰਸ ਪੰਜਾਬ ਦੇ ਵੱਲ ਉਮੀਦ ਦੀਆਂ ਨਜ਼ਰਾਂ ਨਾਲ ਵੇਖ ਰਿਹਾ ਹੈ।

ਸਿਮਰਨਜੀਤ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ (ਅੰਮ੍ਰਿਤਸਰ) ਦੀ ਰੜਕਵੀਂ ਹੋਂਦ ਤੋਂ ਭਾਵੇਂ ਕੋਈ ਇਨਕਾਰ ਨਹੀਂ ਕਰ ਸਕਦਾ, ਪਰ ਇਸ ਪਾਰਟੀ ਤੋਂ ਪੰਜਾਬ ਵਿੱਚ ਸਰਕਾਰ ਬਣਾ ਲੈਣ ਦੀ ਸਮਰਥਾ ਪੰਜਾਬ ਦੇ ਲੋਕਾਂ ਨੇ ਤਿਆਗ ਦਿੱਤੀ ਹੋਈ ਹੈ। ਇਸ ਹਾਲਤ ਵਿੱਚ ਪੰਜ ਮੈਂਬਰੀ ਕਮੇਟੀ ਅਤੇ ਅਕਾਲੀ ਦਲ ਵਾਰਸ ਪੰਜਾਬ ਦੇ ਵਾਲੀਆਂ ਧਿਰਾਂ ਹੀ ਹਨ, ਜੋ ਪੰਜਾਬ ਵਿੱਚ ਸਿੱਖ ਨੁਮਾਇੰਦਗੀ ਨੂੰ ਯਕੀਨੀ ਬਣਾ ਸਕਦੀਆਂ ਹਨ। ਇਨ੍ਹਾਂ ਦੋਹਾਂ ਧਿਰਾਂ ਨੂੰ ਮੁੱਢ ਵਿੱਚ ਆਪਸ ਵਿੱਚ ਮਿਲ ਕੇ ਚੱਲਣ ਤੋਂ ਵੀ ਗੁਰੇਜ਼ ਨਹੀਂ ਕਰਨਾ ਚਾਹੀਦਾ। ਪੰਜਾਬ ਅਤੇ ਸਿੱਖ ਹਿੱਤਾਂ ਲਈ ਇੱਕ ਸੰਤੁਲਿਤ ਲਿਬਰਲ ਪਹੁੰਚ ਅਪਣਾ ਕੇ ਇਹ ਧਿਰਾਂ ਆਪਣੀ ਸਿਆਸਤ ਅੱਗੇ ਵਧਾ ਸਕਦੀਆਂ ਹਨ। ਬਸ਼ਰਤੇ ਕਿ ਇਹ ਪੰਜਾਬ ਦੇ ਅਸਲ ਮਸਲਿਆਂ 'ਤੇ ਬਿਨਾ ਕੋਈ ਸਮਝੌਤਾ ਕੀਤੇ ਪਾਰਲੀਮਾਨੀ ਸਿਆਸਤ ਕਰਦੀਆਂ ਰਹਿਣ। ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਇਸ ਦੀ ਜਿਉਂਦੀ ਜਾਗਦੀ ਮਿਸਾਲ ਹਨ।

# ਨਿਓਟਿਆਂ-ਨਿਆਸਰਿਆਂ ਦਾ ਪੱਖ ਪੂਰਦੇ ਰਹੇ ਪੋਪ ਫਰਾਂਸਿਸ

*...ਸਫਾ ਇੱਕ ਦੀ ਬਾਕੀ ⇒*

ਚਰਚ ਵੱਲੋਂ ਚਲਾਏ ਜਾਂਦੇ ਸਕੂਲਾਂ ਵਿੱਚ ਮਾਰੇ ਗਏ ਕੈਨੇਡਾ ਦੇ ਮੂਲ ਨਿਵਾਸੀਆਂ ਦੇ ਬੱਚਿਆਂ ਲਈ ਵੀ ਮੁਆਫੀ ਮੰਗ ਲਈ ਸੀ।

ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਜਦੋਂ ਕਾਗਜ਼ ਪੱਤਰ ਤੋਂ ਵਿਹੂਣੇ ਪਰਵਾਸੀਆਂ ਨੂੰ ਆਪੋ-ਆਪਣੇ ਦੇਸ਼ਾਂ ਵਿੱਚ ਭੇਜਣ ਦਾ ਸੁਆਲ ਉਠਿਆ ਤਾਂ ਉਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਨੂੰ ਟੋਕਦਿਆਂ ਕਿਹਾ ਸੀ ਕਿ, 'ਅਜਿਹਾ ਕਰਨਾ ਇਸਾਈਅਤ ਦੇ ਮਾਰਗ ਦਾ ਹਿੱਸਾ ਨਹੀਂ ਹੈ।' ਸੰਸਾਰ ਦੀ ਕਿਸੇ ਵੱਡੀ ਸੰਸਥਾ ਦਾ ਮੁਖੀ ਕਿਸੇ ਬਿਹਤਰ ਇਨਸਾਨ ਦੇ ਬਣ ਜਾਣ ਪਿੱਛੋਂ ਇਹ ਸੰਸਥਾਵਾਂ ਕਿਸ ਤਰ੍ਹਾਂ ਆਪਣੇ ਉਚੇਰੇ ਆਦਰਸ਼ਾਂ ਵੱਲ ਕਰਮਸ਼ੀਲ ਹੋ ਜਾਂਦੀਆਂ ਹਨ, ਪੋਪ ਫਰਾਂਸਿਸ ਇਸ ਦੀ ਜਿਉਂਦੀ ਜਾਗਦੀ ਮਿਸਾਲ ਸਨ। ਮਰਹੂਮ ਪੋਪ ਨੇ ਜ਼ਿੰਦਗੀ ਦੇ ਅੰਤਿਮ ਬੋਲਾਂ ਵਿੱਚ ਕਿਹਾ, 'ਧਾਰਮਿਕ ਆਜ਼ਾਦੀ ਤੋਂ ਬਿਨਾ ਦੁਨੀਆਂ ਵਿੱਚ ਸੁੱਖ ਸ਼ਾਂਤੀ ਨਹੀਂ ਹੋ ਸਕਦੀ।' ਅਸਲ ਧਾਰਮਿਕ ਵਿਅਕਤੀ ਦਾ ਇਹ ਬੇਹੱਦ ਉਚੇਰਾ ਪ੍ਰਵਚਨ ਹੈ, ਜਿਸ ਨੂੰ ਸਾਡੇ ਵਰਗੇ ਮੁਲਕਾਂ ਦੇ ਹਾਕਮਾਂ ਨੂੰ ਸੁਣਨਾ ਅਤੇ ਅਮਲ ਵਿੱਚ ਲਿਆਉਣਾ ਚਾਹੀਦਾ ਹੈ।

ਪੋਪ ਫਰਾਂਸਿਸ ਦਾ ਪਹਿਲਾ ਨਾਂ ਜੌਰਜ ਮਾਰੀਓ ਬੇਰਗੋਗਲੀਓ ਸੀ ਅਤੇ ਰੋਮ ਦੇ ਬਿਸ਼ਪ ਬਣਨ ਪਿੱਛੋਂ ਉਨ੍ਹਾਂ ਆਪਣੇ ਆਪ ਨੂੰ ਪੋਪ ਫਰਾਂਸਿਸ ਅਖਵਾਉਣਾ ਸ਼ੁਰੂ ਕੀਤਾ ਸੀ। ਲਾਤੀਨੀ ਅਮਰੀਕਾ ਦੇ ਦੇਸ਼ਾਂ ਨਾਲ ਸੰਬੰਧਤ ਉਹ ਪਹਿਲੇ ਪੋਪ ਸਨ। 2022 ਵਿੱਚ ਉਨ੍ਹਾਂ ਕੈਨੇਡਾ ਦੇ ਰੈਜ਼ੀਡੈਂਸ਼ੀਅਲ ਸਕੂਲ ਢਾਂਚੇ ਦੇ ਮੈਂਬਰਾਂ ਵੱਲੋਂ ਕੈਨੇਡੀਅਨ ਮੂਲ ਨਿਵਾਸੀਆਂ ਦੇ ਬੱਚਿਆਂ ਦੀਆਂ ਮੌਤਾਂ 'ਤੇ ਮੁਆਫੀ ਮੰਗ ਕੇ ਸਾਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਸੀ। ਕੁਝ ਮਹੀਨੇ ਬਾਅਦ ਇਸ ਘਟਨਾਕ੍ਰਮ ਨੂੰ ਉਨ੍ਹਾਂ ਨੇ ਕੈਨੇਡਾ ਦੇ ਸਥਾਨਕ ਲੋਕਾਂ ਦੀ 'ਸੱਭਿਆਚਾਰਕ ਨਸਲਕੁਸ਼ੀ' ਵੀ ਕਰਾਰ ਦਿੱਤਾ ਸੀ। ਆਪਣੇ ਸ਼ੁਰੂ ਦੇ ਕਾਲ ਤੋਂ ਹੀ ਉਨ੍ਹਾਂ ਨੇ ਰਵਾਇਤ ਤੋਂ ਹਟ ਕੇ ਚੱਲਣ ਵੱਲ ਇਸ਼ਾਰਾ ਕਰ ਦਿੱਤਾ ਸੀ। ਉਨ੍ਹਾਂ ਉਸ ਸ਼ਾਹੀ ਰਿਹਾਇਸ਼ ਵਿੱਚ ਰਹਿਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਵਿੱਚ ਉਨ੍ਹਾਂ ਤੋਂ ਪਹਿਲਾਂ ਵਾਲੇ ਪੋਪ ਰਿਹਾ ਕਰਦੇ ਸਨ ਅਤੇ ਆਪਣੇ ਵਸੇਬੇ ਲਈ ਵੈਟੀਕਨ ਵਿੱਚ ਹੀ ਇੱਕ ਛੋਟਾ ਗੈਸਟ ਰੂਮ ਲੈ ਲਿਆ ਸੀ।

ਪੋਪ ਫਰਾਂਸਿਸ ਨੇ ਇੱਕ 'ਫੀਟ ਵਾਸ਼ਿੰਗ ਸੈਰਾਮਨੀ' (ਪੈਰ ਧੋਣ ਦੀ ਪਰੰਪਰਾ) ਤਹਿਤ ਜੇਲ੍ਹ ਦੇ ਕੈਦੀਆਂ ਦੇ ਪੈਰ ਧੋਤੇ ਸਨ, ਜਿਨ੍ਹਾਂ ਵਿੱਚ ਗੈਰ-ਈਸਾਈ ਅਤੇ ਔਰਤਾਂ ਵੀ ਸ਼ਾਮਲ ਸਨ। ਜੁਲਾਈ 2013 ਵਿੱਚ ਇੱਕ ਰਿਪੋਰਟਰ ਵੱਲੋਂ ਪੁੱਛੇ ਗਏ ਸਵਾਲ ਵਿੱਚ ਉਨ੍ਹਾਂ ਗੇਅ ਭਾਈਚਾਰੇ ਨਾਲ ਵਿਤਕਰੇ ਨੂੰ ਵੀ ਅਨਿਆਂਪੂਰਣ ਕਿਹਾ ਸੀ। ਬਾਅਦ ਵਿੱਚ ਉਨ੍ਹਾਂ ਸੇਮ-ਸੈਕਸ ਲੋਕਾਂ ਅਤੇ ਉਨ੍ਹਾਂ ਦੇ ਅਪਣਾਏ ਬੱਚਿਆਂ ਨੂੰ ਇਸਾਈ ਧਾਰਮਿਕ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਵੀ ਕੀਤਾ ਸੀ। ਉਨ੍ਹਾਂ ਦਾ ਵਤੀਰਾ ਰਫਿਊਜੀਆਂ ਅਤੇ ਵਿਕਸਤ ਦੇਸ਼ਾਂ ਵੱਲ ਪਰਵਾਸ ਕਰਨ ਵਾਲੇ ਲੋਕਾਂ ਪ੍ਰਤੀ ਬੇਹੱਦ ਦਇਆ ਪੂਰਨ ਸੀ।

ਪੋਪ ਫਰਾਂਸਿਸ ਮਨੁੱਖੀ ਗਤੀਵਿਧਿਆਂ ਕਾਰਨ ਕੁਦਰਤੀ ਚੌਗਿਰਦੇ ਵਿੱਚ ਆ ਰਹੀਆਂ ਤਬਦੀਲੀਆਂ ਬਾਰੇ ਬੇਹੱਦ ਚਿੰਤਤ ਸਨ। ਉਨ੍ਹਾਂ ਇਸ ਮਸਲੇ ਨੂੰ ਲੈ ਕੇ 2015 ਵਿੱਚ ਮੌਸਮੀ ਤਬਦੀਲੀਆਂ ਸੰਬੰਧੀ ਕੈਥੋਲਿਕ ਇਸਾਈ ਚਰਚ ਦਾ ਪਹਿਲਾ ਦਸਤਾਵੇਜ਼ ਜਾਰੀ ਕੀਤਾ। ਉਨ੍ਹਾਂ ਬਸਤੀਵਾਦੀ ਦੌਰ ਦੇ ਪੱਖ ਵਿੱਚ ਚਰਚ ਵੱਲੋਂ ਨਿਭਾਈ ਗਈ ਭੂਮਿਕਾ ਦੀ ਕਈ ਵਾਰ ਨਿੰਦਾ ਕੀਤੀ ਅਤੇ ਇਸ ਦੌਰਾਨ ਸਥਾਨਕ ਲੋਕਾਂ ਨਾਲ ਹੋਈਆਂ ਵਧੀਕੀਆਂ ਲਈ ਮੁਆਫੀ ਮੰਗੀ। ਉਨ੍ਹਾਂ ਨੇ ਸੇਂਟ ਪੀਟਰ ਸਿਕੁਏਅਰ ਤੋਂ ਆਪਣੇ ਆਖਰੀ ਸੰਬੋਧਨ ਵਿੱਚ 18 ਮਹੀਨੇ ਤੋਂ ਚੱਲ ਰਹੀ ਗਾਜ਼ਾ ਜੰਗ ਨੂੰ ਬੰਦ ਕਰਨ ਦੀ ਵਾਰ-ਵਾਰ ਅਪੀਲਾਂ ਕੀਤੀਆਂ। ਉਨ੍ਹਾਂ ਇੱਥੋਂ ਤੱਕ ਕਿਹਾ ਕਿ ਗਾਜ਼ਾ ਵਿੱਚ ਕੀਤੇ ਜਾ ਰਹੇ ਨਸਲਘਾਤ ਦੀ ਪੜਤਾਲ ਕੀਤੀ ਜਾਣੀ ਚਾਹੀਦੀ ਹੈ। 2024 ਵਿੱਚ ਇੱਕ ਸਵੀਡਨ ਆਧਾਰਿਤ ਰੇਡੀਓ ਨਾਲ ਇੰਟਰਵਿਊ ਵਿੱਚ ਉਨ੍ਹਾਂ ਕਿਹਾ ਸੀ ਕਿ ਯੂਕਰੇਨ ਨੂੰ ਰੂਸ ਨਾਲ ਜੰਗਬੰਦੀ ਲਈ ਸਮਝੌਤਾ ਕਰ ਲੈਣਾ ਚਾਹੀਦਾ ਹੈ; ਪਰ ਬਾਅਦ ਵਿੱਚ ਜਦੋਂ ਯੂਕਰੇਨ ਦੇ ਰਾਸ਼ਟਰਪਤੀ ਨੇ ਇਸ 'ਤੇ ਜ਼ੋਰਦਾਰ ਪ੍ਰਤੀਕਰਮ ਪ੍ਰਗਟ ਕੀਤਾ ਤਾਂ ਉਨ੍ਹਾਂ ਸਾਫ ਕਰ ਦਿੱਤਾ ਸੀ ਕਿ ਉਨ੍ਹਾਂ ਦਾ ਮਕਸਦ ਇਹ ਨਹੀਂ ਹੈ ਕਿ ਯੂਕਰੇਨ ਆਤਮ ਸਮਰਪਣ ਕਰ ਦੇਵੇ।

ਪੋਪ ਫਰਾਂਸਿਸ ਨੇ ਮਨੁੱਖੀ ਅਧਿਕਾਰਾਂ ਦੇ ਮਾਮਲੇ 'ਤੇ ਖੁੱਲ੍ਹ ਕੇ ਆਪਣਾ ਪੱਖ ਪੇਸ਼ ਕੀਤਾ। ਉਨ੍ਹਾਂ ਵੈਟੀਕਨ ਵਿੱਚ ਬਹੁਤ ਸਾਰੀਆਂ ਔਰਤਾਂ ਨੂੰ ਸੇਵਾਵਾਂ ਦੇਣ ਦੀ ਖੁੱਲ੍ਹ ਦਿੱਤੀ ਅਤੇ ਸੰਸਾਰ ਪੱਧਰੇ ਚਰਚ ਦੇ ਇਕੱਠਾਂ ਵਿੱਚ ਔਰਤਾਂ ਨੂੰ ਵੋਟ ਦੇ ਅਧਿਕਾਰ ਦੀ ਹਮਾਇਤ ਕੀਤੀ। ਪੋਪ ਫਰਾਂਸਿਸ ਦੀ ਉਂਝ ਸਭ ਤੋਂ ਵੱਡੀ ਵਿਰਾਸਤ ਤਾਂ ਇਹੋ ਮੰਨੀ ਜਾਵੇਗੀ ਕਿ ਉਨ੍ਹਾਂ ਕੈਥੋਲਿਕ ਚਰਚ ਨੂੰ ਯੂਰਪੀਅਨ ਘੇਰੇ ਤੋਂ ਬਾਹਰ ਕੱਢਿਆ ਅਤੇ ਘੱਟ ਵਿਕਸਤ ਮੁਲਕਾਂ ਤੱਕ ਪ੍ਰਚਾਰਿਆ। ਉਨ੍ਹਾਂ ਆਪਣੇ ਚਲਾਣੇ ਤੋਂ ਇੱਕ ਦਿਨ ਪਹਿਲਾਂ ਅਮਰੀਕਾ ਦੇ ਉੱਪ ਰਾਸ਼ਟਰਪਤੀ ਜੇ.ਡੀ. ਵੈਂਸ ਨਾਲ ਗੱਲਬਾਤ ਕੀਤੀ ਅਤੇ ਸੰਸਾਰ ਵਿੱਚ ਚੱਲ ਰਹੀਆਂ ਜੰਗਾਂ ਨੂੰ ਰੁਕਵਾਉਣ ਲਈ ਉਨ੍ਹਾਂ ਨੂੰ ਅਪੀਲ ਵੀ ਕੀਤੀ। ਕੁਝ ਹੋਰ ਮਾਮਲਿਆਂ ਵਿੱਚ ਪੋਪ ਫਰਾਂਸਿਸ ਦੀ ਪਹੁੰਚ ਰਵਾਇਤੀ ਸੀ, ਫਿਰ ਵੀ ਉਨ੍ਹਾਂ ਆਪਣੇ ਸਮੇਂ ਵਿੱਚ ਖੜ੍ਹੇ ਹੋਏ ਔਖੇ ਸਵਾਲਾਂ ਦੇ ਆਸਾਨ ਤੇ ਵਾਜਬ ਉੱਤਰ ਦੇਣ ਦਾ ਯਤਨ ਕੀਤਾ। ਉਨ੍ਹਾਂ ਗਰਭਪਾਤ ਦਾ ਵਿਰੋਧ ਕਰਦਿਆਂ ਕਿਹਾ ਕਿ ਗਰਭ ਵਿੱਚ ਵੀ ਬੱਚੇ ਦੇ ਅਧਿਕਾਰਾਂ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ 2022 ਵਿੱਚ ਅਮਰੀਕੀ ਸੁਪਰੀਮ ਕੋਰਟ ਵੱਲੋਂ ਅਬੌਰਸ਼ਨ ਦੇ ਅਧਿਕਾਰ ਨੂੰ ਵਾਪਸ ਲੈਣ ਦੀ ਹਮਾਇਤ ਕੀਤੀ। ਕੈਥੋਲਿਕ ਚਰਚ ਵਿੱਚ ਸੁਧਾਰ ਦੀ ਉਨ੍ਹਾਂ ਵੱਲੋਂ ਤੋਰੀ ਗਈ ਇਹ ਕੋਸ਼ਿਸ਼ ਅਗਾਂਹ ਜਾਰੀ ਰਹਿ ਸਕੇਗੀ ਜਾਂ ਨਹੀਂ, ਇਸ ਬਾਰੇ ਸਹੀ ਉੱਤਰ ਰੋਮਨ ਕੈਥੋਲਿਕ ਚਰਚ ਦਾ ਭਵਿੱਖੀ ਅਮਲ ਹੀ ਦੇ ਸਕਦਾ ਹੈ।

# ਨਸਲਾਂ ਵਾਲੀ ਗੱਲ ਲੋਕ ਨਸਲਾਂ ਤੱਕ ਨਹੀਂ ਭੁੱਲਦੇ !

ਸਿਆਸੀ ਤਨਜ਼



ਮੁਹੰਮਦ ਹਨੀਫ਼

ਲੱਗਦਾ ਸੀ ਜਨਰਲ ਆਸਿਮ ਮੁਨੀਰ ਚੁੱਪ-ਚੁਪੀਤੇ ਡੰਡਾ ਚਲਾਉਣ ਵਾਲੇ ਜਨਰਲ ਹਨ। ਨਾ ਸਾਫ਼ੀਆਂ ਨੂੰ ਮਿਲਦੇ ਹਨ, ਨਾ ਸਵੇਰੇ ਉੱਠ ਯੂਟਿਊਬਰਾਂ ਨੂੰ ਸੁਣਦੇ ਹਨ। ਨਵੇਂ-ਨਵੇਂ ਪ੍ਰੋਜੈਕਟਾਂ 'ਤੇ ਤਖ਼ਤੀਆਂ ਲਗਵਾ ਕੇ ਫੀਤੇ ਕੱਟੀ ਜਾਂਦੇ ਹਨ। ਸ਼ਹੀਦਾਂ ਦੇ ਜਨਾਜ਼ੇ ਨੂੰ ਮੋਢਾ ਦਈ ਜਾਂਦੇ ਹਨ ਅਤੇ ਨਾਲ-ਨਾਲ ਆਪਣਾ ਡੰਡਾ ਚਲਾਈ ਜਾਂਦੇ ਹਨ; ਪਰ ਪਿਛਲੇ ਹਫ਼ਤੇ ਬੋਲੇ ਤਾਂ ਗੱਜ-ਵੱਜ ਬੋਲੇ ਹਨ। ਉਹ ਚਾਹੁੰਦੇ ਤਾਂ ਟੀ.ਵੀ. 'ਤੇ ਆ ਕੇ ਕੌਮ ਨਾਲ ਖ਼ਿਤਾਬ ਵੀ ਕਰ ਸਕਦੇ ਸਨ। ਮਿਨਾਰ-ਏ-ਪਾਕਿਸਤਾਨ ਜਲਸਾ ਵੀ ਹੋ ਸਕਦਾ ਸੀ। ਆਖ਼ਰ ਹਕੂਮਤ ਵੀ ਉਨ੍ਹਾਂ ਦੀ ਆਪਣੀ ਹੈ ਤੇ ਮੀਡੀਆ ਵੀ ਆਪਣਾ; ਪਰ ਉਨ੍ਹਾਂ ਨੇ ਆਪਣੇ ਖ਼ਿਤਾਬ ਲਈ ਕੌਮ ਵੀ ਬਾਹਰੋਂ ਇੰਪੋਰਟ ਕਰ ਲਈ, ਓਵਰਸੀਜ਼ ਪਾਕਿਸਤਾਨੀ ਜਿਨ੍ਹਾਂ ਨੇ ਤਾੜੀਆਂ ਮਾਰ-ਮਾਰ ਕੇ, ਨਾਅਰੇ ਲਗਾ-ਲਗਾ ਕੇ ਜਨਰਲ ਸਾਬ੍ਹ ਦਾ ਜੀਅ ਖ਼ੁਸ਼ ਕਰ ਦਿੱਤਾ। ਜਨਰਲ ਸਾਬ੍ਹ ਨੇ ਵੀ ਪਾਕਿਸਤਾਨੀਆਂ ਨੂੰ ਦਿਖਾ ਦਿੱਤਾ- ਵੇਖੋ ਇਹ ਹੁੰਦੀ ਹੈ ਕੌਮ, ਇਹ ਹੁੰਦਾ ਹੈ ਜਜ਼ਬਾ, ਤੁਸੀਂ ਬੱਸ ਇੱਥੇ ਬੈਠੇ ਰੋਂਦੇ ਹੀ ਰਹਿੰਦੇ ਹੋ।

ਮੈਨੂੰ ਜਨਰਲ ਸਾਬ੍ਹ ਦੀ ਤਕਰੀਰ ਸੁਣ ਕੇ ਥੋੜ੍ਹਾ ਜਿਹਾ ਡਰ ਲੱਗਾ। ਆਪਣੇ ਲਈ ਨਹੀਂ, ਮੁਲਕ ਲਈ ਨਹੀਂ, ਨਾ ਕੌਮ ਲਈ, ਆਪ ਜਨਰਲ ਸਾਬ੍ਹ ਦੀ ਬਿਸਾਤ ਲਈ; ਕਿਉਂਕਿ ਪਹਿਲੀ ਵਾਰ ਲੱਗਾ ਕਿ ਉਨ੍ਹਾਂ ਨੂੰ ਆਪਣੀ ਤਕਰੀਰ ਦਾ ਸਵਾਦ ਆ ਰਿਹਾ ਹੈ। ਸੁੱਚਲ ਅਰਬੀ ਵਿੱਚ ਆਇਤਾਂ, ਫੌਜੀ ਅੰਗਰੇਜ਼ੀ ਵਿੱਚ ਧਮਕੀਆਂ, ਨਾਲ ਹਲਕੀਆਂ-ਫੁਲਕੀਆਂ ਜੁਗਤਾਂ ਇਹ ਕਿ ਪਾਕਿਸਤਾਨ ਛੱਡ ਕੇ ਜਾਣਾ ਬ੍ਰੇਨ-ਡਰੇਨ ਨਹੀਂ ਬਲਕਿ ਬ੍ਰੇਨ-ਗੇਨ ਹੈ, ਫਿਰ ਕਮ-ਔਨ, ਫਿਰ ਤਾੜੀਆਂ।

ਫਿਰ ਥੋੜ੍ਹਾ ਜਿਹਾ ਸ਼ੱਕ ਇਹ ਵੀ ਹੋਇਆ ਕਿ ਤਕਰੀਰ ਜਨਰਲ ਸਾਬ੍ਹ ਨੇ ਸ਼ਾਇਦ ਆਪ ਹੀ ਲਿਖੀ ਹੈ। ਜਦੋਂ ਸਾਡਾ ਜਰਨਲ ਚੁੱਪ-ਚਾਪ ਡੰਡਾ ਚਲਾਉਣ ਦੀ ਬਜਾਇ ਆਪਣੇ-ਆਪ ਨੂੰ ਦਾਨਿਸ਼ਵਰ ਵੀ ਸਮਝਣ ਲੱਗ ਜਾਵੇ ਤੇ ਨਾਲ ਖਤੀਬ ਵੀ, ਤਾਂ ਸਮਝੋ ਕਿ ਔਖਾ ਵੇਲਾ ਸ਼ੁਰੂ ਹੋ ਗਿਆ ਹੈ। ਜਨਰਲ ਸਾਬ੍ਹ ਕੋਲ ਕੁਰਾਨ-ਪਾਕ ਦੀਆਂ ਆਇਤਾਂ ਹਨ ਅਤੇ ਨਾਲ ਹੀ ਬੰਦੂਕ ਵੀ ਹੈ। ਇਨ੍ਹਾਂ ਦੋਵਾਂ ਅੱਗੇ ਦਲੀਲ ਤਾਂ ਨਹੀਂ ਚੱਲ ਸਕਦੀ ਬੱਸ ਹੱਥ ਜੋੜ ਕੇ ਮਿੰਨਤ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਸਾਨੂੰ ਸਾਡਾ ਪੁਰਾਣਾ ਸਬਕ ਯਾਦ ਕਰਵਾਇਆ ਕਿ ਹਿੰਦੂ ਸਾਡਾ ਦੁਸ਼ਮਣ ਸੀ ਤੇ ਹੈ, ਅਸੀਂ ਉਸ ਦੀ 13 ਲੱਖ ਫੌਜ ਤੋਂ ਬਿਲਕੁਲ ਨਹੀਂ ਡਰਦੇ, ਗੁੱਡ ਹੋ ਗਿਆ।

ਉਨ੍ਹਾਂ ਨੇ ਫਰਮਾਇਆ ਕਿ ਕਸ਼ਮੀਰ ਅਜੇ ਵੀ ਸਾਡੀ ਸ਼ਾਹਰਗ ਹੈ। ਇਹ ਸੁਣ ਕੇ ਪਤਾ ਨਹੀਂ ਕਸ਼ਮੀਰੀਆਂ ਨੇ ਤਾੜੀਆਂ ਮਾਰੀਆਂ ਨੇ ਕਿ ਨਹੀਂ ਪਰ ਓਵਰਸੀਜ਼ ਪਾਕਿਸਤਾਨੀਆਂ ਨੇ ਮਾਰੀਆਂ। ਫਿਰ ਆ ਗਿਆ ਬਲੋਚਿਸਤਾਨ 'ਤੇ, ਕਿਹਾ ਕਿ ਇਹ 1500 ਬੰਦੇ ਸਾਡੇ ਕੋਲੋਂ ਬਲੋਚਿਸਤਾਨ ਖੋਹ ਲੈਣਗੇ! ਵੀ ਵਿਲ ਬੀਟ ਦਾ ਹੈੱਲ ਆਫ ਦੈੱਮ (ਅਸੀਂ ਇਨ੍ਹਾਂ ਸਾਰਿਆਂ ਨੂੰ ਸ਼ਿਕਸਤ ਦਿਆਂਗੇ)। ਇਨ੍ਹਾਂ ਦੀਆਂ 10 ਨਸਲਾਂ ਵੀ ਇਹ ਕੰਮ ਨਹੀਂ ਕਰ ਸਕਦੀਆਂ। ਜੇ ਉਨ੍ਹਾਂ ਦੇ ਦਫ਼ਤਰ ਕੋਈ ਸਿਆਣਾ ਬੈਠਾ ਹੁੰਦਾ ਤਾਂ ਉਨ੍ਹਾਂ ਦੇ ਕੰਨ ਵਿੱਚ ਕਹਿ ਦਿੰਦਾ ਕਿ ਸਾਨੂੰ ਇਹ ਨਸਲਾਂ ਵਾਲੀ ਗੱਲ ਨਹੀਂ ਕਰਨੀ ਚਾਹੀਦੀ।

ਦਰਅਸਲ, ਪਿਛਲੇ ਦਿਨੀਂ ਪਾਕਿਸਤਾਨ ਦੇ ਇਸਲਾਮਾਬਾਦ ਵਿੱਚ ਆਯੋਜਿਤ ਓਵਰਸੀਜ਼ ਪਾਕਿਸਤਾਨੀ ਕਨਵੈਨਸ਼ਨ-2025 ਦੇ ਸਮਾਗਮ ਵਿੱਚ ਫੌਜ ਮੁਖੀ ਜਨਰਲ ਆਸਿਮ ਮੁਨੀਰ ਨੇ ਕਸ਼ਮੀਰ ਅਤੇ ਹਿੰਦੂਆਂ ਬਾਰੇ ਇੱਕ ਬਿਆਨ ਦਿੱਤਾ ਸੀ। ਉਨ੍ਹਾਂ ਦੇ ਇਸ ਬਿਆਨ ਦੀ ਪਾਕਿਸਤਾਨ ਅਤੇ ਭਾਰਤ- ਦੋਵਾਂ ਵਿੱਚ ਚਰਚਾ ਹੋ ਰਹੀ ਹੈ। ਇਸ ਦੌਰਾਨ ਉਨ੍ਹਾਂ ਨੇ ਬਲੋਚਿਸਤਾਨ, ਭਾਰਤੀ ਫੌਜ, ਕਸ਼ਮੀਰ ਅਤੇ ਹਿੰਦੂਆਂ ਬਾਰੇ ਵੀ ਬਿਆਨ ਦਿੱਤੇ।



ਜਨਰਲ ਆਸਿਮ ਮੁਨੀਰ

***ਕਿਸੇ ਵੱਡੇ ਵਰਦੀ ਵਾਲੇ ਭਰਾ ਨੇ ਇਹ ਗੱਲ ਢਾਕੇ ਖੜ੍ਹੇ ਹੋ ਕੇ ਕੀਤੀ ਸੀ, ਉਨ੍ਹਾਂ ਦੀਆਂ ਨਸਲਾਂ ਤਾਂ ਨਹੀਂ ਬਦਲੀਆਂ ਪਰ ਸਾਡਾ ਜਿਓਗਰਾਫੀਆਂ (ਖੇਤਰਫ਼ਲ) ਬਦਲ ਗਿਆ। ਵੈਸੇ ਵੀ ਨਸਲਾਂ ਵਾਲੀ ਗੱਲ ਲੋਕ ਨਸਲਾਂ ਤੱਕ ਨਹੀਂ ਭੁੱਲਦੇ ਬਲਕਿ ਅੱਗੋਂ ਤੁਹਾਡੀ ਨਸਲ ਦਾ ਵੀ ਹਿਸਾਬ-ਕਿਤਾਬ ਮੰਗ ਲੈਂਦੇ ਹਨ।***

ਸਾਡੇ ਕਿਸੇ ਵੱਡੇ ਵਰਦੀ ਵਾਲੇ ਭਰਾ ਨੇ ਇਹ ਗੱਲ ਢਾਕੇ ਖੜ੍ਹੇ ਹੋ ਕੇ ਕੀਤੀ ਸੀ, ਉਨ੍ਹਾਂ ਦੀਆਂ ਨਸਲਾਂ ਤਾਂ ਨਹੀਂ ਬਦਲੀਆਂ ਪਰ ਸਾਡਾ ਜਿਓਗਰਾਫੀਆਂ (ਖੇਤਰਫ਼ਲ) ਬਦਲ ਗਿਆ। ਵੈਸੇ ਵੀ ਨਸਲਾਂ ਵਾਲੀ ਗੱਲ ਲੋਕ ਨਸਲਾਂ ਤੱਕ ਨਹੀਂ ਭੁੱਲਦੇ ਬਲਕਿ ਅੱਗੋਂ ਤੁਹਾਡੀ ਨਸਲ ਦਾ ਵੀ ਹਿਸਾਬ-ਕਿਤਾਬ ਮੰਗ ਲੈਂਦੇ ਹਨ।

ਮੁਕੱਦਮ ਕਿਤਾਬ ਤੇ ਡੰਡੇ ਦਾ ਜਵਾਬ ਤਾਂ ਕੋਈ ਨਹੀਂ, ਪਰ ਤਰੀਖ਼ ਆਪਣਾ ਹਿਸਾਬ-ਕਿਤਾਬ ਤਾਂ ਕਰ ਹੀ ਲੈਂਦੀ ਹੈ। ਜਨਰਲ ਆਸਿਮ-ਅਲ-ਮੁਨੀਰ ਵਿੱਚ ਕਈ ਲੋਕਾਂ ਨੂੰ ਆਪਣੇ ਵੱਡੇ ਮਰਦ-ਏ-ਮੋਮਨ ਜਨਰਲ ਜ਼ਿਆ-ਉਲ-ਹੱਕ ਦੀ ਝਲਕ ਨਜ਼ਰ ਆਉਂਦੀ ਹੈ। ਅੱਲ੍ਹਾ ਕਰੇ ਨਵੇਂ ਮਰਦ-ਏ-ਮੋਮਨ ਦਾ ਜਹਾਜ਼ ਖ਼ੈਰੀਂ ਉੱਡੇ ਤੇ ਲੈਂਡ ਕਰੇ। ਉਸ ਤੋਂ ਬਾਅਦ ਸਾਡੇ ਕੋਲ ਜਨਰਲ ਮੁਸ਼ੱਰਫ਼ ਸਨ ਜੋ ਡੰਡਾ ਵੀ ਚਲਾਉਂਦੇ ਰਹੇ ਤੇ ਨਾਲ-ਨਾਲ ਕੁਰਾਨੀ ਆਇਤਾਂ ਦੀ ਬਜਾਇ ਸਾਨੂੰ ਕੋਈ ਸੈਕੁਲਰ ਟਾਈਮ ਗੱਲਾਂ ਵੀ ਸਮਝਾਉਂਦੇ ਰਹੇ। ਆਖ਼ਰੀ ਸਾਲਾਂ ਵਿੱਚ ਉਹ ਵੀ ਓਵਰਸੀਜ਼ ਹੋ ਗਏ ਸਨ। ਅੱਲ੍ਹਾ ਬਖ਼ਸ਼ੇ ਜਨਾਜ਼ਾ ਵੀ ਉਨ੍ਹਾਂ ਦਾ ਕਿਸੇ ਫੌਜੀ ਮੈੱਸ ਦੇ ਅੰਦਰ ਹੀ ਪੜ੍ਹਾਉਣਾ ਪਿਆ ਸੀ।

ਉਸ ਤੋਂ ਬਾਅਦ ਜਨਰਲ ਰਹੀਮ-ਸ਼ਰੀਫ਼ ਸਨ। ਉਹ ਸੀ ਸੁਣਿਆ ਕਿ ਕੋਈ ਅੱਧੇ-ਪੁੱਚੱਧੇ ਓਵਰਸੀਜ਼ ਹੀ ਹਨ। ਇਹ ਤਾਂ ਪੁਰਾਣੀਆਂ ਗੱਲਾਂ ਨੇ, ਇਸ ਮੁਲਕ ਵਿੱਚ ਛੇ ਸਾਲ ਤੱਕ ਜਨਰਲ ਕਮਰ ਜਾਵੇਦ ਬਾਜਵਾ ਦਾ ਡੰਡਾ ਚੱਲਦਾ ਰਿਹਾ। ਪਰ ਹੁਣ ਅਨਾਰਕਲੀ ਜਾ ਕੇ ਨਾਸ਼ਤਾ ਵੀ ਨਹੀਂ ਕਰ ਸਕਦੇ। ਉਨ੍ਹਾਂ ਨੂੰ ਪਤਾ ਨਹੀਂ ਕੌਮ ਅੱਗੋਂ ਕਿਸ ਤਰ੍ਹਾਂ ਦਾ ਪਿਆਰ ਦੇਵੇਗੀ। ਉਹ ਆਪਣੇ ਮੁਲਕ ਵਿੱਚ ਰਹਿ ਕੇ ਵੀ ਓਵਰਸੀਜ਼ ਹੋ ਗਏ ਸਨ।

ਜੋ ਤਕਰੀਰ ਸੁਣਨ ਆਏ, ਉਹ ਤਾੜੀਆਂ ਮਾਰ ਕੇ, ਨਾਅਰੇ ਲਗਾ ਕੇ, ਲੰਚ-ਡਿਨਰ ਕਰ ਕੇ ਆਪਣੇ ਮੁਲਕ ਵਾਪਸ ਤੁਰ ਗਏ ਹਨ। ਬਾਕੀ ਮੁਲਕ ਵੀ ਇੱਥੇ, ਕੌਮ ਵੀ ਇੱਥੇ। ਇਹ ਘੋੜਾ ਤੇ ਇਹ ਘੋੜੇ ਦਾ ਮੈਦਾਨ। ਜਦੋਂ ਵੇਲਾ ਆਇਆ ਤਾਂ ਜਨਰਲ ਸਾਬ੍ਹ ਨੂੰ ਸ਼ੱਕ ਹੈ ਕਿ ਉਨ੍ਹਾਂ ਨੂੰ ਵੀ ਸ਼ਾਇਦ ਓਵਰਸੀਜ਼ ਹੋਣਾ ਪਵੇ। ਇਸ ਲਈ ਉਨ੍ਹਾਂ ਨਾਲ ਹੁਣ ਤੋਂ ਹੀ ਭਰਾਬੰਦੀ ਕਰ ਲਈਏ!

ਵਧਦੇ ਕਦਮ...

# ਧਰਤੀ ਤੋਂ 700 ਟ੍ਰਿਲੀਅਨ ਮੀਲ ਦੂਰ ਜੀਵਨ ਦੇ ਸੰਕੇਤ ਮਿਲੇ



ਗਿਆਨ-ਵਿਗਿਆਨ

ਪੱਲਬ ਘੋਸ਼

ਵਿਗਿਆਨੀਆਂ ਨੂੰ ਧਰਤੀ ਤੋਂ 700 ਟ੍ਰਿਲੀਅਨ ਮੀਲ ਦੂਰ ਇੱਕ ਗ੍ਰਹਿ 'ਤੇ ਜੀਵਨ ਦੇ ਸਬੂਤ ਮਿਲੇ ਹਨ। ਫਿਲਹਾਲ ਇਹ ਸਬੂਤ ਓਨੇ ਪੱਕੇ ਤਾਂ ਨਹੀਂ ਹਨ, ਪਰ ਇਹ ਆਸ ਜਾਗੀ ਹੈ ਕਿ ਇੱਕ ਤਾਰੇ ਦੁਆਲੇ ਚੱਕਰ ਕੱਟ ਰਹੇ ਇਸ ਗ੍ਰਹਿ 'ਤੇ ਜੀਵਨ ਹੋ ਸਕਦਾ ਹੈ। ਕੈਂਬਰਿਜ ਦੇ ਵਿਗਿਆਨੀਆਂ ਦੀ ਇੱਕ ਟੀਮ K2-18B ਗ੍ਰਹਿ (ਗ੍ਰਹਿ ਨੂੰ ਇਹ ਨਾਮ ਦਿੱਤਾ ਗਿਆ ਹੈ) ਦੇ ਵਾਯੂਮੰਡਲ ਦਾ ਅਧਿਐਨ ਕਰ ਰਹੀ ਹੈ। ਟੀਮ ਨੇ ਉੱਥੇ ਅਜਿਹੇ ਅਣੂਆਂ ਦੇ ਸੰਕੇਤ ਖੋਜੇ ਹਨ, ਜੋ ਧਰਤੀ 'ਤੇ ਪਾਏ ਜਾਂਦੇ ਹਨ ਅਤੇ ਜੋ ਸਿਰਫ ਆਮ ਸੂਖਮ ਜੀਵਾਂ ਦੁਆਰਾ ਪੈਦਾ ਕੀਤੇ ਜਾਂਦੇ ਹਨ। ਇਹ ਦੂਜੀ ਵਾਰ ਹੈ, ਜਦੋਂ ਕਿਸੇ ਗ੍ਰਹਿ ਦੇ ਵਾਯੂਮੰਡਲ ਵਿੱਚ ਜੀਵਨ ਨਾਲ ਸਬੰਧਤ ਰਸਾਇਣ ਪਾਏ ਗਏ ਹਨ; ਅਤੇ ਇਸ ਵਾਰ ਇਹ ਕਿਸੇ ਗ੍ਰਹਿ 'ਤੇ ਜੀਵਨ ਦੀ ਜ਼ਿਆਦਾ ਸੰਭਾਵਨਾ ਜਤਾ ਰਹੇ ਹਨ। ਇਹ ਸਿਗਨਲ ਨਾਸਾ ਦੇ ਜੇਮਸ ਵੈੱਬ ਸਪੇਸ ਟੈਲੀਸਕੋਪ ਰਾਹੀਂ ਖੋਜੇ ਗਏ ਹਨ। ਵਿਗਿਆਨੀਆਂ ਦੀ ਟੀਮ ਅਤੇ ਸੁਤੰਤਰ ਖਗੋਲ ਵਿਗਿਆਨੀਆਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਹੈ ਕਿ ਇਨ੍ਹਾਂ ਨਤੀਜਿਆਂ ਦੀ ਪੁਸ਼ਟੀ ਕਰਨ ਲਈ ਅਜੇ ਹੋਰ ਡੇਟਾ ਦੀ ਲੋੜ ਹੋਵੇਗੀ।

ਪ੍ਰੋਫੈਸਰ ਨਿੱਕੂ ਮਧੂਸੂਦਨ ਨੇ ਇਸ ਖੋਜ ਦੀ ਅਗਵਾਈ ਕੀਤੀ ਹੈ। ਉਨ੍ਹਾਂ ਨੇ ਕੈਂਬਰਿਜ ਯੂਨੀਵਰਸਿਟੀ ਦੇ ਖਗੋਲ ਵਿਗਿਆਨ ਸੰਸਥਾਨ ਵਿਖੇ ਆਪਣੀ ਪ੍ਰਯੋਗਸ਼ਾਲਾ ਵਿੱਚ ਗੱਲ ਕਰਦਿਆਂ ਕਿਹਾ, "ਸੰਭਵ ਹੈ ਕਿ ਉੱਥੇ ਜੀਵਨ ਹੋਣ ਦਾ ਇਹ ਹੁਣ ਤੱਕ ਦਾ ਸਭ ਤੋਂ ਮਜਬੂਤ ਸਬੂਤ ਹੈ। ਮੈਂ ਵਾਕਈ ਕਹਿ ਸਕਦਾ ਹਾਂ ਕਿ ਅਸੀਂ ਇੱਕ-ਦੋ ਸਾਲ ਦੇ ਅੰਦਰ ਇਸ ਸੰਕੇਤ ਦੀ ਪੁਸ਼ਟੀ ਕਰ ਸਕਦੇ ਹਾਂ।" ਇਹ ਗ੍ਰਹਿ K2-18B ਧਰਤੀ ਨਾਲੋਂ ਢਾਈ ਗੁਣਾ ਵੱਡਾ ਹੈ ਅਤੇ ਇਹ ਇੱਥੋਂ 700 ਟ੍ਰਿਲੀਅਨ ਮੀਲ ਦੂਰ ਹੈ। ਜੇਮਜ਼ ਵੈੱਬ ਸਪੇਸ ਟੈਲੀਸਕੋਪ ਇੰਨਾ ਸ਼ਕਤੀਸ਼ਾਲੀ ਹੈ ਕਿ ਇਹ ਇੱਕ ਨਿੱਕੇ ਲਾਲ ਸੂਰਜ ਤੋਂ ਆਉਣ ਵਾਲੀ ਰੌਸ਼ਨੀ ਰਾਹੀਂ ਇਸ ਗ੍ਰਹਿ ਦੀ ਰਸਾਇਣਕ ਰਚਨਾ ਦਾ ਵਿਸ਼ਲੇਸ਼ਣ ਕਰ ਸਕਦਾ ਹੈ। ਇਹ ਗ੍ਰਹਿ ਇਸ ਦੇ (ਸੂਰਜ) ਦੁਆਲੇ ਘੁੰਮਦਾ ਹੈ।

ਆਪਣੇ ਅਧਿਐਨ ਵਿੱਚ ਕੈਂਬਰਿਜ ਦੇ ਵਿਗਿਆਨੀਆਂ ਨੇ ਪਾਇਆ ਕਿ ਇਸ ਵਾਤਾਵਰਣ ਵਿੱਚ ਦੋ ਅਣੂਆਂ ਵਿੱਚੋਂ ਇੱਕ ਵਿੱਚ ਅਜਿਹੇ ਕੈਮੀਕਲ ਸਿਗਨੇਚਰ ਹਨ, ਜੋ ਜੀਵਨ ਨਾਲ ਸਬੰਧਤ ਹਨ। ਇਹ ਹਨ- ਡਿਮੀਥਾਈਲ ਸਲਫਾਈਡ ਅਤੇ ਡਿਮੀਥਾਈਲ ਡਾਈਸਲਫਾਈਡ। ਧਰਤੀ ਉੱਤੇ ਇਹ ਦੋਵੇਂ ਗੈਸਾਂ ਸਮੁੰਦਰੀ ਫੀਟੋਪਲੈਂਕਟਨ ਅਤੇ ਬੈਕਟੀਰੀਆ ਦੁਆਰਾ ਪੈਦਾ ਕੀਤੀਆਂ ਜਾਂਦੀਆਂ ਹਨ। ਪ੍ਰੋ. ਮਧੂਸੂਦਨ ਨੇ ਦੱਸਿਆ ਕਿ ਪਹਿਲੇ ਨਿਰੀਖਣ ਵਿੱਚ ਜਿੰਨੀ ਗੈਸ ਦਾ ਪਤਾ ਲੱਗਿਆ, ਇਹ ਦੇਖ ਕੇ ਉਹ ਹੈਰਾਨ ਹੀ ਰਹਿ ਗਏ। ਜਿਸ ਮਾਤਰਾ 'ਚ ਗੈਸ ਮਿਲੀ ਹੈ, ਉਹ ਧਰਤੀ 'ਤੇ ਮੌਜੂਦ ਅਜਿਹੀ ਗੈਸ ਦੀ ਮਾਤਰਾ ਨਾਲੋਂ ਹਜ਼ਾਰ ਗੁਣਾ ਜ਼ਿਆਦਾ ਹੈ। ਇਸ ਲਈ ਇੱਥੇ ਜੀਵਨ ਦੇ ਸੰਕੇਤ ਸੱਚ ਜਾਪਦੇ ਹਨ। ਇਸ ਗ੍ਰਹਿ 'ਤੇ ਜੀਵਨ ਵਧ-ਫੁੱਲ ਸਕਦਾ ਹੈ। ਪ੍ਰੋ. ਮਧੂਸੂਦਨ ਅਨੁਸਾਰ ਜੇ ਅਸੀਂ K2-18B 'ਤੇ ਜੀਵਨ ਦੀ ਪੁਸ਼ਟੀ ਕਰਨ ਦੇ ਯੋਗ ਹੋ ਜਾਂਦੇ ਹਾਂ, ਤਾਂ ਮੋਟੇ ਤੌਰ 'ਤੇ ਇਸ ਗੱਲ ਦੀ ਵੀ ਪੁਸ਼ਟੀ ਹੋ ਸਕਦੀ ਹੈ ਕਿ ਆਕਾਸ਼ਗੰਗਾ ਵਿੱਚ ਜੀਵਨ ਹੋਣਾ ਆਮ ਹੈ। ਫਿਲਹਾਲ ਇਸ ਨਾਲ ਬਹੁਤ ਸਾਰੇ ਕਿੰਤੂ-ਪ੍ਰੰਤੂ ਜੁੜੇ ਹੋਏ ਹਨ। ਪਹਿਲੀ ਗੱਲ ਇਹ ਹੈ ਕਿ ਹਾਲ ਹੀ ਦੇ ਸੰਕੇਤ ਉਸ ਮਿਆਰ 'ਤੇ ਨਹੀਂ ਪਹੁੰਚੇ ਹਨ, ਜਿੱਥੇ ਉਨ੍ਹਾਂ ਨੂੰ ਵਿਗਿਆਨਕ ਖੋਜ ਵਜੋਂ ਮਾਨਤਾ ਦਿੱਤੀ ਜਾ ਸਕੇ। ਇਸਦੇ ਲਈ ਖੋਜਕਰਤਾਵਾਂ ਨੂੰ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਹੈ ਕਿ ਉਨ੍ਹਾਂ ਦੇ ਨਤੀਜੇ ਸਹੀ ਹਨ ਅਤੇ ਇਹ ਸਿਰਫ਼ ਇੱਕ ਉਂਝ ਹੀ ਕੀਤਾ ਗਿਆ ਅਧਿਐਨ ਨਹੀਂ ਹੈ।

ਵਿਗਿਆਨੀਆਂ ਦੀ ਭਾਸ਼ਾ ਵਿੱਚ, ਵਿਗਿਆਨਕ ਖੋਜਾਂ ਦੇ ਨਤੀਜੇ 'ਫਾਈਵ ਸਿਗਮਾ' ਤੱਕ ਹੁੰਦੇ ਹਨ। ਨਵੇਂ ਗ੍ਰਹਿ ਤੋਂ ਮਿਲਣ ਵਾਲੇ ਸੰਕੇਤ, ਨਤੀਜਿਆਂ ਦੇ ਮਾਮਲੇ ਵਿੱਚ ਤਿੰਨ ਸਿਗਮਾ ਤੱਕ ਜਾਂਦੇ ਹਨ। ਨਤੀਜਿਆਂ ਦੇ ਲਿਹਾਜ਼ ਨਾਲ ਇਹ ਬਹੁਤ ਜ਼ਿਆਦਾ ਉਮੀਦ ਜਗਾਉਣ ਵਾਲਾ ਹੈ। ਹਾਲਾਂਕਿ ਇਹ 18 ਮਹੀਨੇ ਪਹਿਲਾਂ ਇੱਕ ਟੀਮ ਦੁਆਰਾ ਪ੍ਰਾਪਤ ਕੀਤੇ ਗਏ ਵਨ ਸਿਗਮਾ ਨਤੀਜੇ ਨਾਲੋਂ ਵੱਧ ਹੈ, ਜੋ ਕਿ ਸ਼ੁੱਧਤਾ ਦੇ ਮਾਮਲੇ ਵਿੱਚ 68 ਫੀਸਦੀ ਸੀ। ਉਸ ਸਮੇਂ ਇਸ ਨਤੀਜੇ ਬਾਰੇ ਬਹੁਤ ਖਦਸ਼ਾ ਸੀ।

ਈਡਨਬਰਗ ਯੂਨੀਵਰਸਿਟੀ ਅਤੇ ਸਕਾਟਲੈਂਡ ਦੇ ਐਸਟ੍ਰੋਨੋਮਰ ਰਾਇਲ ਦੇ ਪ੍ਰੋਫੈਸਰ ਕੈਥਰੀਨ ਹੇਮੰਸ ਦਾ ਕਹਿਣਾ ਹੈ ਕਿ ਕੈਂਬਰਿਜ ਟੀਮ ਨੇ ਭਾਵੇਂ ਫਾਈਵ ਸਿਗਮਾ ਨਤੀਜਾ ਪ੍ਰਾਪਤ ਕਰ ਲਿਆ ਹੈ, ਪਰ ਅੰਤਿਮ ਤੌਰ 'ਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਸ ਗ੍ਰਹਿ 'ਤੇ ਜੀਵਨ ਹੈ; ਪਰ ਇਹ ਸਵਾਲ ਅਜੇ ਵੀ ਬਣਿਆ ਹੋਇਆ ਹੈ ਕਿ ਇਹ ਗੈਸ ਕਿੱਥੋਂ ਪੈਦਾ ਹੋ ਰਹੀ ਹੈ। ਧਰਤੀ 'ਤੇ ਇਹ ਗੈਸ ਸਮੁੰਦਰ ਵਿੱਚ ਸੂਖਮ ਜੀਵਾਂ ਦੁਆਰਾ ਪੈਦਾ ਹੁੰਦੀ ਹੈ, ਪਰ ਠੋਸ ਅੰਕੜਿਆਂ ਤੋਂ ਬਗੈਰ ਅਸੀਂ ਨਿਸ਼ਚਿਤ ਤੌਰ 'ਤੇ ਇਹ ਨਹੀਂ ਕਹਿ ਸਕਦੇ ਕਿ ਕਿਸੇ ਏਲੀਅਨ (ਅਣਜਾਣ) ਗ੍ਰਹਿ 'ਤੇ ਗੈਸਾਂ ਦੀ ਇਹ ਉਤਪਤੀ ਜੈਵਿਕ ਤੌਰ 'ਤੇ ਹੀ ਹੈ।

ਵਿਗਿਆਨੀ ਕਈ ਹੋਰ ਸਮੂਹਾਂ ਨਾਲ ਮਿਲ ਕੇ ਇਹ ਅਧਿਐਨ ਕਰ ਰਹੇ ਹਨ ਕਿ ਕੀ ਲੈਬ 'ਚ ਨਿਰਜੀਵ ਚੀਜ਼ਾਂ ਨਾਲ ਡਿਮੀਥਾਈਲ ਸਲਫਾਈਡ ਅਤੇ ਡਿਮੀਥਾਈਲ ਡਾਈਸਲਫਾਈਡ ਬਣਾਏ ਜਾ ਸਕਦੇ ਹਨ। ਦੂਜੇ ਖੋਜ ਸਮੂਹਾਂ ਨੇ K2-18B ਤੋਂ ਪ੍ਰਾਪਤ ਡੇਟਾ ਦੇ ਆਧਾਰ 'ਤੇ ਕੁਝ ਵਿਕਲਪ ਸੁਝਾਏ ਹਨ, ਪਰ ਇਹ ਜੈਵਿਕ ਨਹੀਂ ਹਨ। ਡਿਮੀਥਾਈਲ ਸਲਫਾਈਡ ਤੇ ਡਿਮੀਥਾਈਲ ਡਾਈਸਲਫਾਈਡ ਦੀ ਮੌਜੂਦਗੀ ਅਤੇ ਇਸ ਗ੍ਰਹਿ ਦੀ ਬਣਤਰ ਬਾਰੇ ਵਿਗਿਆਨੀਆਂ ਵਿੱਚ ਕਾਫੀ ਬਹਿਸ ਚੱਲ ਰਹੀ ਹੈ। ਅਜਿਹਾ ਇਸ ਲਈ ਹੈ, ਕਿਉਂਕਿ ਬਹੁਤ ਸਾਰੇ ਖੋਜਕਰਤਾਵਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਇਸ ਗ੍ਰਹਿ 'ਤੇ ਇੱਕ ਸਮੁੰਦਰ ਹੈ, ਅਤੇ ਇੱਥੇ ਅਮੋਨੀਆ ਨਹੀਂ ਹੈ; ਕਿਉਂਕਿ ਅਮੋਨੀਆ ਸਮੁੰਦਰ ਜਾਂ ਇਸ ਤਰ੍ਹਾਂ ਦੇ ਪਾਣੀ ਵਾਲੇ ਖੇਤਰ ਦੁਆਰਾ ਸੋਖ ਲਿਆ ਜਾਂਦਾ ਹੈ।


ਕੈਂਬਰਿਜ ਯੂਨੀਵਰਸਿਟੀ ਦੇ ਪ੍ਰੋਫੈਸਰ ਓਲੀਵਰ ਸ਼ਾਰਟਲ ਅਨੁਸਾਰ ਇਸ ਸਥਿਤੀ ਦੀ ਵਿਆਖਿਆ, ਪਿਘਲੇ ਹੋਏ ਪੱਥਰਾਂ ਦੇ ਸਮੁੰਦਰ ਦੇ ਤੌਰ 'ਤੇ ਹੀ ਹੋ ਸਕਦੀ ਹੈ। ਸਾਨੂੰ ਦੂਜੇ ਤਾਰਿਆਂ ਦੀ ਪਰਿਕਰਮਾ ਕਰਨ ਵਾਲੇ ਗ੍ਰਹਿਆਂ ਬਾਰੇ ਜੋ ਕੁਝ ਵੀ ਪਤਾ ਹੈ, ਉਹ ਉਸ ਰੌਸ਼ਨੀ ਦੇ ਛੋਟੇ ਹਿੱਸੇ ਰਾਹੀਂ ਆਉਂਦਾ ਹੈ, ਜੋ ਉਨ੍ਹਾਂ ਦੇ ਵਾਯੂਮੰਡਲ ਨਾਲ ਟਕਰਾਉਂਦੀ ਹੈ; ਪਰ ਇਹ ਅਜਿਹੇ ਕਮਜ਼ੋਰ ਸੰਕੇਤ ਹਨ, ਜਿਨ੍ਹਾਂ 'ਤੇ ਅਸੀਂ ਗੌਰ ਕਰਨਾ ਹੈ। ਨਾਸਾ ਦੇ ਐਮਸ ਰਿਸਰਚ ਸੈਂਟਰ ਦੇ ਡਾਕਟਰ ਨਿਕੋਲਰ ਵੋਗੇਨ ਕਹਿੰਦੇ ਹਨ ਕਿ ਉਨ੍ਹਾਂ ਕੋਲ ਇਸ ਡੇਟਾ ਦੀ ਇੱਕ ਹੋਰ ਵਿਆਖਿਆ ਹੈ। ਉਨ੍ਹਾਂ ਨੇ ਜਿਹੜੀ ਖੋਜ ਪ੍ਰਕਾਸ਼ਿਤ ਕੀਤੀ ਹੈ, ਉਹ ਦੱਸਦੀ ਹੈ ਕਿ K2-18B ਇੱਕ ਗੈਸ ਦਾ ਇੱਕ ਸਮੂਹ ਹੈ, ਜਿਸਦੀ ਕੋਈ ਸਤ੍ਹਾ ਨਹੀਂ ਹੈ।

ਇਨ੍ਹਾਂ ਦੋਵੇਂ ਵਿਕਲਪਿਕ ਵਿਆਖਿਆਵਾਂ ਨੂੰ ਕਈ ਵਿਗਿਆਨਕ ਸਮੂਹਾਂ ਨੇ ਚੁਣੌਤੀ ਵੀ ਦਿੱਤੀ ਹੈ ਕਿ ਇਹ ਜੇਮਜ਼ ਵੈੱਬ ਸਪੇਸ ਟੈਲੀਸਕੋਪ ਤੋਂ ਪ੍ਰਾਪਤ ਡੇਟਾ ਨਾਲ ਇਹ ਵਿਆਖਿਆਵਾਂ ਮੇਲ ਨਹੀਂ ਖਾਂਦੀਆਂ। ਪ੍ਰੋ. ਮਧੂਸੂਦਨ ਦਾ ਮੰਨਣਾ ਹੈ ਕਿ ਉਨ੍ਹਾਂ ਨੇ ਵਿਗਿਆਨ ਦੇ ਸਭ ਤੋਂ ਵੱਡੇ ਸਵਾਲਾਂ ਵਿੱਚੋਂ ਇੱਕ (ਧਰਤੀ ਤੋਂ ਇਲਾਵਾ ਕਿਤੇ ਹੋਰ ਜੀਵਨ ਹੋਣ ਦਾ ਸਵਾਲ) ਦਾ ਜਵਾਬ ਦੇਣਾ ਹੈ, ਤਾਂ ਉਨ੍ਹਾਂ ਨੂੰ ਇਸ ਲਈ ਵਿਗਿਆਨ ਦੇ ਕਈ ਪਹਾੜ ਚੜ੍ਹਨੇ ਪੈਣਗੇ, ਪਰ ਉਨ੍ਹਾਂ ਦਾ ਮੰਨਣਾ ਹੈ ਕਿ ਉਹ ਅਤੇ ਉਨ੍ਹਾਂ ਦੀ ਟੀਮ ਸਹੀ ਰਸਤੇ 'ਤੇ ਹਨ।

# 'ਔਲਾਦ ਨਹੀਂ, ਜਾਨ ਵੱਧ ਪਿਆਰੀ ਹੁੰਦੀ ਏ!'

*ਸੰਨ ਸੰਤਾਲੀ ਦੇ ਬਟਵਾਰੇ ਦੀ ਮਾਰ ਜਿਸ ਨੂੰ ਪਈ ਹੈ, ਉਸ ਦਾ ਦਰਦ ਉਹੋ ਹੀ ਜਾਣਦੇ ਹਨ। ਉਦੋਂ ਬੜੇ ਲੋਕਾਂ ਦਾ ਬੜਾ ਕੁਝ ਗੁਆਚ ਗਿਆ- ਖਾਸ ਕਰ ਰਿਸ਼ਤੇ-ਨਾਤੇ! ਹਥਲੀ ਲਿਖਤ ਵਿੱਚ ਵਿਛੜਿਆਂ ਨੂੰ ਮਿਲਣ ਦੀ ਤਾਂਘ ਲਈ ਫਿਰਦੇ ਲੋਕਾਂ ਦੇ ਦਰਦ ਨੂੰ ਬਿਆਨਿਆ ਗਿਆ ਹੈ; ਜਿਵੇਂ ਸੰਤਾਲੀ ਦੀ ਵੰਡ ਦਾ ਭੰਨਿਆ ਮਾਨਸਿਕ ਤੌਰ 'ਤੇ ਜ਼ਖਮੀ ਹੋਇਆ ਰਫ਼ੀਕ ਉਮਰੋਂ ਪਹਿਲਾਂ ਬੁੱਢਾ ਹੋ ਗਿਆ ਸੀ। ਸੰਤਾਲੀ ਨੇ ਉਸ ਕੋਲੋਂ ਬਹੁਤ ਕੁਝ ਖੋਹ ਲਿਆ ਸੀ ਤੇ ਉਮਰਾਂ ਦੇ ਪਛਤਾਵੇ ਉਹਦੀ ਝੋਲੀ 'ਚ ਪਾ ਦਿੱਤੇ ਸਨ। ਅਜਿਹੀਆਂ ਹੀ ਅਭੁੱਲ, ਅਸਹਿ-ਅਕਹਿ ਗੱਲਾਂ ਦੀ ਗੰਢ ਨਾਮੀ ਕਲਮਕਾਰ ਸਾਂਵਲ ਧਾਮੀ ਨੇ ਕੁਝ ਇਸ ਲਹਿਜ਼ੇ 'ਚ ਖੋਲ੍ਹੀ ਹੈ ਕਿ ਉਮੀਦ ਕੀਤੀ ਜਾ ਸਕਦੀ ਹੈ, ਪਾਠਕ ਇਨ੍ਹਾਂ ਨੂੰ ਪਰੁੱਚ ਕੇ ਪੜ੍ਹਨਗੇ...। -ਪ੍ਰਬੰਧਕੀ ਸੰਪਾਦਕ*

## ਦੁੱਖੜੇ ਬਟਵਾਰੇ ਦੇ



**ਸਾਂਵਲ ਧਾਮੀ**
**ਫੋਨ:+91-9781843444**

ਵੰਡ ਵੇਲੇ ਲਾਹੌਰ ਦੇ ਚਾਰ ਥਾਣੇ ਭਾਰਤ ਦੇ ਹਿੱਸੇ ਆ ਗਏ ਤੇ ਵਲਟੋਹੀਏ ਬੈਠੇ-ਬਿਠਾਏ, ਲਾਹੌਰੀਆਂ ਤੋਂ ਅੰਮ੍ਰਿਤਸਰੀਏ ਬਣ ਗਏ। ਇਸ ਪਿੰਡ ਦੇ ਜੰਮ-ਪਲ ਪੰਡਤ ਅਮੀਰ ਚੰਦ ਅੱਜ-ਕਲ੍ਹ ਜਲੰਧਰ ਰਹਿ ਰਹੇ ਨੇ। ਸੰਤਾਲੀ ਦੇ ਆਰ-ਪਾਰ ਦੀਆਂ ਕਈ ਯਾਦਾਂ ਉਨ੍ਹਾਂ ਕੋਲ ਮਹਿਫ਼ੂਜ਼ ਪਈਆਂ ਨੇ।

"ਅੱਠਵੀਂ ਤੇ ਨੌਵੀਂ, ਇਹ ਦੋ ਜਮਾਤਾਂ ਮੈਂ ਕਸੂਰ 'ਚ ਪੜ੍ਹਿਆਂ ਸਾਂ। ਮੇਰਾ ਬਾਪ ਕਸੂਰ ਦੇ ਡੀ.ਏ.ਵੀ. ਸਕੂਲ 'ਚ ਉਸਤਾਦ ਸੀ। ਸਾਡਾ ਸਾਰਾ ਮੁਹੱਲਾ ਮੁਸਲਮਾਨਾਂ ਦਾ ਸੀ। ਨੌਕਰੀ ਛੱਡ ਕੇ ਸੰਨ ਛਿਆਲੀ 'ਚ ਮੇਰਾ ਬਾਪ ਪਿੰਡ ਮੁੜ ਆਇਆ ਸੀ। ਸੰਤਾਲੀ 'ਚ ਅਸੀਂ ਵਲਟੋਹੇ 'ਚ ਹੀ ਸਾਂ। ਸਾਡੇ ਪਿੰਡ ਕੋਈ ਖਾਸ ਵੱਢ-ਟੁੱਕ ਨਹੀਂ ਸੀ ਹੋਈ। ਘਰਿਆਲਾ ਤੇ ਵਰਨਾਲਾ ਮੁਸਲਮਾਨ ਜੱਟਾਂ ਦੇ ਪਿੰਡ ਸਨ। ਓਥੇ ਤਾਂ ਲਾਸ਼ਾਂ ਦੇ ਢੇਰ ਲੱਗ ਗਏ ਸਨ।

ਵੇਖਦਿਆਂ-ਵੇਖਦਿਆਂ, ਪਾਕਿਸਤਾਨ ਵੱਲੋਂ ਹਿੰਦੂ-ਸਿੱਖਾਂ ਦੇ ਕਾਫ਼ਲੇ ਆਉਣ ਡਹਿ ਪਏ ਸਨ। ਉੱਜੜੇ-ਪੁੱਜੜੇ! ਨੰਗੇ-ਪੈਰ, ਪਾਟੇ ਕੱਪੜੇ ਤੇ ਜ਼ਖਮੀ ਸਰੀਰ! ਪਿੰਡੋਂ ਬਾਹਰ ਉਨ੍ਹਾਂ ਦਾ ਕੈਂਪ ਲੱਗ ਗਿਆ ਸੀ। ਸਾਰਾ ਪਿੰਡ ਲੰਗਰ ਤਿਆਰ ਕਰਦਾ ਤੇ ਅਸੀਂ ਨੌਜਵਾਨ ਉਨ੍ਹਾਂ ਨੂੰ ਛਕਾਉਣ ਜਾਂਦੇ। ਇਹ ਸਿਲਸਿਲਾ ਕੋਈ ਡੇਢ ਮਹੀਨਾ ਚੱਲਦਾ ਰਿਹਾ ਸੀ।

ਵੰਡ ਤੋਂ ਮਹੀਨਾ ਕੁ ਪਹਿਲਾਂ ਦੀ ਗੱਲ ਏ। ਮੈਂ ਲਲਿਆਣੀ ਮੰਗਿਆ ਗਿਆ ਸਾਂ। ਉਸ ਪਿੰਡ 'ਚ ਵੀ ਬਹੁਤ ਕਤਲੋ-ਗਾਰਤ ਹੋਈ ਸੀ। ਮੇਰੇ ਸਹੁਰੇ ਬਚ ਗਏ ਸਨ। ਉਨ੍ਹਾਂ ਇੱਕ ਰਾਤ ਪਹਿਲਾਂ ਪਿੰਡ ਛੱਡ ਦਿੱਤਾ ਸੀ। ਉਹ ਪਹਿਲਾਂ ਤਾਂ ਸਿੱਧੇ ਕਰਨਾਲ ਵੱਲ ਨਿਕਲ ਗਏ ਸਨ ਤੇ ਫਿਰ ਕੁਝ ਮਹੀਨਿਆਂ ਬਾਅਦ, ਉਨ੍ਹਾਂ ਨੂੰ ਪੱਟੀ 'ਚ ਜ਼ਮੀਨ ਅਲਾਟ ਹੋ ਗਈ ਸੀ। ਸੰਨ ਅਠਤਾਲੀ 'ਚ ਮੇਰਾ ਵਿਆਹ ਹੋ ਗਿਆ ਸੀ।

ਵਿਆਹ 'ਚ ਉਦਾਸੀ ਦਾ ਮਾਹੌਲ ਸੀ। ਵਜਾਹ ਇਹ ਕਿ ਸਾਡੀ ਵਿਚੋਲਣ ਕਰਤਾਰੋ ਓਧਰ ਰਹਿ ਗਈ ਸੀ। ਉਹ ਮੇਰੀ ਪਤਨੀ ਦੇ ਤਾਏ ਦੀ ਧੀ ਸੀ। ਵੰਡ ਤੋਂ ਕੋਈ ਛੇ ਕੁ ਮਹੀਨੇ ਪਹਿਲਾਂ ਹੀ ਵਿਆਹ ਹੋਇਆ ਸੀ ਉਸਦਾ। ਉਹਦੇ ਸਹੁਰਿਆਂ ਦਾ ਪਿੰਡ ਸੀ- ਹੱਲੜਕੇ ਪਮਾਰ। ਇਹ ਲਾਹੌਰ ਦੀ ਕਸੂਰ ਤਹਿਸੀਲ ਦਾ ਪਿੰਡ ਸੀ।

ਉਨ੍ਹਾਂ ਦਾ ਕਾਫ਼ਲਾ ਜਦੋਂ ਖੇਮਕਰਨ ਦੇ ਲਹਿੰਦੇ ਪਾਸੇ ਸਥਿਤ, ਅਬਦੁੱਲ ਖ਼ਾਲਕ ਦੀ ਦਰਗਾਹ ਕੋਲ ਪਹੁੰਚਿਆ ਤਾਂ ਉਨ੍ਹਾਂ 'ਤੇ ਹਮਲਾ ਹੋ ਗਿਆ ਸੀ। ਕਰਤਾਰੋ ਦਾ ਸਹੁਰਾ ਪਰਿਵਾਰ ਕਤਲ ਕਰ ਦਿੱਤਾ ਗਿਆ ਸੀ ਤੇ ਧਾੜਵੀ ਉਸਨੂੰ ਚੁੱਕ ਕੇ ਲੈ ਗਏ ਸਨ।

ਮੈਂ ਤੇ ਉਸਦਾ ਭਾਈ, ਉਹਨੂੰ ਲੱਭਣ ਲਈ ਦੋ ਵਾਰ ਪਾਕਿਸਤਾਨ ਗਏ ਸਾਂ, ਪਰ...। ਉਹ ਮੇਰੇ ਨਾਲੋਂ ਦੋ ਕੁ ਸਾਲ ਵੱਡੀ ਸੀ। ਜੇ ਅੱਜ ਜਿਊਂਦੀ ਹੋਵੇ ਤਾਂ ਨੱਬੇ ਕੁ ਵਰ੍ਹਿਆਂ ਦੀ ਹੋਵੇਗੀ। ਚਲੋ ਉਹ ਨਹੀਂ ਤਾਂ ਉਹਦੀ ਔਲਾਦ ਤਾਂ ਹੋਵੇਗੀ! ਅਸੀਂ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਆਂ। ਕਰਤਾਰੋ ਦਾ ਸਕਾ ਭਰਾ ਵੀ ਹਾਲੇ ਜਿਊਂਦਾ। ਉਹ ਵਿਚਾਰਾ ਤੜਫ਼ਦਾ ਤਾਂ ਬਹੁਤ ਹੈ, ਪਰ...!"

ਇਹ ਇੰਟਰਵਿਊ ਵੇਖ ਮੈਨੂੰ ਲਹਿੰਦੇ ਪੰਜਾਬ ਤੋਂ ਫੋਨ ਆਇਆ।


"ਮੇਰਾ ਨਾਂ ਰਫ਼ੀਕ ਬਲੋਚ ਜੇ। ਮੈਂ ਬੀਬੀ ਕਰਤਾਰੋ ਦੇ ਪੇਕੇ ਪਿੰਡ ਲਲਿਆਣੀ ਤੋਂ ਬੋਲਨਾਂ। ਸਾਡੇ ਪਿੰਡ ਵੀ ਬਹੁਤ ਵੱਢ-ਟੁੱਕ ਹੋਈ ਸੀ, ਪਰ ਮੇਰੇ ਦਾਦੇ ਨੇ ਬਹੁਤੇ ਹਿੰਦੂ-ਸਿੱਖ ਆਪਣੀ ਹਵੇਲੀ 'ਚ ਲੁਕੋ ਲਏ ਸਨ। ਖੁਦ ਹੱਦ ਟਪਾ ਕੇ ਆਇਆ ਸੀ, ਉਹ।"

ਰਫ਼ੀਕ ਦੇ ਬਜ਼ੁਰਗਾਂ ਵੱਲੋਂ ਕੀਤੇ ਬਚਾਅ ਦੀਆਂ ਕਹਾਣੀਆਂ ਮੈਂ ਪਹਿਲਾਂ ਵੀ ਗੋਇੰਦਵਾਲ ਸਾਹਿਬ ਰਹਿੰਦੇ, ਸ. ਜਰਨੈਲ ਸਿੰਘ ਭੁੱਲਰ ਤੇ ਫ਼ਿਰੋਜ਼ ਕੇਰਾ ਵੱਸਦੇ ਬਾਬਾ ਕਰਤਾਰ ਸਿੰਘ ਭੁੱਲਰ ਹੁਰਾਂ ਕੋਲੋਂ ਸੁਣ ਚੁੱਕਾ ਸਾਂ। ਦੁਨੀਆਂ ਤੋਂ ਤੁਰ ਗਏ, ਰਫ਼ੀਕ ਦੇ ਦਾਦੇ, ਉਸਤਾਦ ਕਰਮਦੀਨ ਬਲੋਚ ਹੁਰਾਂ ਨੂੰ ਮੈਂ ਸਲਾਮ-ਏ-ਅਕੀਦਤ ਪੇਸ਼ ਕੀਤਾ। ਮੈਂ ਉਸਨੂੰ ਆਖਿਆ- ਇੱਕ ਭਲੇ ਦਾ ਕੰਮ ਤੂੰ ਵੀ ਜ਼ਰੂਰ ਕਰ ਰਫ਼ੀਕ ਭਾਈ। ਉਸਨੇ ਕੰਮ ਪੁੱਛਿਆ ਤਾਂ ਮੈਂ ਕਿਹਾ- ਆਪਣੇ ਪਿੰਡ ਦੀ ਧੀ, ਬੀਬੀ ਕਰਤਾਰੋ ਨੂੰ ਲੱਭ। ਉਹਦੇ ਰਿਸ਼ਤੇਦਾਰ ਉਸਨੂੰ ਮਿਲਣਾ ਚਾਹੁੰਦੇ ਨੇ!

"ਮੈਂ ਪੂਰੀ ਵਾਹ ਲਗਾਵਾਂਗਾ ਜੀ, ਪਰ ਮੇਰੀ ਵੀ ਇੱਕ ਅਰਜ਼ ਹੈ! ਜ਼ੀਰਾ ਲਾਗੇ ਇੱਕ ਪਿੰਡ ਹੈ, ਟਿੰਡਵਾਂ। ਉਸ ਪਿੰਡ ਦੀ ਧੀ ਤੇ ਨੂੰਹ ਬੀਬੀ ਹਸ਼ਮਤੇ ਨੂੰ ਵੀ ਸੰਤਾਲੀ...। ਉਹਦੇ ਪੁੱਤਰ ਉਸਨੂੰ ਮਿਲਣਾ ਚਾਹੁੰਦੇ ਨੇ।" ਉਹਨੇ ਤਰਲਾ ਜਿਹਾ ਲੈਂਦਿਆਂ ਕਿਹਾ ਸੀ।

ਰਫ਼ੀਕ ਬਲੋਚ ਦੇ ਖ਼ਾਸ ਦੋਸਤ, ਰਾਣਾ ਸ਼ਰਫ਼ਰਾਜ਼ ਦੇ ਪਿਉ ਦੀ ਪਹਿਲੀ ਪਤਨੀ ਸੀ, ਬੀਬੀ ਹਸ਼ਮਤੇ। ਸੰਤਾਲੀ ਤੋਂ ਬਾਅਦ ਬੀਬੀ ਹਸ਼ਮਤੇ ਦੇ ਪਤੀ ਸਿਰਾਜ ਚੌਧਰੀ ਨੂੰ ਲਲਿਆਣੀ ਲਾਗਲੇ ਕਿਸੇ ਪਿੰਡ 'ਚ ਘਰ ਤੇ ਜ਼ਮੀਨ ਮਿਲੇ ਸਨ।

ਮੁਸਲਮਾਨ ਰਾਜਪੂਤਾਂ ਦੇ ਚਾਲੀ ਕੁ ਘਰ ਸਨ, ਟਿੰਡਵਾਂ 'ਚ। ਸਭ ਨਾਲੋਂ ਵੱਡਾ ਘਰ ਤੇ ਵੱਧ ਜ਼ਮੀਨ ਸਿਰਾਜ ਹੁਰਾਂ ਦੀ ਸੀ। ਪੰਜ ਸੌ ਏਕੜ ਦਾ ਮਾਲਕ ਸੀ ਉਹ। ਉਹਦਾ ਬਾਪ ਪੜ੍ਹਿਆ-ਲਿਖਿਆ ਬੰਦਾ ਸੀ। ਇਸ ਇਲਾਕੇ 'ਚ ਜਦੋਂ ਕੋਈ



ਅੰਗਰੇਜ਼ ਅਫ਼ਸਰ ਆਉਂਦਾ ਤਾਂ ਸਿਰਾਜ ਦੇ ਬਾਪੂ ਨੂੰ ਬੁਲਾਇਆ ਜਾਂਦਾ ਸੀ।

ਸੰਤਾਲੀ 'ਚ ਸਿਰਾਜ ਦਾ ਨਿਕਾਹ ਹੋਏ ਨੂੰ ਦੋ ਕੁ ਸਾਲ ਹੋਏ ਸਨ। ਵਰ੍ਹੇ ਕੁ ਦਾ ਇੱਕ ਪੁੱਤਰ ਵੀ ਸੀ ਉਸਦਾ।

ਟਿੰਡਵਾਂ ਦੇ ਮੁਸਲਮਾਨ ਜਦੋਂ ਪਿੰਡੋਂ ਨਿਕਲੇ ਤਾਂ ਉਨ੍ਹਾਂ 'ਤੇ ਹਮਲਾ ਹੋ ਗਿਆ ਸੀ। ਹਸ਼ਮਤੇ ਪਿਛਾਂਹ ਵੱਲ ਦੌੜ ਪਈ ਸੀ ਤੇ ਆਪਣੇ ਪਿੰਡ ਦੇ ਕਿਸੇ ਗੈਰ-ਮੁਸਲਿਮ ਦੇ ਘਰ ਪਹੁੰਚ ਗਈ ਸੀ। ਦੱਸਦੇ ਨੇ ਕਿ ਉਸਨੇ ਹਸ਼ਮਤੇ ਨੂੰ ਕਿਸੇ ਲੋੜਵੰਦ ਦੇ ਘਰ ਬਿਠਾਲ ਦਿੱਤਾ ਸੀ।

ਸਿਰਾਜ ਮੁੰਡੇ ਨੂੰ ਕੁੱਛੜ ਚੁੱਕੀ ਅਗਾਂਹ ਵੱਲ ਦੌੜ ਪਿਆ ਸੀ। ਧਾੜਵੀ ਉਸਦੇ ਪਿੱਛੇ ਲੱਗੇ ਹੋਏ ਸਨ। ਉਹ ਦੌੜਦਾ ਰਿਹਾ। ਦੌੜਦਾ ਰਿਹਾ। ਆਖ਼ਰ ਉਹ ਹੰਭ ਗਿਆ। ਆਪਣਾ ਬਲੂਰ ਜਿਹਾ ਪੁੱਤਰ ਵੀ ਉਸਨੂੰ ਭਾਰਾ ਲੱਗਣ ਲੱਗ ਪਿਆ। ਉਸਨੇ ਪੁੱਤਰ ਜ਼ਮੀਨ 'ਤੇ ਰੱਖ ਦਿੱਤਾ ਸੀ ਤੇ ਆਪਣੀ ਜਾਨ ਬਚਾ ਕੇ ਧਾੜਵੀਆਂ ਦੀ ਪਹੁੰਚ ਤੋਂ ਪਰ੍ਹਾਂ ਚਲਾ ਗਿਆ ਸੀ। ਬਚਦਾ ਬਚਾਉਂਦਾ, ਉਹ ਨਵੇਂ ਬਣੇ ਮੁਲਕ 'ਚ ਪਹੁੰਚ ਗਿਆ ਸੀ।

ਟਿੰਡਵਾਂ ਪੰਜਾਬ ਦੇ ਉਨ੍ਹਾਂ ਬਦਨਸੀਬ ਪਿੰਡਾਂ 'ਚੋਂ ਇੱਕ ਸੀ, ਜਿਸਦੇ ਬਹੁਤੇ ਵਾਸੀ ਕਤਲ ਹੋ ਗਏ ਸਨ। ਸਿਰਾਜ ਆਪਣੇ ਟੱਬਰ 'ਚੋਂ ਇਕੱਲਾ ਹੀ ਬਚਿਆ ਸੀ।

ਸਾਲ ਕੁ ਬਾਅਦ, ਉਹ ਪਰਮਿਟ ਬਣਾ ਕੇ ਵਾਪਸ ਮੁੜਿਆ ਸੀ। ਉਹ ਕਈ ਦਿਨ ਹਸ਼ਮਤੇ ਨੂੰ ਲੱਭਦਾ ਰਿਹਾ ਸੀ। ਜਿਸ ਥਾਂ 'ਤੇ ਆਪਣੇ ਪੁੱਤਰ ਨੂੰ ਸੁੱਟ ਗਿਆ ਸੀ, ਉਹ ਉਸ ਥਾਂ 'ਤੇ ਵੀ ਗਿਆ ਸੀ। ਉਸ ਜ਼ਮੀਨ 'ਤੇ ਮੱਥਾ ਰਗੜਿਆ ਸੀ, ਰੋਇਆ ਸੀ, ਵਿਲਕਿਆ ਸੀ।

ਉਹ ਜਿੱਥੇ ਵੀ ਜਾਂਦਾ, ਆਪਣਾ ਨਾਂ-ਪਤਾ ਲਿਖ ਕੇ ਦੇ ਦਿੰਦਾ। ਹੱਥ ਜੋੜ ਕੇ ਬੇਨਤੀ ਕਰਦਾ- ਹਸ਼ਮਤੇ ਜਾਂ ਉਸਦੇ ਪੁੱਤਰ ਦਾ ਕਿਧਰੇ ਪਤਾ ਲੱਗੇ ਤਾਂ ਉਸਨੂੰ ਮੇਰਾ ਪਤਾ ਜ਼ਰੂਰ ਦੇ ਦੇਣਾ।

ਕੋਈ ਦੋ ਵਰ੍ਹਿਆਂ ਬਾਅਦ, ਚੜ੍ਹਦੇ ਪੰਜਾਬ ਤੋਂ ਉਸਦੇ ਨਾਂ ਇੱਕ ਖ਼ਤ ਗਿਆ ਸੀ। ਕੱਚਲੇ ਨਾਲ ਲਿਖਿਆ ਹੋਇਆ। ਇਹ ਹਸ਼ਮਤੇ ਦਾ ਖ਼ਤ ਸੀ। ਉਸਨੇ ਆਪਣਾ ਪਤਾ-ਟਿਕਾਣਾ ਲਿਖਿਆ ਹੋਇਆ ਸੀ ਤੇ ਆ ਕੇ ਲਿਜਾਣ ਲਈ ਜ਼ਰੂਰੀ ਤਾਕੀਦ ਵੀ ਕੀਤੀ ਹੋਈ ਸੀ।

ਸਿਰਾਜ ਫਿਰ ਆਇਆ। ਇਸ ਵਾਰ ਪੁਲਿਸ ਵੀ ਉਸਦੇ ਨਾਲ ਸੀ। ਉਹ ਦੱਸੇ ਹੋਏ ਟਿਕਾਣੇ 'ਤੇ ਪਹੁੰਚਿਆ, ਪਰ ਉਸ ਘਰ ਨੂੰ ਜੰਦਰਾ ਲੱਗਾ ਹੋਇਆ ਸੀ। ਉਹ ਨਿਰਾਸ਼ ਹੋ ਕੇ ਵਾਪਸ ਮੁੜ ਗਿਆ ਸੀ।

ਉਸਨੂੰ ਸਾਲ 'ਚ, ਹਸ਼ਮਤੇ ਦੇ ਇੱਕ-ਦੋ ਖ਼ਤ ਜ਼ਰੂਰ ਆਉਂਦੇ। ਉਹ ਉਸਨੂੰ ਲਿਜਾਣ ਲਈ ਭਾਰਤ ਪਹੁੰਚਦਾ, ਪਰ ਉਸਨੂੰ ਹਰ ਵਾਰ ਨਿਰਾਸ਼ ਹੋ ਕੇ ਮੁੜਨਾ ਪੈਂਦਾ।

ਉਹ ਕੋਈ ਦਸ ਵਾਰ ਇੱਧਰ ਆਇਆ ਹੋਵੇਗਾ।

ਫਿਰ ਖ਼ਤਾਂ ਦਾ ਸਿਲਸਿਲਾ ਵੀ ਮੁੱਕ ਗਿਆ। ਸਿਰਾਜ ਨਿਰਾਸ਼ ਹੋ ਗਿਆ। ਸੰਤਾਲੀ ਨੇ ਉਸ ਕੋਲੋਂ ਬਹੁਤ ਕੁਝ ਖੋਹ ਲਿਆ ਸੀ ਤੇ ਉਮਰਾਂ ਦੇ ਪਛਤਾਵੇ ਉਹਦੀ ਝੋਲੀ 'ਚ ਪਾ ਦਿੱਤੇ ਸਨ। ਉਹ ਉਮਰੋਂ ਪਹਿਲਾਂ ਬੁੱਢਾ ਹੋ ਗਿਆ ਸੀ।

"ਆਖ਼ਰੀ ਵੇਲੇ ਉਹ ਕਰੀਬ-ਕਰੀਬ ਪਾਗਲ ਹੋ ਚੁੱਕਾ ਸੀ। ਉੱਠ-ਉੱਠ ਦੌੜਦਾ ਸੀ। ਹਸ਼ਮਤੇ ਨੂੰ 'ਵਾਜਾਂ ਮਾਰਦਾ ਸੀ। ਆਪਣੇ ਪੁੱਤਰ ਨੂੰ ਜ਼ਮੀਨ 'ਤੇ ਸੁੱਟ ਕੇ ਆਉਣ ਦਾ ਗ਼ਮ ਉਹ ਕਦੇ ਨਹੀਂ ਸੀ ਭੁਲਾ ਸਕਿਆ। ਕਦੇ ਵੀ ਨਹੀਂ!" ਇਹ ਕਹਿੰਦਿਆਂ ਰਫ਼ੀਕ ਬਲੋਚ ਦੇ ਬੋਲ ਭਾਰੇ ਹੋ ਗਏ ਸਨ।

ਮੇਰੇ ਕੋਲੋਂ ਵੀ ਹੁੰਗਾਰਾ ਨਹੀਂ ਸੀ ਭਰਿਆ ਗਿਆ।

"...ਉਸਨੂੰ ਆਪਣੀ ਬੇਗਮ ਦਾ ਵਿਛੋੜਾ ਤਾਂ ਹੈ ਸੀ, ਪਰ ਬਹੁਤਾ ਉਹ ਆਪਣੇ ਪੁੱਤਰ ਨੂੰ ਯਾਦ ਕਰਕੇ ਵਿਲਕਦਾ ਰਹਿੰਦਾ ਸੀ। ਜਦੋਂ ਕਿਸੇ ਆਖਣਾ ਕਿ ਔਲਾਦ ਸਭ ਨੂੰ ਪਿਆਰੀ ਹੁੰਦੀ ਏ ਤਾਂ ਉਹ ਕੂਕਦਾ- ਓ ਲੋਕੋ ਨਹੀਂ, ਔਲਾਦ ਨਹੀਂ, ਬੰਦੇ ਨੂੰ ਆਪਣੀ ਜਾਨ ਸਭ ਤੋਂ ਵੱਧ ਪਿਆਰੀ ਹੁੰਦੀ ਏ।"

ਇਸ ਗੱਲ ਤੋਂ ਬਾਅਦ, ਰਫ਼ੀਕ ਤੇ ਮੈਂ- ਅਸੀਂ ਦੋਵੇਂ ਚੁੱਪ ਹੋ ਗਏ ਸਾਂ।

# ਕੋਹ/ਕੋਸ



## ਸ਼ਬਦੋ ਵਣਜਾਰਿਓ



**ਪਰਮਜੀਤ ਢੀਂਗਰਾ**
**ਫੋਨ:+91-9417358120**

ਮਾਪ ਵਜੋਂ ਕੋਸ ਜਾਂ ਕੋਹ ਸ਼ਬਦ ਪ੍ਰਚਲਤ ਹੈ। ਨਿਰੁਕਤ ਕੋਸ਼ ਅਨੁਸਾਰ ਕੋਸ- ਦੂਰੀ ਦੀ ਇੱਕ ਮਿਣਤੀ ਸੰਸ. / ਕਰੋਸ਼/ ਚੀਖ, ਪੁਕਾਰ, ਇਸ ਲਈ ਜਿੰਨੀ ਦੂਰ ਤੱਕ ਚੀਖ ਦੀ ਆਵਾਜ਼ ਜਾ ਸਕੇ, ਦੂਰੀ ਦੀ ਮਿਣਤੀ, ਚਾਰ ਹਜ਼ਾਰ ਹੱਥ ਦੀ ਦੂਰੀ। ਅਰਬੀ-ਫ਼ਾਰਸੀ-ਪੰਜਾਬੀ ਕੋਸ਼ ਅਨੁਸਾਰ- ਕੋਹ ਭਾਵ ਕੁਰੋਹ, ਕੋਸ ਲਗਪਗ ਦੋ ਮੀਲ ਦਾ ਫਾਸਲਾ। ਇਸ ਵਿੱਚ 'ਸ' ਅਤੇ 'ਹ' ਵਿੱਚ ਵਟਾਂਦਰਾ ਹੁੰਦਾ ਹੈ, ਜਿਵੇਂ ਪੈਸਾ=ਪੈਹਾ, ਦਸ=ਦਹ, ਆਮਾਸ=ਆਮਾਹ, ਮਾਸ=ਮਾਹ, ਸਾਂਸ=ਸਾਹ। ਪੰਜਾਬੀ ਕੋਸ਼ਾਂ ਅਨੁਸਾਰ ਕੋਹ, ਕੋਸਾ, ਕੋਸ, ਕਰੋਹ। ਕੋਹ-ਚਰਸਾ, ਬਾਰਾਂ, ਖੂਹ ਵਿੱਚੋਂ ਪਾਣੀ ਕੱਢਣ ਵਾਲਾ ਬੋਕਾ। ਇਸ ਨਾਲ ਜੁੜੇ ਕਈ ਸ਼ਬਦ ਮਿਲਦੇ ਹਨ: ਕੋਹ ਵਾਟ- ਇੱਕ ਕੋਹ ਦਾ ਫਾਸਲਾ; ਕੋਹੀਂ ਦੂਰ- ਬਹੁਤ ਦੂਰ; ਕੱਚਾ ਕੋਹ- ਸਵਾ ਕੁ ਮੀਲ ਦਾ ਫਾਸਲਾ; ਪੱਕਾ ਕੋਹ- ਦੋ ਕੁ ਮੀਲ ਦਾ ਪੈਂਡਾ; ਮੁੰਨਾ ਕੋਹ- ਪੌਣਾ ਕੋਹ।

ਇਸ ਨਾਲ ਜੁੜੇ ਕਈ ਮੁਹਾਵਰੇ ਤੇ ਅਖਾਣ ਵੀ ਮਿਲਦੇ ਹਨ- ਕੋਹ ਨਾ ਚਲੀ, ਬਾਬਾ ਤਿਹਾਈ; ਆਪਣਾ ਦੁੱਧ ਸੌ ਕੋਹ 'ਤੇ ਜਾ ਪੀਈਦਾ ਹੈ; ਨੌਂ ਕੋਹ ਦਰਿਆ ਸੁੱਥਣ ਮੋਢੇ; ਲੱਕ ਬੱਧਾ ਰੋੜ੍ਹਿਆਂ ਤੇ ਮੁੰਨਾ ਕੋਹ ਲਾਹੌਰ। ਸੰਸਕ੍ਰਿਤ ਦੀ ਪ੍ਰਾਚੀਨ ਧਾਤੂ ਹੈ- /ਕਰੁਸ਼/ ਜੋ ਰਿਗਵੇਦ ਵਿੱਚ ਵੀ ਮਿਲਦੀ ਹੈ। ਇਸਦਾ ਅਰਥ ਹੈ- ਚੀਕਣਾ, ਚਿਲਾਉਣਾ, ਪੁਕਾਰਨਾ ਜਾਂ ਜ਼ੋਰ ਦੀ ਆਵਾਜ਼ਾਂ ਮਾਰਨੀਆਂ। ਇਸ ਚੀਕਣ, ਚਿਲਾਉਣ ਕਰਕੇ ਸੰਸਕ੍ਰਿਤ ਵਿੱਚ ਗਿੱਦੜ ਨੂੰ 'ਕਰੋਸ਼ਟੂ' ਜਾਂ 'ਕਰੋਸ਼ਟਕ' ਕਿਹਾ ਜਾਂਦਾ ਹੈ ਤੇ ਇਹ ਉਹਦੇ ਜ਼ੋਰ ਦੀ ਹੁਆਂਕਣ ਕਰਕੇ ਹੈ। ਤੇਜ਼ ਆਵਾਜ਼ ਕਰਕੇ ਹੀ ਢੋਲ ਨੂੰ 'ਕਰੋਸ਼ ਤਾਲ' ਜਾਂ 'ਕਰੋਸ਼ ਧੁਨੀ' ਕਿਹਾ ਜਾਂਦਾ ਹੈ। ਹੌਲੀ ਹੌਲੀ ਕਰੋਸ਼ ਦਾ ਅਰਥ ਵਿਕਾਸ ਹੋਇਆ ਤੇ ਇਹਦੀ ਵਰਤੋਂ ਦੂਰੀ ਮਾਪਣ ਲਈ ਹੋਣ ਲੱਗੀ, ਭਾਵ ਜਿੰਨੀ ਦੂਰ ਕੋਈ ਆਵਾਜ਼ ਸੁਣਾਈ ਦਿੰਦੀ ਸੀ।

ਇਸ ਤਰ੍ਹਾਂ ਕਰੋਸ਼ ਦੂਰੀ ਮਾਪਕ ਦਾ ਬੋਧਕ ਬਣ ਗਿਆ। ਸੁਭਾਵਿਕ ਹੀ ਹੈ ਕਿ ਸਾਰੀਆਂ ਚੀਕਾਂ ਜਾਂ ਆਵਾਜ਼ਾਂ ਇੱਕੋ ਜਿੰਨੀ ਦੂਰੀ ਤੱਕ ਨਹੀਂ ਜਾਂਦੀਆਂ। ਇਸ ਲਈ ਕਰੋਸ਼ ਦੀ ਦੂਰੀ ਨੂੰ ਨਿਸ਼ਚਿਤ ਕਰਨ ਲਈ ਇਸਨੂੰ ਪਰਿਭਾਸ਼ਤ ਕਰਨ ਲਈ ਇੱਕ ਹਜ਼ਾਰ ਦੰਡ ਜਾਂ ਚਾਰ ਹਜ਼ਾਰ ਹੱਥ ਜਾਂ (ਚਾਰ ਕੋਹ ਦਾ ਇੱਕ ਯੋਜਨ ਹੋਣ ਕਰਕੇ) ਇੱਕ ਚੌਥਾਈ ਯੋਜਨ ਦੇ ਬਰਾਬਰ ਮੰਨਿਆ ਗਿਆ, ਜਦ ਕਿ ਕਿਸੇ ਨੇ ਇਹਨੂੰ ਦੋ ਗੁਣਾਂ ਅਰਥਾਤ ਦੋ ਹਜ਼ਾਰ ਦੰਡ ਜਾਂ ਅੱਠ ਹਜ਼ਾਰ ਹੱਥ ਜਾਂ ਚਾਰ ਹਜ਼ਾਰ ਗਜ਼ ਦੇ ਬਰਾਬਰ ਮੰਨਿਆ ਹੈ। ਚਾਰ ਹਜ਼ਾਰ ਦੰਡ ਜਾਂ ਦੋ ਕਰੋਸ਼ ਦੀ ਦੂਰੀ ਨੂੰ ਸੰਸਕ੍ਰਿਤ ਵਿੱਚ 'ਗਵਯੂਤਿ', 'ਗਵਯੂਤ' ਜਾਂ 'ਗੋਯੂਤ' ਵੀ ਕਿਹਾ ਜਾਂਦਾ ਹੈ। ਇਸ ਗਵਯੂਤਿ, ਗਵਯੂਤ ਵਿੱਚ ਗੋ-ਯੁਤ ਵਿੱਚ 'ਗੋ' ਦਾ ਅਰਥ ਹੈ- ਗਾਂ ਤੇ 'ਯੁ' ਦਾ ਭਾਵ ਹੈ- ਹੱਕਣਾ, ਲੈ ਜਾਣਾ, ਦੂਰ ਜਾਂ ਵੱਗ ਬਣਾ ਕੇ ਲੈ ਜਾਣਾ। ਇਸ ਤਰ੍ਹਾਂ ਇਹਦਾ ਅਰਥ ਹੋਇਆ ਕਿ ਗਾਵਾਂ ਨੂੰ ਚਰਾਉਣ ਲਈ ਹੱਕ ਕੇ ਘਰ ਤੋਂ ਦੂਰ ਲੈ ਜਾਣਾ। ਹੋ ਸਕਦੈ ਗਾਵਾਂ ਨੂੰ ਜੰਗਲ ਜਾਂ ਚਰਾਗਾਹ ਚਾਰਣ ਲਈ ਓਨੀ ਦੂਰ ਹੀ ਲਿਜਾਇਆ ਜਾਂਦਾ ਹੋਵੇ, ਜਿੱਥੋਂ ਉਨ੍ਹਾਂ ਦੇ ਅੜਿੰਗਣ ਦੀ ਆਵਾਜ਼ ਸੁਣਾਈ ਦਿੰਦੀ ਹੋਵੇ ਤੇ ਗਾਵਾਂ ਦੇ ਇਸ ਗੋ-ਕਰੋਸ਼ ਵਿੱਚੋਂ ਕਰੋਸ਼ ਜਾਂ ਕੋਸ ਜਾਂ ਕੋਹ ਨੇ ਜਨਮ ਲਿਆ ਹੋਵੇ।

ਜਾਨ ਪਲੈਟਸ ਨੇ ਵੀ 'ਏ ਡਿਕਸ਼ਨਰੀ ਆਫ ਉਰਦੂ, ਕਲਾਸੀਕਲ ਹਿੰਦੀ ਐਂਡ ਇੰਗਲਿਸ਼' ਵਿਚ 'ਗਊ -ਕਰੋਸ਼' (ਜਿੰਨੀ ਦੂਰ ਗਾਵਾਂ ਦਾ ਅੜਿੰਗਣਾ ਸੁਣੇ) ਸ਼ਬਦ ਦਿੱਤਾ ਹੈ, ਜੋ ਇਸਦੀ ਪੁਸ਼ਟੀ ਕਰਦਾ ਹੈ। ਸੰਸਕ੍ਰਿਤ ਦਾ ਇਹ ਸ਼ਬਦ ਪ੍ਰਾਕਿਰਤ ਭਾਸ਼ਾ ਵਿੱਚੋਂ ਆਇਆ ਹੈ, ਜਿੱਥੇ ਰੂਪਾਂਤਰ ਹੋ ਕੇ ਇਹ ਕੋਸ ਭਾਵ ਮਾਰਗ ਦੀ ਲੰਬਾਈ ਦਾ ਬੋਧਕ ਹੈ, ਜੋ ਦੋ ਮੀਲ ਦੇ ਬਰਾਬਰ ਹੈ। ਪ੍ਰਾਕਿਰਤਾਂ ਤੋਂ ਹੀ ਇਹ ਭਾਰਤੀ ਭਾਸ਼ਾਵਾਂ ਵਿੱਚ ਆਇਆ ਹੈ। ਕਸ਼ਮੀਰੀ ਵਿੱਚ ਇਹ ਕਰੁਹ, ਸਿੰਧੀ ਵਿੱਚ ਕੋਹੁ ਜਾਂ ਕੁਹੁ, ਲਹਿੰਦੀ ਵਿੱਚ ਕੋਹ ਰੂਪ ਮਿਲਦਾ ਹੈ। ਸੰਸਕ੍ਰਿਤ ਵਿੱਚੋਂ ਸਫ਼ਰ ਕਰਦਾ ਇਹ ਫ਼ਾਰਸੀ ਵਿੱਚ ਵੀ ਗਿਆ, ਜਿੱਥੇ ਇਸਦੇ ਕੋਸ ਤੇ ਕੁਰੋਹ- ਦੋ ਰੂਪ ਮਿਲਦੇ ਹਨ।

ਚੌਧਵੀਂ ਸਦੀ ਵਿੱਚ ਆਏ ਪ੍ਰਸਿੱਧ ਯਾਤਰੀ ਇਬਨ ਬਤੂਤਾ ਨੇ ਇਹਦੇ ਲਈ ਕਰੋਹ ਸ਼ਬਦ ਵਰਤਿਆ ਹੈ। ਇਹਦੇ ਉਲਟ /'ਸ਼' ਦਾ 'ਸ' ਜਾਂ 'ਹ'/ ਵਿੱਚ ਵਟਾਂਦਰਾ ਵੀ ਹੁੰਦਾ ਹੈ। ਉੜੀਆ ਵਿੱਚ ਇਹ ਕੋਸ ਕੁਸ੍, ਨੇਪਾਲੀ ਵਿੱਚ ਕੋਸ; ਮੈਥਿਲੀ, ਭੋਜਪੁਰੀ, ਅਵਧੀ, ਰਾਜਿਸਥਾਨੀ ਵਿੱਚ ਕੋਸ; ਗੁਜਰਾਤੀ ਤੇ ਮਰਾਠੀ ਵਿੱਚ ਕੋਸ਼, ਕੋਂਕਣੀ ਵਿੱਚ ਕੋਸ਼; ਕੁਮਾਊਨੀ, ਬੰਗਾਲੀ ਵਿੱਚ ਕਰੋਸ਼ ਦਾ 'ਸ਼' ਤਾਂ ਹੈ, ਪਰ ਉਚਾਰਨ ਕੋਸ਼ ਕੀਤਾ ਜਾਂਦਾ ਹੈ। ਸੰਸਕ੍ਰਿਤ ਦੀ ਕਰੁਸ਼ ਧਾਤੂ ਤੋਂ ਕਰੋਸ਼ ਸ਼ਬਦ ਬਣਿਆ ਹੈ। ਇਸੇ ਕਰੁਸ਼ ਤੋਂ ਆਕਰੁਸ਼ ਤੇ ਆਕਰੋਸ਼ ਸ਼ਬਦ ਬਣੇ ਹਨ। ਸੰਸਕ੍ਰਿਤ ਵਿੱਚ ਆਕ੍ਰੋਸ਼ ਦਾ ਅਰਥ ਹੈ- ਕੋਸਣੇ, ਗੁੱਸੇ ਵਾਲੇ ਬਚਨ, ਨਿੰਦਾ ਕਰਨੀ, ਅਪ-ਸ਼ਬਦ ਬੋਲਣੇ, ਝਿੜਕਾਂ ਮਾਰਨੀਆਂ, ਫਿਟਕਾਰ ਪਾਉਣੀ। ਇਸ ਵਿਚ ਉਗਰਤਾ, ਕ੍ਰੋਧ, ਰੁੱਖੇਪਣ, ਕਠੋਰਤਾ ਦੇ ਭਾਵ ਹਨ। ਮੱਧਕਾਲ ਤੱਕ ਕੋਸ/ਕੋਹ ਸ਼ਬਦ ਪ੍ਰਚਲਿਤ ਰਹੇ, ਪਰ ਅੰਗਰੇਜ਼ੀ ਰਾਜ ਵਿਚ ਸੜਕਾਂ ਦੀ ਲੰਬਾਈ ਮੀਲਾਂ ਵਿੱਚ ਮਿਣੀ ਜਾਣ ਲੱਗੀ। ਅੱਜ ਕੱਲ੍ਹ ਕਿਲੋਮੀਟਰਾਂ ਵਿੱਚ ਮਾਪੀ ਜਾਂਦੀ ਹੈ। ਭਾਰਤੀ ਭਾਸ਼ਾਵਾਂ ਵਿੱਚ ਇਹ ਮੁਹਾਵਰਾ ਅੱਜ ਵੀ ਪ੍ਰਚਲਿਤ ਹੈ- ਚਾਰ ਕੋਸ ਪਰ ਪਾਣੀ ਬਦਲੇ, ਆਠ ਕੋਸ ਪਰ ਬਾਣੀ। ਇਸ ਤਰ੍ਹਾਂ ਇਸ ਪ੍ਰਾਚੀਨ ਸ਼ਬਦ ਦੀ ਅਰਥ ਸੱਤਾ ਨੂੰ ਮੁਹਾਵਰਿਆਂ ਤੇ ਅਖਾਣਾਂ ਨੇ ਸਾਂਭ ਕੇ ਰੱਖਿਆ ਹੋਇਆ ਹੈ।

# ਬੁੱਕਲ ਦਾ ਗੁੜ

*ਅਣਦੱਸੀਆਂ ਕਹਾਣੀਆਂ ਵਿਚ ਅਕਸਰ ਬੜਾ ਕੁੱਝ ਦੱਸਣੋਂ ਰਹਿ ਜਾਂਦਾ ਹੈ। ਇਸ ਨਾਵਲ ਵਿਚ ਉਹ ਅਣਛੋਹੇ ਨੁਕਤੇ ਹੀ ਉਭਾਰਨ ਦਾ ਹੀਲਾ ਕੀਤਾ ਗਿਆ ਹੈ। ਕਹਾਣੀ ਦੇ ਪਿਛੋਕੜ ਵਿਚ ਜਿਹੜੀ 'ਸਾਈਕੀ' ਯਾਨੀ ਮਨੋਦਸ਼ਾ ਹੈ, ਉਹ ਫੜਨ ਅਤੇ ਉਸ ਦੀਆਂ ਗੁੱਝੀਆਂ ਪਰਤਾਂ ਛੂਹਣ ਦਾ ਹੀਲਾ ਹੀ ਕੀਤਾ ਗਿਆ ਹੈ। ਸਮਾਜਿਕ ਤੌਰ 'ਤੇ ਝਾਤ ਮਾਰੀਏ ਤਾਂ ਅਜਿਹੇ ਵਰਤਾਰਿਆਂ ਦਾ ਰੂਪਮਾਨ ਹੋ ਜਾਣਾ ਅੱਲੋਕਾਰੀ ਗੱਲ ਨਹੀਂ ਹੈ। ਖ਼ੈਰ! ਇਸ ਨਾਵਲ ਦਾ ਧਰਾਤਲ ਸਮਝ ਕੇ ਹੀ ਇਸ ਵਿਚਲੇ ਭਾਵਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ! ਸੋ, ਸਪਸ਼ਟ ਕਰ ਦਈਏ ਕਿ 'ਇਸ ਨਾਵਲ ਵਿਚ ਬਹੁਤ ਕੁਝ ਕਾਲਪਨਿਕ ਹੋ ਸਕਦਾ ਹੈ ਤੇ ਹੈ ਵੀ। ਇਹ ਕਿਸੇ ਵੀ ਜੀਊਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ।' ਪੇਸ਼ ਹੈ, ਅਗਲੀ ਕਿਸ਼ਤ...*






## 'ਵਿਗੜੀ ਹੋਈ ਕੁੜੀ' *(ਝੂਠ ਜਿਹਾ ਸੱਚ)*

### ਕਿਸ਼ਤ (9)

**ਬਖ਼ਸ਼ਿੰਦਰ**
**ਵੱਟਸਐਪ:+1-778-793-8979**



**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਜਿਸ ਦਿਨ ਤੋਂ ਸੰਨੀ ਹੌਂਡਾ ਦੀ ਆਪਣੀ ਮਾਂ ਨਾਲ਼ ਤਲਖ਼-ਕਲਾਮੀ ਹੋਈ ਸੀ, ਉਸ ਨੇ ਆਪਣੇ ਮਾਪਿਆਂ ਦੇ ਘਰ ਜਾਣ ਦੀ ਥਾਂ ਆਪਣੇ 'ਲਗਜ਼ਰੀ ਫਲੈਟ' ਵਿਚ ਹੀ ਰਹਿਣਾ ਸ਼ੁਰੂ ਕਰ ਦਿੱਤਾ ਸੀ। ਓਦਾਂ ਵੀ ਉਹ ਬਹੁਤੀ ਵਾਰੀ, ਕਿਸੇ ਸ਼ੂਟਿੰਗ ਤੋਂ ਦੇਰ ਨਾਲ਼ ਵਿਹਲੀ ਹੋਣ ਸਮੇਂ ਜਾਂ ਕਦੇ-ਕਦਾਈਂ 'ਪਾਰਟੀ-ਸ਼ਾਰਟੀ' ਕਰਨ ਦਾ ਮੂਡ ਬਣਨ 'ਤੇ, ਆਪਣੇ ਇਸ ਫਲੈਟ ਵਿਚ ਹੀ ਰਹਿ ਲੈਂਦੀ ਸੀ। ਆਪਣੇ ਮਾਪਿਆਂ ਦੇ ਘਰੋਂ ਬਾਹਰ, ਆਪਣੀ ਆਜ਼ਾਦੀ ਬਰਕਰਾਰ ਰੱਖਣ ਲਈ ਹੀ ਸੰਨੀ ਨੇ, ਨਾ ਸਿਰਫ਼ ਇਹ ਫਲੈਟ ਖਰੀਦ ਲਿਆ ਸੀ, ਸਗੋਂ ਹੁਣ ਉਸ ਕੋਲ ਦੋ-ਦੋ 'ਸ਼ੋਫਰ ਡਰਿਵਨ' ਕਾਰਾਂ ਵੀ ਸਨ। ਆਖ਼ਰ ਕਿਸੇ ਦਿਨ ਤਾਂ ਧੀ ਨੇ ਆਪਣੇ ਮਾਪਿਆਂ ਦੇ ਘਰੋਂ ਵਿਦਾ ਹੋਣਾ ਹੀ ਹੁੰਦਾ ਹੈ, ਕਦੇ-ਕਦੇ ਇਸ ਤਰ੍ਹਾਂ ਸੋਚ ਕੇ ਵੀ ਉਹ ਕਾਫੀ ਤਸੱਲੀ ਜਿਹੀ ਹੋਈ ਮਹਿਸੂਸ ਕਰਦੀ। 'ਗੰਦੀਆਂ ਫ਼ਿਲਮਾਂ' ਦੀ ਹੀ ਸਹੀ, ਪਰ ਉਹ 'ਸਟਾਰ' ਤਾਂ ਬਣ ਹੀ ਗਈ ਸੀ ਤੇ ਉਸ ਨੇ ਸਟਾਰਾਂ ਵਾਂਗ ਹੀ 'ਰਹਿਣਾ-ਸਹਿਣਾ' ਸ਼ੁਰੂ ਕਰ ਲਿਆ ਸੀ। ਕਈ ਵਾਰ 'ਲੋਰ' ਜਿਹੀ 'ਚ ਆ ਕੇ, ਉਹ ਇਹ ਵੀ ਕਹਿ ਦਿੰਦੀ ਹੁੰਦੀ ਸੀ, "ਹੁਣ ਮੈਂ 'ਗੁੱਗੂ ਕਲਚਰ' ਕਦੋਂ ਦਾ ਛੱਡ ਚੁੱਕੀ ਹਾਂ, ਜਿਸ ਕਰ ਕੇ ਮੇਰੇ ਨਾਲ਼, 'ਗੁੱਗੂ' ਨਹੀਂ, 'ਸੰਨੀ ਹੌਂਡਾ' ਸਮਝ ਕੇ ਗੱਲ ਕੀਤੀ ਜਾਵੇ!"

ਇਸ ਸਭ-ਕੁੱਝ ਦੇ ਬਾਵਜੂਦ, ਉਹ ਹਰ ਮਹੀਨੇ ਆਪਣੀ ਮਾਂ ਦੇ ਬੈਂਕ ਦੇ ਖ਼ਾਤੇ ਵਿਚ 'ਖ਼ਰਚੇ-ਵਰਚੇ' ਲਈ ਇਕ ਖ਼ਾਸੀ ਰਕਮ ਜਮ੍ਹਾ ਕਰਾਉਣੀ ਕਦੇ ਨਾ ਭੁੱਲਦੀ।

ਕੁਲਵੰਤ ਕੌਰ ਹੁਣ 'ਪੰਜਾਬਣ ਮਾਂ' ਤਾਂ ਸੀ ਹੀ, ਪਰ ਹੁਣ ਉਹ 'ਸ਼ਰਾਬਣ ਮਾਂ' ਵੀ ਬਣ ਚੁੱਕੀ ਸੀ। ਪਿਛਲੀ ਵਾਰ ਸੰਨੀ ਨਾਲ਼ ਓਸ ਦਾ ਤਕਰਾਰ ਹੋਏ ਨੂੰ, ਤਕਰੀਬਨ ਮਹੀਨਾ ਹੋ ਗਿਆ ਸੀ। ਸੰਨੀ ਵੱਲੋਂ ਭਿਜਵਾਇਆ ਹੋਇਆ ਵਧੀਆ ਰਾਸ਼ਨ ਤੇ ਹੋਰ ਸਾਜ਼ੋ-ਸਾਮਾਨ ਬਾਕਾਇਦਗੀ ਨਾਲ਼ ਘਰ ਵਿਚ ਆਈ ਜਾਂਦਾ ਸੀ, ਪਰ ਸੰਨੀ ਦਾ ਆਉਣ-ਜਾਣ ਬੰਦ ਸੀ। ਇਸ ਦੇ ਬਾਵਜੂਦ ਕੁਲਵੰਤ ਕੌਰ ਦੇ ਮਨ ਵਿਚ ਇਸ ਸੁਆਲ ਨੇ ਆਲ੍ਹਣਾ ਜਿਹਾ ਹੀ ਪਾਇਆ ਹੋਇਆ ਸੀ ਕਿ 'ਗੁੱਗੂ' ਤੋਂ 'ਚੰਨੀ', 'ਚੰਨੀ' ਤੋਂ 'ਸੰਨੀ' ਬਣੀ ਉਸ ਦੀ ਧੀ, ਆਖ਼ਰ ਕਰਦੀ ਕੀ ਹੈ, ਜਿਸ ਤੋਂ ਹੁੰਦੀ ਕਮਾਈ ਨੇ ਉਨ੍ਹਾਂ ਦੇ ਘਰ ਦੀ ਕਾਇਆ ਹੀ ਪਲਟ ਦਿੱਤੀ ਹੈ।

ਇਕ ਦਿਨ ਸਵੇਰੇ ਕੁਲਵੰਤ ਕੌਰ ਨੂੰ ਇਸ ਸੁਆਲ ਨੇ ਬਹੁਤਾ ਹੀ ਸਤਾਉਣਾ ਸ਼ੁਰੂ ਕਰ ਦਿੱਤਾ ਤਾਂ ਉਸ ਨੇ ਰਤਾ ਕੁ 'ਕੈਮ' (ਸ਼ਰਾਬ ਦਾ ਗਲਾਸ ਪੀ ਕੇ 'ਕਾਇਮ') ਹੋ ਕੇ ਆਪਣੇ ਪੁੱਤ ਨੂੰ ਹਾਕ ਮਾਰੀ, "ਵੇ ਸੰਨੀ! ਵੇ ਕਦੇ ਤਾਂ ਨਿੱਕਲ ਆਇਆ ਕਰ ਇਸ 'ਕੱਕੀ' ਦੇ ਅੰਦਰੋਂ! ਵੇ ਕਦੇ ਆਪਣੀ ਮਾਂ ਦੀ ਕੋਈ ਗੱਲ ਵੀ ਸੁਣ ਲਿਆ ਕਰ ਬੂੰਨ੍ਹਿਆਂ!"

"ਬੋਲ ਮੌਮ, ਕੀ ਲਿਆਉਣੈ?" ਸੰਨੀ ਨੇ ਸਟੈਲਾ ਦੇ ਕਮਰੇ ਵਿਚੋਂ ਬਾਹਰ ਆਉਂਦਿਆਂ, ਇਹ ਸਮਝ ਕੇ ਕਿਹਾ ਕਿ ਉਸ ਦੀ ਮਾਂ, ਉਸ ਤੋਂ ਕੁੱਝ ਨਾ ਕੁੱਝ ਮੰਗਾਉਣ ਲਈ ਹੀ ਉਸ ਨੂੰ ਹਾਕ ਮਾਰਿਆ ਕਰਦੀ ਹੈ।

"ਲਿਆਉਣੈ, ਆਪਣੀ ਮਾਂ ਦਾ ਸਿਰ! ਮੈਨੂੰ ਤੇਰੇ ਨਾਲ਼ ਹੋਰ ਕੋਈ ਕੰਮ ਨਹੀਂ ਪੈ ਸਕਦਾ?"

"ਛੇਤੀ-ਛੇਤੀ ਦੱਸੋ, ਕਰਨਾ ਕੀ ਏ!"

"ਹਰ ਵੇਲ਼ੇ ਘੋੜੇ 'ਤੇ ਸਵਾਰ ਨਾ ਰਿਹਾ ਕਰ, ਬੈਠ ਏਥੇ!"

"ਲਓ ਬਹਿ ਗਿਆ, ਹੁਣ ਬੋਲੋ," ਸੰਨੀ ਨੇ ਮਾਂ ਦੀ ਕੁਰਸੀ ਦੇ ਨੇੜੇ ਪਈ ਕੁਰਸੀ ਰਤਾ ਪਰ੍ਹਾਂ ਕਰ ਕੇ, ਉਸ ਉੱਤੇ ਬੈਠਦਿਆਂ ਕਿਹਾ।

"ਪੁੱਤ ਸੁਹਣਿਆ! ਕਈ ਦਿਨ ਹੋ ਗਏ, ਤੇਰੀ ਭੈਣ ਘਰ ਨਹੀਂ ਆਈ। ਤੂੰ ਉਸ ਦਾ ਕੁਸ ਪਤਾ ਤਾਂ ਕਰ ਪਈ ਉਹ ਕੀ ਕਰਦੀ, ਕੀ ਕਮਾਉਂਦੀ ਏ।" ਕੁਲਵੰਤ ਕੌਰ ਨੇ ਮਾਂ ਬਣਨ ਵਿਚ ਕੋਈ ਵੀ ਕਸਰ ਨਾ ਛੱਡਦਿਆਂ ਕਿਹਾ।

"ਨਾ, ਮੈਂ ਪਤਾ ਨਹੀਂ ਕਰਨਾ!" ਸੰਨੀ ਨੇ ਕੋਰਾ ਜੁਆਬ ਦੇ ਦਿੱਤਾ।

"ਵੇ ਤੇਰੀ ਭੈਣ ਏ, ਆਪਾਂ ਉਸ ਦਾ ਦਿੱਤਾ ਹੀ ਸਭ ਕੁਸ ਖਾਨੇਂ-ਹੰਢਾਨੇਂ ਆਂ। ਤੂੰ ਕਹਿਨਾਂ ਪਈ ਮੈਂ ਪਤਾ ਵੀ ਨਹੀਂ ਕਰਨਾ।"

"ਕਿਉਂ ਕਿ ਮੈਨੂੰ ਪਹਿਲਾਂ ਹੀ ਸਭ ਪਤਾ ਏ ਮੌਮ!"

"ਵੇ ਕੀ ਪਤੈ ਤੈਨੂੰ, ਮੈਨੂੰ ਵੀ ਕੁਸ ਪਤਾ ਲੱਗੇ?" ਕੁਲਵੰਤ ਕੌਰ ਪੂਰੀ ਹੀ ਕੰਨ ਬਣੀ ਬੈਠੀ ਸੀ।

"ਉਹ 'ਪੌਰਨ ਫ਼ਿਲਮਾਂ' ਦੀ ਹੀਰੋਇਨ ਬਣ ਗਈ ਏ ਤੇ...।"

"ਠਹਿਰ-ਠਹਿਰ, ਇਹ 'ਪੌਰਨ ਫ਼ਿਲਮਾਂ' ਓਹੀ ਨਹੀਂ ਹੁੰਦੀਆਂ...?" ਸੰਨੀ ਦੀ ਗੱਲ ਟੋਕ ਕੇ ਕੁਲਵੰਤ ਕੌਰ ਬੋਲੀ ਸੀ, ਪਰ ਇਸ ਤੋਂ ਪਹਿਲਾਂ ਕਿ ਉਹ, ਉਸ ਅੱਗੇ ਕੁੱਝ 'ਨੰਗ-ਧੜੰਗ' ਬੋਲੇ, ਸੰਨੀ ਨੇ ਉਸ ਨੂੰ ਟੋਕ ਦਿਤਾ ਸੀ।

"ਓਹੀ ਮੌਮ, ਓਹੀ! ਜਿਨ੍ਹਾਂ ਨੂੰ 'ਬਲੂ ਫ਼ਿਲਮਾਂ' ਜਾਂ 'ਨਿਊਡ ਫ਼ਿਲਮਾਂ' ਵੀ ਕਹਿੰਦੇ ਨੇ।"

"ਕਹਿੰਦੇ ਨੇ, ਤੈਨੂੰ ਬੜਾ ਪਤੈ! ਤੂੰ ਵੀ ਕਿਤੇ ਉਸ ਸਟੈਲਾ ਨਿਖੱਤੀ ਨਾਲ਼...।"

"ਓ ਮੌਮ! ਜਿਹੜੀ ਗੱਲ ਕਰਿਆ ਕਰਦੇ ਹੋ, ਪਹਿਲਾਂ ਉਹੀ ਨਿਬੇੜ ਲਿਆ ਕਰੋ। ਚੱਲ ਪੈਂਦੇ ਆ, ਹੋਰ ਹੀ ਪਾਸੇ ਨੂੰ।"

"ਆਹੋ! ਮਾਪੇ ਤਾਂ ਹੁਣ ਪਾਗਲ ਈ ਹੋ ਗਏ, ਤੁਹਾਨੂੰ ਜੁ ਜੰਮ ਬੈਠੇ ਰਾਹੇ ਪਾਉਣ ਆਲ਼ਿਆਂ ਨੂੰ। ਵੇ, ਬਹੁਤੀਆਂ ਜਾਨਣ ਆਲ਼ਿਆ, ਉਹਨੂੰ 'ਕੱਪੜੇ ਪਾ ਕੇ ਕਰਨ ਆਲ਼ਾ' ਕੋਈ ਕੰਮ ਨਾ ਲੱਭਿਆ?"

"ਮੈਨੂੰ ਕਿਉਂ ਪੁੱਛਦੀ ਏਂ ਮੌਮ? ਜਦੋਂ ਆਊਗੀ ਤਾਂ ਪੁੱਛ ਲਈਂ। ਤੂੰ ਸਾਰਾ-ਸਾਰਾ ਦਿਨ ਗਲਾਸ ਚੜ੍ਹਾ-ਚੜ੍ਹਾ ਕੇ ਬੈੱਡ ਨਹੀਂ ਛੱਡਦੀ, ਡੈਡ ਸਾਰਾ-ਸਾਰਾ ਦਿਨ ਤਾਸ਼ ਕੁੱਟਣ ਆਲ਼ਿਆਂ ਦਾ ਅਡਵਾਈਜ਼ਰ ਬਣਿਆ ਰਹਿੰਦੈ ਤਾਂ ਇਹੋ ਕੁੱਛ ਈ ਹੋਣਾ ਸੀ ਨਾ।" ਪੁੱਤ ਦੀ ਇਸ ਗੱਲ ਨੇ ਕਲਵੰਤ ਕੌਰ ਦੀਆਂ ਸਾਰੀਆਂ ਕਲਾਂ ਢਾਹ ਸੁੱਟੀਆਂ ਸਨ ਤੇ ਉਹ ਫੈਮਿਲੀ ਰੂਮ 'ਚੋਂ ਉੱਠ ਕੇ ਆਪਣੇ ਬੈੱਡਰੂਮ ਦੀ ਕਲੌਜ਼ਿਟ ਅੰਦਰ ਜਾ ਵੜੀ। ਕਲੌਜ਼ਿਟ ਅੰਦਰੋਂ ਕੱਚ ਦੇ ਗਲਾਸ ਅਤੇ ਬੋਤਲ ਦਾ ਖੜਾਕ ਹੁੰਦਾ ਸੁਣ ਰਿਹਾ ਸੀ।

***ਸੁਣਨ ਵਿਚ ਇਹ ਵੀ ਆਇਆ ਹੈ ਕਿ ਜਦੋਂ ਸੰਨੀ ਹੌਂਡਾ, ਚੰਨੀ ਹੌਂਡਾ ਸੀ ਤੇ ਬੇਕਰੀ ਅਤੇ ਟੈਕਸ ਫਰਮ ਵਿਚ ਕੰਮ ਕਰਦੀ ਹੁੰਦੀ ਸੀ, ਉਹ 'ਨਰਸਿੰਗ' ਦੀ ਪੜ੍ਹਾਈ ਵੀ ਕਰਦੀ ਹੁੰਦੀ ਸੀ। ਉਦੋਂ ਹੀ, ਉਸ ਦੀ ਇਕ ਹਮਜਮਾਤਣ, ਜੋ ਆਪ ਬਹੁਤ ਵਧੀਆ ਨਰਤਕੀ ਸੀ, ਨੇ ਉਸ ਦੀ ਮੁਲਾਕਾਤ ਜੌਹਨ ਸਟੀਵਨਜ਼ ਨਾਂ ਦੇ ਇਕ 'ਬਿਜ਼ਨੈੱਸ ਏਜੈਂਟ' ਨਾਲ਼ ਕਰਾਈ ਸੀ। ਉਸ ਏਜੈਂਟ ਨੇ ਸੰਨੀ ਨੂੰ 'ਪੈਂਟਹਾਊਸ' (ਛੱਜੂ ਦਾ ਚੁਬਾਰਾ) ਨਾਂ ਦੇ ਮੈਗਜ਼ੀਨ ਵਿਚ ਫ਼ੋਟੋਗ੍ਰਾਫ਼ਰ ਵਜੋਂ ਕੰਮ ਕਰਦੇ ਜੇਅ ਐਲਨ ਨਾਲ਼ ਮਿਲਾਇਆ। ਅਸਲ ਵਿਚ ਉੱਥੋਂ ਹੀ 'ਚੰਨੀ' ਨੂੰ 'ਸੰਨੀ' ਬਣਾਉਣ ਦਾ ਦੌਰ ਆਰੰਭ ਹੋਇਆ।***

ਉਸ ਦਿਨ ਤੋਂ ਮਗਰੋਂ, ਉਸ ਘਰ ਵਿਚ 'ਸੰਨੀ ਹੌਂਡਾ ਦੇ ਕੰਮ' ਦੇ ਸਬੰਧ ਵਿਚ ਕੋਈ ਚਰਚਾ ਨਾ ਛਿੜੀ। ਲੱਗਦਾ ਸੀ ਕਿ ਉਸ ਦੇ ਮਾਂ-ਬਾਪ ਨੇ 'ਉਸ ਦੇ ਕੰਮ' ਅੱਗੇ ਗੋਡੇ ਟੇਕ ਦਿੱਤੇ ਸਨ।

---

ਦਾਨਿਸ਼ ਨੂੰ ਚੇਤਾ ਆਇਆ ਕਿ ਸੰਨੀ ਨੇ ਆਪਣੇ ਇੰਟਰਵਿਊ ਵਿਚ ਵੀ ਇਕ ਸੁਆਲ ਦੇ ਜੁਆਬ ਵਿਚ ਇਹ ਕਿਹਾ ਸੀ ਕਿ ਅਮਰੀਕਾ ਵਿਚ ਉਸ ਦੇ ਘਰ ਅੰਦਰ, ਕਿਸੇ ਵੀ ਨੰਗੇਜ ਭਰੀ ਫ਼ਿਲਮ ਦੀ ਡੀ.ਵੀ.ਡੀ. ਨਹੀਂ ਸੀ ਤੇ ਘਰ ਦੇ ਕਿਸੇ ਵੀ ਜੀਅ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਉਹ 'ਰੋਟੀ-ਰੋਜ਼ੀ' ਖ਼ਾਤਰ ਕੀ ਕਰਦੀ ਹੈ। ਇਸ ਦੇ ਨਾਲ਼ ਹੀ ਉਸ ਨੇ ਇਹ ਵੀ ਕਿਹਾ ਸੀ ਕਿ ਉਸ ਨੂੰ ਆਪਣੇ 'ਕੰਮ-ਧੰਦੇ' ਬਾਰੇ ਕੋਈ ਪਛਤਾਵਾ ਨਹੀਂ ਹੈ ਤੇ ਉਹ, ਜਿਹੋ-ਜਿਹੀ ਵੀ ਹੈ, ਉਸ ਨੂੰ ਉਹੋ-ਜਿਹੀ ਹੋਣਾ-ਰਹਿਣਾ ਹੀ ਪ੍ਰਵਾਨ ਹੈ। ਉਹ ਮੰਨਦੀ ਸੀ ਕਿ ਉਸ ਦਾ ਪਾਲਣ-ਪੋਸ਼ਣ ਕੁੱਝ ਇਸ ਤਰੀਕੇ ਨਾਲ਼ ਹੀ ਹੋਇਆ ਸੀ।

ਦਾਨਿਸ਼ ਨੇ ਇੰਟਰਨੈੱਟ ਤੋਂ 'ਸਰਚ-ਰਿਸਰਚ' ਕਰਨ ਦੌਰਾਨ ਹੀ ਕਿਤੇ ਪੜ੍ਹਿਆ ਸੀ ਕਿ ਪੰਜ-ਛੇ ਸਾਲਾਂ ਦੀ ਉਮਰ ਵਿਚ, ਇਕ ਵਾਰ ਸੰਨੀ ਨੂੰ ਉਸ ਦਾ ਬਾਪ 'ਬੀਚ' (ਸਮੁੰਦਰ ਦੇ ਕੰਢੇ) ਲੈ ਕੇ ਗਿਆ ਸੀ। ਉੱਥੇ ਲੋਕੀ 'ਨੰਗੇ-ਧੜੰਗੇ' ਹੋ ਕੇ ਤਾਰੀਆਂ ਤੇ ਟੁੱਭ-ਗੜੁੱਬੀਆਂ ਲਾ ਰਹੇ ਸਨ। ਕਿਸੇ ਨੂੰ ਵੀ, ਕਿਸੇ ਹੋਰ ਬਾਰੇ ਕੋਈ ਚਿੰਤਾ ਨਹੀਂ ਸੀ, ਸਾਰੇ ਆਪੋ-ਆਪਣੇ ਸਾਥੀਆਂ/ਸਾਥਣਾਂ ਨਾਲ਼ ਮਸਤ ਸਨ। ਉਸ ਨੂੰ ਪਹਿਲੀ ਵਾਰੀ, ਜ਼ਿੰਦਗੀ ਬਾਰੇ ਇਸ ਤਰ੍ਹਾਂ ਦਾ ਖੁੱਲ੍ਹਾ-ਡੁੱਲ੍ਹਾ ਅਹਿਸਾਸ ਹੋਇਆ ਸੀ। ਉਸ ਨੇ ਰਤਾ ਕੁ ਵੱਡੀ ਹੋ ਜਾਣ 'ਤੇ ਮਾਡਲ ਬਣਨ ਦਾ ਸੁਪਨਾ ਲਿਆ ਸੀ। ਉਹ ਇਕ 'ਦਰਸ਼ਨੀ ਮਾਡਲ' ਬਣ ਵੀ ਗਈ ਸੀ। ਅਸਲ ਵਿਚ ਸੰਨੀ ਰਤਾ ਵੱਡੇ ਸਮੁੰਦਰ ਵਿਚ ਤਰਨਾ ਲੋਚਦੀ ਸੀ।

ਫਿਰ ਕਿਸੇ ਕੰਪਨੀ ਨੇ ਉਸ ਨੂੰ ਬਹੁਤ ਸਾਰਾ 'ਮਿਹਨਤਾਨਾ' ਦੇਣ ਦੀ ਪੇਸ਼ਕਸ਼ ਕਰਦਿਆਂ, ਮਾਡਲਿੰਗ ਦੇ ਸਬੰਧ ਵਿਚ ਇਕ 'ਸ਼ਰਤ' ਲਾ ਦਿੱਤੀ। ਸ਼ਰਤ ਇਹ ਸੀ ਕਿ ਉਨ੍ਹਾਂ ਦੀ ਮਾਡਲਿੰਗ ਦੀ ਅਸਾਈਨਮੈਂਟ ਲਈ ਸੰਨੀ ਕੈਮਰੇ ਦਾ ਸਾਹਮਣਾ 'ਨੰਗੇ ਧੜ' ਕਰੇਗੀ। ਸੰਨੀ ਨੇ ਇਸ 'ਕੰਮ' ਲਈ ਦਿੱਤੀ ਗਈ 'ਸਾਈ' ਫੜ ਲਈ। ਇਹ 'ਕੰਮ' ਕਰਨ ਲਈ ਲਾਹੇ ਹੋਏ ਕੱਪੜੇ, ਉਸ ਨੇ ਫਿਰ ਕਈ ਫ਼ਿਲਮਾਂ ਵਿਚ ਵੀ ਨਾ ਪਾਏ। ਇਕ ਤਰ੍ਹਾਂ ਕੱਪੜਿਆਂ ਅਤੇ ਪੋਸ਼ਾਕਾਂ ਉੱਤੇ ਹੋਣ ਵਾਲ਼ਾ ਉਸ ਦਾ ਬਹੁਤ ਸਾਰਾ ਖ਼ਰਚਾ ਬਚਣ ਲੱਗਿਆ, ਕਿਉਂ ਕਿ ਉਸ ਨੇ ਬਹੁਤ ਸਾਰਾ 'ਕੰਮ' ਕੱਪੜੇ ਪਾਉਣੋਂ ਬਗ਼ੈਰ ਹੀ ਕੀਤਾ।

ਇਕ ਸਮਾਂ ਇਹੋ-ਜਿਹਾ ਵੀ ਆਇਆ ਜਦੋਂ 'ਚੋਟੀ ਦੇ ਸੌ ਪੋਰਨ ਸਟਾਰਜ਼' ਵਿਚ ਸੰਨੀ ਹੌਂਡਾ ਵੀ ਸ਼ਾਮਲ ਸੀ। ਇਸ ਤੋਂ ਮਗਰੋਂ ਚੰਨੀ ਨੂੰ ਧਰਤੀ ਭੀੜੀ-ਭੀੜੀ ਤੇ ਅੰਬਰ ਨੀਵਾਂ-ਨੀਵਾਂ ਲੱਗਣ ਲੱਗਿਆ। ਉਸ ਦੇ ਮਾਪਿਆਂ ਨੇ ਬੜੀ ਵਾਰੀ ਉਸ ਦੇ ਤਰਲੇ ਕੱਢੇ ਕਿ ਉਹ 'ਕਦੇ ਤਾਂ ਕੱਪੜੇ ਪਾ ਲਿਆ ਕਰੇ, ਕਦੇ ਤਾਂ ਇਹ ਯਾਦ ਕਰ ਲਿਆ ਕਰੇ ਕਿ ਉਹ ਕਿਸੇ ਦੀ ਧੀ ਹੈ।' ਸੰਨੀ ਹੌਂਡਾ ਨੇ ਆਪਣੇ ਮਾਪਿਆਂ ਨੂੰ ਸੌ ਨਾਲ਼ ਦਾ ਇਕ ਜੁਆਬ ਸੁਣਾ ਦਿੱਤਾ ਸੀ, ਜੋ ਇਸ ਤਰ੍ਹਾਂ ਸੀ, "ਇਹ ਮੇਰਾ ਕੰਮ ਏ ਤੇ ਮੇਰਾ ਕੰਮ ਹੀ ਮੇਰੀ ਜ਼ਿੰਦਗੀ ਏ।"

ਉਹ 'ਪੌਰਨ ਸਟਾਰ' ਤਾਂ ਬਣ ਹੀ ਗਈ ਸੀ, ਪਰ ਉਸ ਨੇ ਨੰਗੇਜ ਭਰੀਆਂ ਫ਼ਿਲਮਾਂ ਵਿਚ ਇਸ ਤਰ੍ਹਾਂ ਦਾ ਕੰਮ ਵੀ ਕੀਤਾ ਕਿ ਇਸ ਇੰਡਸਟਰੀ ਨੇ ਉਸ ਨੂੰ 'ਗ੍ਰਾਮੋਫੋਨ ਰਿਕਾਰਡ' ਕਹਿਣਾ ਸ਼ੁਰੂ ਕਰ ਦਿੱਤਾ।

ਸੁਣਨ ਵਿਚ ਇਹ ਵੀ ਆਇਆ ਹੈ ਕਿ ਜਦੋਂ ਸੰਨੀ ਹੌਂਡਾ, ਚੰਨੀ ਹੌਂਡਾ ਸੀ ਤੇ ਬੇਕਰੀ ਅਤੇ ਟੈਕਸ ਫਰਮ ਵਿਚ ਕੰਮ ਕਰਦੀ ਹੁੰਦੀ ਸੀ, ਉਹ 'ਨਰਸਿੰਗ' ਦੀ ਪੜ੍ਹਾਈ ਵੀ ਕਰਦੀ ਹੁੰਦੀ ਸੀ। ਉਦੋਂ ਹੀ, ਉਸ ਦੀ ਇਕ ਹਮਜਮਾਤਣ, ਜੋ ਆਪ ਬਹੁਤ ਵਧੀਆ ਨਰਤਕੀ ਸੀ, ਨੇ ਉਸ ਦੀ ਮੁਲਾਕਾਤ ਜੌਹਨ ਸਟੀਵਨਜ਼ ਨਾਂ ਦੇ ਇਕ 'ਬਿਜ਼ਨੈੱਸ ਏਜੈਂਟ' ਨਾਲ਼ ਕਰਾਈ ਸੀ। ਉਸ ਏਜੈਂਟ ਨੇ ਸੰਨੀ ਨੂੰ 'ਪੈਂਟਹਾਊਸ' (ਛੱਜੂ ਦਾ ਚੁਬਾਰਾ) ਨਾਂ ਦੇ ਮੈਗਜ਼ੀਨ ਵਿਚ ਫੋਟੋਗ੍ਰਾਫ਼ਰ ਵਜੋਂ ਕੰਮ ਕਰਦੇ ਜੇਅ ਐਲਨ ਨਾਲ਼ ਮਿਲਾਇਆ। ਅਸਲ ਵਿਚ ਉੱਥੋਂ ਹੀ 'ਚੰਨੀ' ਨੂੰ 'ਸੰਨੀ' ਬਣਾਉਣ ਦਾ ਦੌਰ ਆਰੰਭ ਹੋਇਆ।

'ਪੈਂਟਹਾਊਸ' ਦੇ ਮਾਲਕ ਰਹੇ, 'ਬੌਬ ਗੁਸੀਓਨੇ' ਨੇ ਹੀ ਉਸ ਦਾ ਨਵਾਂ ਨਾਮਕਰਨ ਕੀਤਾ ਸੀ। ਸੰਨੀ ਦੀ ਸ਼ੁਰੂਆਤ, ਉਸ ਮੈਗਜ਼ੀਨ ਲਈ ਤਸਵੀਰਾਂ ਖਿਚਾਉਣ ਤੋਂ ਹੋਈ ਸੀ। 'ਕੱਪੜਿਆਂ ਤੋਂ ਬਾਹਰ' ਹੋ ਕੇ ਸੰਨੀ ਵੱਲੋਂ ਖਿਚਾਈਆਂ ਤਸਵੀਰਾਂ ਨੇ ਸੰਨੀ ਦਾ ਪਿੰਡਾ, ਲੋਕਾਂ ਦੀਆਂ ਬੁੱਕਲਾਂ ਤਕ ਪਹੁੰਚਾ ਦਿੱਤਾ। ਇਨ੍ਹਾਂ ਤਸਵੀਰਾਂ ਦੀ ਵਜ੍ਹਾ ਨਾਲ਼ ਹੀ 2001 ਵਿਚ ਵੀਹ ਸਾਲਾਂ ਦੀ ਉਮਰ ਵਿਚ ਸੰਨੀ 'ਪੈਂਟਹਾਊਸ ਦੀ ਪੈੱਟ' ਯਾਨੀ ਇਸ ਮੈਗਜ਼ੀਨ ਦੀ 'ਖ਼ਾਸੋ-ਖ਼ਾਸ ਨੱਢੀ' ਚੁਣੀ ਗਈ ਤੇ ਉਸ ਦੇ ਪਿੰਡੇ ਦੀਆਂ ਚੋਣਵੀਆਂ ਤਸਵੀਰਾਂ ਉਸ ਮੈਗਜ਼ੀਨ ਦੇ ਮੁੱਖ ਪੰਨੇ ਉੱਤੇ ਛਾਪੀਆਂ ਗਈਆਂ। ਇਹੋ ਉਹ ਸਮਾਂ ਸੀ, ਜਦੋਂ 'ਹਾਂਡਿਆਂ' ਦੇ ਵਾਕਫ਼ਾਂ ਨੇ ਵਧ-ਚੜ੍ਹ ਕੇ 'ਪੈਂਟਹਾਊਸ' ਦੀਆਂ ਕਈ-ਕਈ ਕਾਪੀਆਂ ਖਰੀਦੀਆਂ ਸਨ। ਚਸਕਾ ਲੈਣ ਵਾਲਿਆਂ ਨੇ ਸੰਨੀ ਦੇ ਭਰਾ ਨੂੰ ਹੀ ਘੁੱਟ-ਘੁੱਟ ਜੱਫੀਆਂ ਪਾਈਆਂ ਸਨ ਤੇ ਕਈਆਂ ਨੇ ਉਸ ਨਾਲ਼ ਫੋਟੋ ਵੀ ਖਿਚਾਈਆਂ ਸਨ। ਕਈ ਛੜੇ ਕਿਸਮ ਦੇ ਭਾਰਤੀ ਬੰਦੇ, ਸੰਨੀ ਦੇ ਭਰਾ ਵੱਲ ਦੇਖ-ਦੇਖ ਵੀ ਲਾਲ਼ਾਂ ਸੁੱਟਦੇ ਦਿਸੇ। 2003 ਵਿਚ ਸੰਨੀ ਨੂੰ ਨਾ ਸਿਰਫ਼ 'ਪੈਂਟਹਾਊਸ ਪੈੱਟ ਆਫ ਦ ਯੀਅਰ' ਯਾਨੀ '2003 ਵਿਚ ਸਾਲ ਭਰ ਲਈ ਪੈਂਟਹਾਊਸ ਦੀ ਖ਼ਾਸੋ-ਖ਼ਾਸ ਨੱਢੀ' ਐਲਾਨਿਆ ਗਿਆ, ਸਗੋਂ ਉਸ ਨੂੰ 'ਪੈਂਟਹਾਊਸ ਪੈੱਟਸ ਇਨ ਪੈਰਾਡਾਈਜ਼' ਨਾਂ ਦੀ ਵੀਡੀਓ ਵਿਚ ਵੀ ਸਟਾਰ ਵਜੋਂ ਸ਼ਾਮਲ ਕੀਤਾ ਗਿਆ।

ਸੰਨੀ ਦੇ ਮਾਪੇ ਵੀ ਆਪਣੀ ਧੀ ਨੂੰ ਦੇਖਣ ਖ਼ਾਤਰ, ਉਸ ਦੀਆਂ 'ਡੀ.ਵੀ.ਡੀਜ਼' ਦੇ ਗਾਹਕ ਬਣਨ ਲਈ ਮਜਬੂਰ ਹੋ ਗਏ।

***⇒ ਬਾਕੀ ਅਗਲੇ ਅੰਕ ਵਿੱਚ***


5RIVERS ENTERTAINMENT
Proudly Presents
Chief Guest
Darshan Singh Dhaliwal
Platinum Sponsors
Lakhbir Dhindsa
Amarjit Dhindsa
ਪੰਜਾਬੀ ਵਿਰਸਾ
PUNJABI VIRSA 2025
LIVE IN CHICAGO
SCAN QR Code below to get tickets
TICKETS: VVIP, VIP, $100, $80,$50
SATURDAY
MAY 10, 2025
@ 06:30 PM
VENUE:
Des Plaines Theatre
1476 Miner St,
Des Plaines, IL 60016
CONTACT:
AMRITPAL MANGAT +1 847-656-6375
INDER VIRK +1 630-606-6711
HARBIR VIRK +1 847-942-9046
JIGERDEEP DHILLON +1 630-822-5490
Gold Sponsors
Harjinder Singh Jindi
Gurwinder Babbu Appleton
Bhupinder S. Dhaliwal
Gulzar S. Multani
Parminder S. Walia
Yadwinder Khatra
Dharminder Khatra
Satwinder Satta
Jagga Bajwa
Jaskarn Dhaliwal
Gurinderjit S. Grewal
Raja Talhan
Silver Sponsors
Paul Khalil
Happy Heer
Dr. Harjinder S. Khaira
Lucky Sahota
Ramandeep Singh Grewal
Bowling Green Logistics Inc.
• Buy • Sell • Invest
COLDWELL BANKER REALTY
PRADEEP SINGH
REALTOR
(15 years of Experiencee)
847-322-5832
ishowhomes@yahoo.com
Mortgage Loans
Residential & Commercial
(Licensed Mortgage Originator)
» Call: Amrik P. Singh
Serving Community from Last 14 Years
312-608-0006
BARTLETT LIQUORS
Punjabi American Youth Club of Indiana
Sher-e-Punjab Sports & Cultural Club, Chicago